SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ
# ਦੇਸ਼ ਦੁਆਬਾ
VOL -10 ISSUE - 18
August 11, 2021
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

# ਮੈਡਲ ਜਿੱਤ ਕੇ ਪਰਤੇ ਖਿਡਾਰੀਆਂ ਦਾ ਹੋਇਆ ਜ਼ੋਰਦਾਰ ਸਵਾਗਤ

## ਮੈਡਲ ਜਿੱਤਣ 'ਚ ਅਮਰੀਕਾ ਦੀ ਸਰਦਾਰੀ, ਚੀਨ ਦੂਜੇ ਅਤੇ ਜਾਪਾਨ ਤੀਜੇ ਸਥਾਨ 'ਤੇ










**ਅੰਮ੍ਰਿਤਸਰ (ਬਿਊਰੋ)–** ਟੋਕੀਓ ਓਲੰਪਿਕ ਵਿਚ ਬਿਹਤਰੀਨ ਪ੍ਰਦਰਸ਼ਨ ਕਰ ਕੇ ਵਾਪਸ ਆਏ ਹਾਕੀ ਖਿਡਾਰੀਆਂ ਦਾ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਏਅਰਪੋਰਟ ਉੱਤੇ ਢੋਲ ਵਜਾ ਕੇ ਜ਼ੋਰਦਾਰ ਸਵਾਗਤ ਕੀਤਾ ਗਿਆ। ਅੰਮ੍ਰਿਤਸਰ ਏਅਰਪੋਰਟ ਉੱਤੇ ਪੁੱਜੇ ਖਿਡਾਰੀਆਂ ਵਿੱਚ ਸ਼ਮਸ਼ੇਰ ਸਿੰਘ, ਮਨਪ੍ਰੀਤ ਸਿੰਘ, ਹਰਮਨਪ੍ਰੀਤ ਸਿੰਘ, ਰੁਪਿੰਦਰਪਾਲ ਸਿੰਘ, ਮਨਦੀਪ ਸਿੰਘ, ਵਰੁਣ ਕੁਮਾਰ, ਦਿਲਪ੍ਰੀਤ ਸਿੰਘ, ਗੁਰਜੰਟ ਸਿੰਘ, ਹਾਰਦਿਕ ਸਿੰਘ, ਕ੍ਰਿਸ਼ਨ ਸਿਮਰਨਜੀਤ ਸਿੰਘ, ਗੁਰਜੀਤ ਕੌਰ ਆਦਿ ਸ਼ਾਮਲ ਸਨ। ਇਸ ਤੋਂ ਬਾਅਦ ਖਿਡਾਰੀ ਸ੍ਰੀ ਹਰਿਮੰਦਰ ਸਾਹਿਬ ਦਰਸ਼ਨ ਕਰਨ ਪੁੱਜੇ। ਭਾਰਤੀ ਹਾਕੀ ਟੀਮ ਦੇ ਖਿਡਾਰੀਆਂ ਵਿਚ ਕੈਪਟਨ ਮਨਪ੍ਰੀਤ ਸਿੰਘ ਸਮੇਤ ਹੋਰ ਪੰਜਾਬ ਦੇ ਹਾਕੀ ਖਿਡਾਰੀ ਹਰਮਨਪ੍ਰੀਤ ਸਿੰਘ (ਵਾਸੀ ਪਿੰਡ ਤਿੰਮੋਵਾਲ), ਦਿਲਪ੍ਰੀਤ ਸਿੰਘ ਵਾਸੀ ਬੁਤਾਲਾ, ਗੁਰਜੰਟ ਸਿੰਘ ਵਾਸੀ ਪਿੰਡ ਖਲਿਹਰਾ, ਸ਼ਮਸ਼ੇਰ ਸਿੰਘ (ਪਿੰਡ ਅਟਾਰੀ) ਤੋਂ ਇਲਾਵਾ ਜ਼ਿਲ੍ਹਾ ਗੁਰਦਾਸਪੁਰ ਨਾਲ ਸਬੰਧਿਤ ਦੋ ਖਿਡਾਰੀ ਸਿਮਰਨਜੀਤ ਸਿੰਘ ਵਾਸੀ ਚਾਹਲ ਕਲਾਂ ਤੇ ਹਾਰਦਿਕ ਸਿੰਘ ਵਾਸੀ ਬਟਾਲਾ, ਜ਼ਿਲ੍ਹਾ ਜਲੰਧਰ ਨਾਲ ਸਬੰਧਿਤ ਮਨਦੀਪ ਸਿੰਘ ਤੇ ਵਰੁਣ ਕੁਮਾਰ ਅਤੇ ਫ਼ਰੀਦਕੋਟ ਨਿਵਾਸੀ ਰੁਪਿੰਦਰਪਾਲ ਸਿੰਘ ਅਤੇ ਭਾਰਤੀ ਮਹਿਲਾ ਹਾਕੀ ਟੀਮ ਦੀ ਖਿਡਾਰਨ ਗੁਰਜੀਤ ਕੌਰ ਮਿਆਦੀਆਂ ਕਲਾਂ ਸ਼ਾਮਿਲ ਸਨ।

**ਓਲੰਪਿਕ ਖਿਡਾਰੀ ਬਣਨਗੇ ਲਾਲ ਕਿਲ੍ਹੇ 'ਚ ਖ਼ਾਸ ਮਹਿਮਾਨ**

ਇਸ ਵਾਰ ਆਜ਼ਾਦੀ ਦਿਵਸ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਓਲੰਪਿਕ ਖੇਡਾਂ 'ਚ ਹਿੱਸਾ ਲੈਣ ਵਾਲੇ ਖਿਡਾਰੀਆਂ ਦੀ ਟੀਮ ਨੂੰ ਵੀ ਸੱਦਾ ਦੇਣਗੇ। ਪ੍ਰਾਪਤ ਜਾਣਕਾਰੀ ਅਨੁਸਾਰ 15 ਅਗਸਤ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਸ਼ੇਸ਼ ਮਹਿਮਾਨ ਵਜੋਂ ਲਾਲ ਕਿਲ੍ਹੇ ਵਿਚ ਸਮੁੱਚੀ ਭਾਰਤੀ ਓਲੰਪਿਕ ਟੀਮ ਨੂੰ ਸੱਦਾ ਦੇਣਗੇ। ਇਸ ਤੋਂ ਇਲਾਵਾ, ਪ੍ਰਧਾਨ ਮੰਤਰੀ ਲਾਲ ਕਿਲ੍ਹੇ 'ਤੇ ਨਿੱਜੀ ਤੌਰ 'ਤੇ ਹਰੇਕ ਖਿਡਾਰੀ ਨਾਲ ਮੁਲਾਕਾਤ ਅਤੇ ਗੱਲਬਾਤ ਕਰਨਗੇ। ਇਸ ਤੋਂ ਪਹਿਲਾਂ ਮੰਗਲਵਾਰ ਨੂੰ ਭਾਰਤੀ ਪੁਰਸ਼ ਹਾਕੀ ਟੀਮ ਦੇ ਪ੍ਰਦਰਸ਼ਨ 'ਤੇ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਹਾਰ ਅਤੇ ਜਿੱਤ ਜ਼ਿੰਦਗੀ ਦਾ ਹਿੱਸਾ ਹਨ, ਟੀਮ ਨੂੰ ਭਵਿੱਖ ਲਈ ਸ਼ੁਭਕਾਮਨਾਵਾਂ ਦਿੰਦਿਆਂ ਉਨ੍ਹਾਂ ਕਿਹਾ ਕਿ ਭਾਰਤੀ ਟੀਮ ਨੇ ਆਪਣਾ ਸਰਬੋਤਮ ਪ੍ਰਦਰਸ਼ਨ ਦਿੱਤਾ ਹੈ ਅਤੇ ਇਹ ਬਹੁਤ ਮਹੱਤਵਪੂਰਨ ਹੈ। ਜਿਕਰਯੋਗ ਹੈ ਕਿ ਭਾਰਤੀ ਪੁਰਸ਼ ਹਾਕੀ ਟੀਮ ਪਿਛਲੇ 11 ਮਿੰਟਾਂ ਵਿਚ 3 ਗੋਲ ਗੁਆਉਣ ਤੋਂ ਬਾਅਦ ਟੋਕੀਓ ਓਲੰਪਿਕ ਖੇਡਾਂ ਦੇ ਸੈਮੀਫਾਈਨਲ ਵਿਚ ਵਿਸ਼ਵ ਚੈਂਪੀਅਨ ਬੈਲਜੀਅਮ ਤੋਂ 2-5 ਨਾਲ ਹਾਰ ਗਈ। ਪਰ ਭਾਰਤੀ ਟੀਮ ਦੇ ਸ਼ਾਨਦਾਰ ਪ੍ਰਦਰਸ਼ਨ ਨੇ ਸਾਰੇ ਭਾਰਤੀਆਂ ਦਾ ਦਿਲ ਜਿੱਤ ਲਿਆ।

**ਨੀਰਜ ਚੋਪੜਾ ਨੂੰ ਦੇਖਣ ਲਈ ਉਮੜੀ ਭੀੜ**

ਭਾਰਤ ਦੇ ਅਥਲੈਟਿਕਸ 'ਚ ਪਹਿਲਾ ਗੋਲਡ ਮੈਡਲ ਦਿਵਾਉਣ ਵਾਲੇ ਚੈਂਪੀਅਨ ਖਿਡਾਰੀ ਨੀਰਜ ਚੋਪੜਾ ਭਾਰਤ ਪਰਤੇ ਹਨ। ਜਾਪਾਨ ਦੇ ਟੋਕੀਓ 'ਚ ਇਸ ਵਾਰ ਕਰਵਾਈਆਂ

(ਬਾਕੀ ਸਫਾ 5 'ਤੇ)

MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
WE OPEN 7-DAYS A WEEK
MANDEEP SANDHU
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562) msandhu2014@gmail.com

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

THINKING ABOUT BUYING, SELLING, OR INVESTING IN REAL ESTATE? CALL ME!
JOHN SINGH BANGA
916-271-5404
banga.realtor@gmail.com
www.banga.bhhser.com
BERKSHIRE HATHAWAY
TRUST of a professional
CALBRE #01397975
When it comes to Buying, Selling or Investing in real estate, it's important to Trust in a Real Estate Agent who cares about your neighborhood as as much as you do. When you are ready to buy or sell, give me a call.

Indian Grill
Indiangrillsanleandro.com
Pal343@ yahoo.com
510-878-2704, 510-332-1074 Mobile
We do Outdoor & Indoor Catering for all your Events
1600 Washington Ave. San Leandro.CA 94577
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM

# Raja
SWEETS & CATERING



AUTHORIZED CATERER FOR MAJOR 5-STAR HOTELS

**ITEMS SERVING**
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

**CATERING SERVICE**
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

**ADDITIONAL SERVICE**
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on facebook. rajasweetsandcatering
Follow us on Twitter rajasweets



# INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤੁਹਾਡਾ ਆਪਣਾ ਮਨਭਾਉਂਦਾ ਸਟੋਰ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ



ਬਰਿੰਦਰ ਬੈਂਗੜ

Super Eyebrow Threading Now Open
Eyebrow Threading & Henna Tattoo
7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142
Email: IndiaMarketRoseville@gmail.com



# HAPPY BAZAAR

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

CALL US
Ph: (209) 478-0285
Fax: (209) 477-3206

We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com



# Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



ਸੋਹੰ

ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## Guru- Piari Sadh Sangat Ji,

**August 22, 2021**

**Sukhmani Sahib Path and Langar Sewa by Sidhu Family**

Sri Sukhmani Sahib Path and Langar Sewa will be hosted by Bhai Gurdev Singh Sidhu and Ram Parkash Sidhu to celebrate first birthday of their Grandson Gavin Deep Parkash, son of Joey Parkash and Pinky Kumari. May Waheguru bless Gavin Deep Parkash with long and healthy life.

Sangat De Sewadar

| Chairman | President | General Secretary | Treasurer |
|---|---|---|---|
| Jagtar Bhatia | Shinder Paul Narabut | Dharam Pal Chonkria | Vinod Kumar |

# SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਏਸ਼ੀਅਨ ਮੂਲ ਦੇ ਅਮਰੀਕੀਆਂ ਦਾ ਵਫਦ ਰਾਸ਼ਟਰਪਤੀ ਬਾਇਡਨ ਨੂੰ ਮਿਲਿਆ, ਇਮੀਗ੍ਰੇਸ਼ਨ, ਐਚ 1 ਬੀ ਵੀਜ਼ਾ ਤੇ ਵੋਟਿੰਗ ਅਧਿਕਾਰ ਦੇ ਮੁੱਦੇ ਉਠਾਏ

**ਸੈਕਰਾਮੈਂਟੋ 8 ਅਗਸਤ (ਹੁਸਨ ਲੜੋਆ ਬੰਗਾ)**- ਰਾਸ਼ਟਰਪਤੀ ਜੋ ਬਾਇਡਨ ਪ੍ਰਸ਼ਾਸ਼ਨ ਵੱਲੋਂ ਇਕ ਵਿਆਪਕ ਇਮੀਗ੍ਰੇਸ਼ਨ ਬਿੱਲ ਪੇਸ਼ ਕੀਤੇ ਜਾਣ ਦੀ ਸੰਭਾਵਨਾ ਦਰਮਿਆਨ ਏਸ਼ੀਅਨ ਮੂਲ ਦੇ ਅਮਰੀਕੀਆਂ ਦਾ ਇਕ ਵਫਦ ਵਾਈਟ ਹਾਊਸ ਵਿਖੇ ਰਾਸ਼ਟਰਪਤੀ ਜੋ ਬਾਇਡਨ ਤੇ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੂੰ ਮਿਲਿਆ। ਇਸ ਮੀਟਿੰਗ ਵਿਚ ਇਮੀਗ੍ਰੇਸ਼ਨ ਤੇ ਅਪਰਾਧ ਨਾਲ ਜੁੜੇ ਮੁੱਦਿਆਂ ਉਪਰ ਚਰਚਾ ਕੀਤੀ ਗਈ। ਭਾਰਤੀ ਮੂਲ ਦੇ ਅਮਰੀਕੀਆਂ ਦੀ ਸੰਸਥਾ 'ਇੰਪੈਕਟ' ਦੇ ਕਾਰਜਕਾਰੀ ਮੁਖੀ ਨੀਲ ਮਾਖੀਜਾ ਨੇ ਦੱਸਿਆ ਕਿ ਮੀਟਿੰਗ ਵਿਚ ਇਮੀਗ੍ਰੇਸ਼ਨ, ਵੋਟ ਅਧਿਕਾਰ ਤੇ ਗਰੀਨ ਕਾਰਡ ਦੇ ਬਕਾਇਆ ਮਾਮਲਿਆਂ ਨਾਲ ਜੁੜੇ ਮੁੱਦੇ ਉਠਾਏ ਗਏ। ਮਾਖੀਜਾ ਨੇ ਕਿਹਾ



ਕਿ ਚੰਗੀ ਗੱਲ ਇਹ ਹੈ ਕਿ ਰਾਸ਼ਟਰਪਤੀ ਤੇ ਉਪ ਰਾਸ਼ਟਰਪਤੀ ਪਹਿਲਾਂ ਹੀ ਬਹੁਤ ਸਾਰੇ ਮੁੱਦਿਆ ਬਾਰੇ ਜਾਣੂ ਹਨ। ਰਾਸ਼ਟਰਪਤੀ ਸਿਸਟਮ ਵਿਚ ਪਾਈਆਂ ਜਾਂਦੀਆਂ ਤਰੁਟੀਆਂ ਤੇ ਅਨਿਆਂ ਤੋਂ ਭਲੀ ਭਾਂਤ ਵਾਕਫ਼ ਹਨ। ਮਾਖੀਜਾ ਨੇ ਕਿਹਾ ਕਿ ਮੀਟਿੰਗ ਦੌਰਾਨ ਈਗਲ ਐਕਟ ਤੇ ਅਮ-ਰੀਕਾ ਚਾਈਲਡਰਨ ਐਕਟ ਸਬੰਧੀ ਬਿੱਲਾਂ ਦਾ ਮੁੱਦਾ ਉਠਾਇਆ ਗਿਆ ਜੋ ਆਉਣ ਵਾਲੇ ਦਿਨਾਂ ਵਿਚ ਸਦਨ ਵਿਚ ਪੇਸ਼ ਕੀਤੇ ਜਾਣਗੇ। ਵਫਦ ਵਿਚ ਏਸ਼ੀਅਨ ਅਮੈਰੀਕਨ ਜਸਟਿਸ ਸੈਂਟਰ, ਏਸ਼ੀਅਨ ਐਂਡ ਪੈਸੀਫਿਕ ਆਈਸਲੈਂਡਰ ਅਮੈਰੀਨਕ ਵੋਟ ਤੇ ਨੈਸ਼ਨਲ ਕੌਂਸਲ ਏਸ਼ੀਅਨ ਪੈਸੇਫਿਕ ਅਮੈਰੀਕਨਜ ਨਾਲ ਸਬੰਧਤ 12 ਦੇ ਕਰੀਬ ਆਗੂ ਸ਼ਾਮਿਲ ਸਨ। ਇਥੇ ਜਿਕਰ ਯੋਗ ਹੈ ਕਿ ਵਾਈਟ ਹਾਊਸ ਦੇ ਬੁਲਾਰੇ ਬੀਬੀ ਜੇਨ ਪਸਾਕੀ ਨੇ ਪਿਛਲੇ ਦਿਨ ਕਿਹਾ ਸੀ ਕਿ ਬਾਇਡਨ ਪ੍ਰਸ਼ਾਸਨ ਵੱਲੋਂ ਇਕ ਵਿਆਪਕ ਇਮੀਗ੍ਰੇਸ਼ਨ ਬਿੱਲ ਲਿਆਉਣ ਦੀ ਤਜਵੀਜ਼ ਹੈ। ਉਨ੍ਹਾਂ ਕਿਹਾ ਕਿ ਇਹ ਬਿੱਲ ਦਸਤਾਵੇਜ਼ਾਂ ਵਾਲੇ ਪ੍ਰਵਾਸੀਆਂ ਤੇ ਐਚ 1 -ਬੀ ਵੀਜਾਧਾਰਕਾਂ ਦੇ ਬੱਚਿਆਂ ਸਬੰਧੀ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰਸਤਾਵਿਤ ਬਿੱਲ ਮੌਜੂਦਾ ਵਿਚਾਰ ਵਟਾਂਦਰੇ ਦਾ ਸਿੱਟਾ ਨਹੀਂ ਹੈ ਬਲਕਿ ਇਹ ਉਹ ਮੁੱਦੇ ਹਨ ਜੋ ਬਾਇਡਨ ਪ੍ਰਸ਼ਾਸਨ ਹੱਲ ਕਰਨਾ ਚਾਹੁੰਦਾ ਹੈ।

# ਫੈਡਿਕਸ ਦੇ ਸਟੋਰ ਵਿਚ 4 ਸਿੱਖਾਂ ਸਮੇਤ 8 ਲੋਕਾਂ ਦੀ ਹੱਤਿਆ ਪਿੱਛੇ ਨਸਲੀ ਨਫਰਤ ਨਹੀਂ ਸੀ

**ਸੈਕਰਾਮੈਂਟੋ 8 ਅਗਸਤ (ਹੁਸਨ ਲੜੋਆ ਬੰਗਾ)**-ਇਸ ਸਾਲ 18 ਅਪੈਰੈਲ ਨੂੰ ਇੰਡਿਆਨਾਪੋਲਿਸ ਵਿਚ ਫੈਡਿਕਸ ਸਟੋਰ ਵਿਚ ਕੰਪਨੀ ਦੇ ਇਕ ਸਾਬਕਾ ਮੁਲਾਜ਼ਮ ਵੱਲੋਂ ਗੋਲੀਆਂ ਚਲਾ ਕੇ 4 ਸਿੱਖਾਂ ਸਮੇਤ 8 ਵਿਅਕਤੀਆਂ ਦੀ ਹੱਤਿਆ ਕਰਨ ਪਿਛੇ ਨਸਲੀ ਨਫਰਤ ਵਾਲੀ ਕੋਈ ਗੱਲ ਨਹੀਂ ਸੀ। ਇਹ ਇੰਕਸ਼ਾਫ ਪੁਲਿਸ ਅਧਿਕਾਰੀਆਂ ਨੇ ਕੀਤਾ ਹੈ। ਇੰਡਿਆਨਾਪੋਲਿਸ ਪੁਲਿਸ ਤੇ ਸੰਘੀ ਅਧਿਕਾਰੀਆਂ ਨੇ ਇਕ ਪੈਰੈਸ ਕਾਨਫਰੰਸ ਦੌਰਾਨ ਕਿਹਾ ਕਿ 19 ਸਾਲਾ ਬਰੈਂਡਨ ਸਕਾਟ ਹੋਲ ਇਕੱਲਾ ਹੀ ਹਮਲਾਵਰ ਸੀ ਤੇ ਉਸ ਨੇ ਇਹ ਗੋਲੀਬਾਰੀ ਖੁਦਕਸ਼ੀ-ਕਤਲੋ ਮਾਨਸਿਕਤਾ ਨਾਲ ਕੀਤੀ। ਅਧਿਕਾਰੀਆਂ ਅਨੁਸਾਰ ਉਹ ਮਰਨਾ ਚਹੰਦਾ ਸੀ ਤੇ ਇਸ ਦੇ ਨਾਲ ਹੀ ਆਪਣੀ ਮਰਦਾਨਗੀ ਤੇ ਤਾਕਤ ਵਿਖਾਉਣਾ ਚਹੁੰਦਾ ਸੀ। ਉਸ ਨੇ ਆਪਣੀ ਅੰਤਿਮ ਇੱਛਾ ਦੀ ਪੂਰਤੀ ਲਈ ਲੋਕਾਂ ਨੂੰ ਮਾਰਿਆ। ਪੁਲਿਸ ਅਨੁਸਾਰ ਇਸ ਘਟਨਾ ਵਿਚ ਫੈਡਿਕਸ ਵਿਚ ਕੰਮ ਕਰਦੇ 8 ਮੁਲਾਜ਼ਮ ਮਾਰੇ ਗਏ ਸਨ ਤੇ 5 ਜ਼ਖਮੀ ਹੋਏ ਸਨ। ਐਫ ਬੀ ਆਈ ਦੇ ਇੰਡਿਆਨਾਪੋਲਿਸ ਫੀਲਡ ਦਫਤਰ ਵਿਚ ਇੰਚਾਰਜ ਵਜੋਂ ਤਾਇਨਾਤ ਪੌਲ ਕੀਨਨ



ਨੇ ਕਿਹਾ ਕਿ ਦੋਸ਼ੀ ਨੇ ਗੋਲੀਬਾਰੀ ਲਈ ਫੈਡਿਕਸ ਇਮਾਰਤ ਨੂੰ ਇਸ ਵਾਸਤੇ ਚੁਣਿਆ ਕਿਉਂਕਿ ਉਹ ਇਸ ਇਮਾਰਤ ਤੋਂ ਵਾਕਿਫ ਸੀ ਤੇ ਉਸ ਦਾ ਵਿਸ਼ਵਾਸ਼ ਸੀ ਕਿ ਉਹ ਇਸ ਇਮਾਰਤ ਵਿਚ ਵਧ ਤੋਂ ਵਧ ਲੋਕਾਂ ਨੂੰ ਮਾਰ ਸਕਦਾ ਹੈ। ਕੀਨਨ ਨੇ ਕਿਹਾ ਕਿ ਦੋਸ਼ੀ ਦੇ ਮੰਨ ਵਿਚ ਆਤਮ ਹੱਤਿਆ ਕਰਨ ਦਾ ਵਿਚਾਰ ਸੀ। ਉਹ ਮਾਨਸਿਕ ਤੌਰ ਤੇ ਬਿਮਾਰ ਸੀ ਤੇ ਉਸ ਨੇ ਗੋਲੀਬਾਰੀ ਦੀ ਘਟਨਾ ਨੂੰ ਅੰਜਾਮ ਦੇਣ ਤੋਂ ਪਹਿਲਾਂ ਇਕ ਤੋਂ ਵਧ ਵਾਰ ਆਤਮ ਹੱਤਿਆ ਕਰਨ ਦੀ ਕੋਸ਼ਿਸ਼ ਕੀਤੀ ਸੀ।

ਕੀਨਨ ਅਨੁਸਾਰ ਹੋਲ ਨੇ ਗੋਲੀਬਾਰੀ ਵਿਚ ਵਰਤੀਆਂ ਦੋ ਰਾਈਫਲਾਂ ਜਾਇਜ਼ ਢੰਗ ਤਰੀਕੇ ਨਾਲ ਖਰੀਦੀਆਂ ਸਨ ਤੇ ਉਸ ਦੀ ਮਾਂ ਨੇ ਪੁਲਿਸ ਨੂੰ ਸੂਚਿਤ ਕੀਤਾ ਸੀ ਕਿ ਉਸ ਦਾ ਪੁੱਤਰ ਕਿਸੇ ਘਟਨਾ ਨੂੰ ਅੰਜਾਮ ਦੇ ਸਕਦਾ ਹੈ। ਇਥੇ ਜਿਕਰਯੋਗ ਹੈ ਕਿ ਸਿੱਖ ਭਾਈਚਾਰੇ ਵੱਲੋਂ ਲਾਅ ਇਨਫੋਰਸਮੈਂਟ ਏਜੰਸੀਆਂ ਉਪਰ ਨਿਰੰਤਰ ਦਬਾਅ ਪਾਇਆ ਜਾ ਰਿਹਾ ਸੀ ਕਿ ਉਹ ਹੱਤਿਆਵਾਂ ਪਿੱਛੇ ਹਮਲਾਵਰ ਦੇ ਮਕਸਦ ਨੂੰ ਸਪੱਸ਼ਟ ਕਰਨ।

# ਅਮਰੀਕਾ ਵਿਚ ਕੋਵਿਡ ਟੀਕਾਕਰਣ ਨਾ ਕਰਵਾਉਣ ਵਾਲੇ ਲੋਕਾਂ ਨਾਲ ਭਰ ਰਹੇ ਹਨ ਹਸਪਤਾਲ

**ਸੈਕਰਾਮੈਂਟੋ 8 ਅਗਸਤ (ਹੁਸਨ ਲੜੋਆ ਬੰਗਾ)**-- ਅਮਰੀਕਾ ਦੇ ਲੁਇਸੀਆਨਾ ਤੇ ਜਾਰਜੀਆ ਰਾਜਾਂ ਵਿਚ ਕੋਵਿਡ ਵੈਕਸੀਨ ਲਵਾਉਣ ਦੀ ਦਰ ਘੱਟ ਹੈ ਜਿਸ ਕਾਰਨ ਦੇਸ਼ ਦੇ ਕੁਲ ਮਰੀਜ਼ਾਂ ਵਿਚੋਂ ਤਕਰੀਬਨ 40× ਮਰੀਜ਼ ਇਨਾਂ ਦੋ ਰਾਜਾਂ ਵਿਚ ਹਨ। ਡੈਲਟਾ ਵਾਇਰਸ ਜਿਆਦਾਤਰ ਉਨਾਂ ਲੋਕਾਂ ਨੂੰ ਆਪਣੀ ਲਪੇਟ ਵਿਚ ਲੈ ਰਿਹਾ ਜਿਨਾਂ ਨੇ ਟੀਕਾਕਰਣ ਨਹੀਂ ਕਰਵਾਇਆ ਹੈ। ਜਾਰਜੀਆ ਵਿਚ 25 ਮੈਡੀਕਲ ਸੈਂਟਰ ਅਜਿਹੇ ਹਨ ਜਿਥੇ ਮਰੀਜ਼ਾਂ ਨੂੰ ਦਾਖਲ ਕਰਨ ਲਈ ਜਗਾ ਨਹੀਂ ਬਚੀ ਹੈ ਬਾਵਜੂਦ ਇਸ ਦੇ ਕਿ ਕਾਨਫਰੰਸ ਕਮਰਿਆਂ ਤੇ ਆਡੀਟੋਰੀਅਮ ਵਿਚ ਵੀ ਬੈੱਡ ਲਵਾ ਦਿੱਤੇ ਗਏ ਹਨ। ਇਸ ਵੇਲੇ ਰਾਜ ਦੇ ਮੈਡੀਕਲ ਸੈਂ-ਟਰਾਂ ਵਿਚ ਦਾਖਲ ਮਰੀਜ਼ਾਂ ਦੀ ਗਿਣਤੀ ਵਧ ਕੇ 2600 ਹੋ ਗਈ ਹੈ। ਲੁਇਸਆਨਾ ਦੇ ਹਸਪਤਾਲਾਂ ਵਿਚ 2350 ਕੋਵਿਡ ਮਰੀਜ਼ ਦਾਖਲ ਹਨ। ਫਲੋਰੀਡਾ ਵਿਚ ਕੁਲ 12000 ਤੋਂ ਵਧ ਮਰੀਜ਼ਾਂ ਵਿਚੋਂ ਤਕਰੀਬਨ 2500 ਇੰਟੈਨਸਿਵ ਕੇਅਰ ਯੂਨਿਟਾਂ ਵਿਚ ਰਖੇ ਗਏ ਹਨ। ਰਾਜ ਵਿਚ ਹੋਰ ਮਰੀਜ਼ਾਂ ਦੀਆਂ ਸਰ-ਜਰੀਆਂ ਨੂੰ ਅੱਗੇ ਪਾ ਦਿੱਤਾ ਗਿਆ ਹੈ। ਲੁਇਸਆਨਾ ਤੇ ਜਾਰ-ਜੀਆ ਵਿਚ ਵੈਕਸੀਨੇਸ਼ਨ ਦੀ ਦਰ 38× ਦੇ ਆਸ ਪਾਸ ਹੈ ਜਦ ਕਿ ਫਲੋਰੀਡਾ ਵਿਚ ਇਹ ਦਰ 49× ਹੈ। ਰਾਸ਼ਟਰਪਤੀ ਜੋ ਬਾਇਡਨ ਨੇ ਵਧ ਰਹੇ ਕੋਵਿਡ ਮਾਮਲਿਆਂ ਨੂੰ ਟੀਕਾਕਰਣ ਨਾ ਕਰਵਾਉਣ ਵਾਲੇ ਲੋਕਾਂ ਦੀ ਮਹਾਮਾਰੀ ਦਾ ਨਾਂ ਦਿੱਤਾ ਹੈ।







# ਵਾਤਾਵਰਣ ਤਬਦੀਲੀ ਖਤਰਨਾਕ ਦੌਰ ਵਿਚ ਪੁੱਜੀ-ਸੰਯੁਕਤ ਰਾਸ਼ਟਰ ਵੱਲੋਂ ਚਿਤਾਵਨੀ

**ਸੈਕਰਾਮੈਂਟੋ 10 ਅਗਸਤ (ਹੁਸਨ ਲੜੋਆ ਬੰਗਾ)**– ਵਿਸ਼ਵ ਦੇ ਚੋਟੀ ਦੇ ਸੈਂਕੜੇ ਵਿਗਿਆਨੀਆਂ ਨੇ ਜਾਰੀ ਇਕ ਰਿਪੋਰਟ ਵਿਚ ਚਿਤਾਵਨੀ ਦਿੱਤੀ ਹੈ ਕਿ ਵਾਤਾਵਰਣ ਤਬਦੀਲੀ ਖਤਰਨਾਕ ਦੌਰ ਵਿਚ ਪੁੱਜ ਗਈ ਹੈ ਤੇ ਇਸ ਨਾਲ ਵਿਸ਼ਵ ਵਿਚ ਵੱਸਦੇ ਲੋਕਾਂ ਲਈ ਖਤਰਾ ਪੈਦਾ ਹੋ ਗਿਆ ਹੈ। ਸੰਯੁਕਤ ਰਾਸ਼ਟਰ ਦੇ ਵਾਤਾਵਰਣ ਤਬਦੀਲੀ ਬਾਰੇ ਕੌਮਾਂਤਰੀ ਪੈਨਲ ਵੱਲੋਂ ਜਨੇਵਾ ਵਿਚ ਜਾਰੀ ਰਿਪੋਰਟ ਵਿਚ ਵਾਤਾਵਰਣ ਤਬਦੀਲੀ ਨੂੰ ਮਨੁੱਖਤਾ ਲਈ 'ਕੋਡ ਰੈੱਡ' ਦਾ ਨਾਂ ਦਿੱਤਾ ਹੈ। ਗਲਾਗਸੋ (ਸਕਾਟਲੈਂਡ) ਵਿਚ ਵਾਤਾਵਰਣ ਤਬਦੀਲੀ ਬਾਰੇ ਹੋਈ ਇਕ ਪ੍ਰਮੁੱਖ ਕਾਨਫਰੰਸ ਦੇ 3 ਮਹੀਨੇ ਬਾਅਦ ਆਈ ਇਸ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਵਿਸ਼ਵ ਦੇ ਵਾਤਾਵਰਣ ਵਿਚ ਆਈਆਂ ਬਹੁਤ ਸਾਰੀਆਂ ਤਬਦੀਲੀਆਂ ਅਜਿਹੀਆਂ ਵੇਖਣ ਨੂੰ ਮਿਲੀਆਂ ਹਨ ਜੋ ਹਜਾਰਾਂ ਸਾਲਾਂ ਬਾਅਦ ਵਾਪਰਦੀਆਂ ਹਨ। ਜਿਵੇਂ ਕਿ ਸਮੁੰਦਰ ਦੇ ਪੱਧਰ ਦਾ ਵਧਣਾ ਇਕ ਅਜਿਹੀ ਤਬਦੀਲੀ ਹੈ ਜੋ



ਸੈਂਕੜੇ ਤੋਂ ਹਜਾਰਾਂ ਸਾਲਾਂ ਵਿਚ ਵਾਪਰਦੀ ਹੈ। ਰਿਪੋਰਟ ਅਨੁਸਾਰ ਤੂਫਾਨ ਤੇ ਗਰਮ ਹਵਾਵਾਂ ਦਾ ਵਗਣਾ ਆਮ ਗੱਲ ਹੋ ਜਾਵੇਗੀ ਤੇ ਇਹ ਤੂਫਾਨ ਤੇ ਗਰਮ ਹਵਾਵਾਂ ਅਸਹਿ ਹੋ ਜਾਣਗੀਆਂ। ਪੈਨਲ ਨੇ ਕਿਹਾ ਹੈ ਕਿ ਵਾਤਾਵਰਣ ਤਬਦੀਲੀ ਧਰਤੀ ਉਪਰ ਕਈ ਤਰਾਂ ਨਾਲ ਅਸਰ ਪਾ ਰਹੀ ਹੈ ਤੇ ਹੁਣ ਧਰਤੀ ਉਪਰ ਤਪਸ਼ ਹੋਰ ਵਧ ਜਾਵੇਗੀ। ਰਿਪੋਰਟ ਅਨੁਸਾਰ ਸਪੱਸ਼ਟ ਸਬੂਤ ਹੈ ਕਿ ਕਾਰਬਾਨ ਡਾਇਆਕਸਾਈਡ ਵਾਤਾਵਰਣ ਤਬਦੀਲੀ ਦਾ ਮੁੱਖ ਕਾਰਨ ਹੈ ਹਾਲਾਂ ਕਿ ਗਰੀਨ ਹਾਊਸ ਗੈਸਾਂ ਤੇ ਹਵਾ ਦਾ ਪ੍ਰਦੂਸ਼ਣ ਵੀ ਇਸ ਤਬਦੀਲੀ ਵਿਚ ਭੂਮਿਕਾ ਨਿਭਾਅ ਰਿਹਾ ਹੈ। ਇਸ ਤਬਦੀਲੀ ਨਾਲ ਸੋਕਾ ਪੈਣਾ, ਅੱਗਾਂ ਲੱਗਣੀਆਂ ਤੇ ਬਿਮਾਰੀਆਂ ਦਾ ਫੈਲਣਾ ਆਮ ਹੋ ਜਾਵੇਗਾ। ਪਾਣੀ ਦੀ ਘਾਟ ਨਾਲ ਬਹੁਤ ਹੀ ਜਟਿਲ ਸਮੱਸਿਆਵਾਂ ਪੈਦਾ ਹੋਣਗੀਆਂ ਜਿਸ ਦੀ ਕਲਪਨਾ ਕਰਕੇ ਹੀ ਮਨੁੱਖ ਭੈਭੀਤ ਹੋ ਜਾਵੇਗਾ। 3000 ਸਫਿਆ ਵਾਲੀ ਇਸ ਰਿਪੋਰਟ ਨੇ ਧਰਤੀ ਦੇ ਭਵਿੱਖ ਅੱਗੇ ਸਵਾਲੀਆ ਚਿਨ ਲਾ ਦਿੱਤਾ ਹੈ ਤੇ ਸਪੱਸ਼ਟ ਕਰ ਦਿੱਤਾ ਹੈ ਕਿ ਧਰਤੀ ਨੂੰ ਬਚਾਉਣ ਲਈ ਫੌਰੀ ਕਾਰਗਰ ਕਦਮ ਚੁੱਕਣ ਦੀ ਲੋੜ ਹੈ। ਇਕ ਗੈਰ ਮੁਨਾਫਾ ਖੋਜ ਸੰਸਥਾ ਵਰਲਡ ਰਿਸੋਰਸਜ ਇੰਸਟੀਚਿਊਟ ਦੇ ਅਧਿਕਾਰੀ ਹੈਲਨ ਮਾਊਂਟਫੋਰਡ ਨੇ ਕਿਹਾ ਹੈ ਕਿ ਜੇਕਰ ਅਜੇ ਵੀ ਵਿਸ਼ਵ ਨਾ ਸੰਭਲਿਆ ਤਾਂ ਹਾਲਾਤ ਬਦਤਰ ਬਣ ਜਾਣਗੇ ਪਰ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਜੰਗਲਾਂ ਦੀ ਕਟਾਈ ਅਜੇ ਵੀ ਜਾਰੀ ਹੈ ਤੇ ਰਵਾਇਤੀ ਬਾਲਣ ਦੀ ਵਰਤੋਂ ਬੇਰੋਕ ਹੋ ਰਹੀ ਹੈ।

## ਮਾਸਕ ਪਹਿਨਣਾ ਲਾਜਮੀ ਕਰਨ ਵਾਲੇ ਸਕੂਲਾਂ ਨੂੰ ਦਿੱਤੀ ਤਨਖਾਹ ਰੋਕਣ ਦੀ ਚਿਤਾਵਨੀ

**ਸੈਕਰਾਮੈਂਟੋ 10 ਅਗਸਤ (ਹੁਸਨ ਲੜੋਆ ਬੰਗਾ)**–ਫਲੋਰਿਡਾ ਦੇ ਗਵਰਨਰ ਰੋਨ ਡੀਸੇਂਟਿਸ ਦੇ ਦਫਤਰ ਨੇ ਕਿਹਾ ਹੈ ਕਿ ਰਾਜ ਦਾ ਸਿੱਖਿਆ ਬੋਰਡ ਉਨਾਂ ਸਕੂਲ ਬੋਰਡ ਦੇ ਸੁਪਰਡੈਂਟਾਂ ਤੇ ਮੈਂਬਰਾਂ ਦੀ ਤਨਖਾਹ ਰੋਕ ਸਕਦਾ ਹੈ ਜੋ ਗਵਰਨਰ ਦੇ ਹੁਕਮ ਜੋ ਸਕੂਲਾਂ ਵਿਚ ਮਾਸਕ ਲਾਜਮੀ ਪਾਉਣ ਉਪਰ ਰੋਕ ਲਾਉਂਦਾ ਹੈ, ਦੀ ਉਲੰਘਣਾ ਕਰਨਗੇ। ਰਿਪਬਲਿਕ ਪਾਰਟੀ ਨਾਲ ਸਬੰਧਤ ਗਵਰਨਰ ਡੀਸੇਂਟਿਸ ਨੇ ਪਿਛਲੇ ਮਹੀਨੇ ਜਾਰੀ ਇਕ ਆਦੇਸ਼ ਵਿਚ ਰਾਜ ਦੇ ਸਿਹਤ ਤੇ ਸਿੱਖਿਆ ਵਿਭਾਗ ਨੂੰ ਕਿਹਾ ਸੀ ਕਿ ਉਹ ਸਿਹਤ ਸੰਭਾਲ ਨਾਲ ਸਬੰਧਿਤ ਵਿਦਿਆਰਥੀਆਂ ਦੇ ਮਾਪਿਆਂ ਦੇ ਅਧਿਕਾਰ ਉਪਰ ਅਧਾਰਤ ਨਿਯਮ ਤੈਅ ਕਰਨ। ਉਨਾਂ ਕਿਹਾ ਸੀ ਕਿ ਮਾਸਕ ਪਾਉਣ ਜਾਂ ਨਾ ਪਾਉਣ ਦਾ ਨਿਰਨਾ ਮਾਪਿਆਂ ਉਪਰ ਛੱਡ ਦੇਣਾ ਚਾਹੀਦਾ ਹੈ। ਗਵਰਨਰ ਦਫਤਰ ਦੇ ਬੁਲਾਰੇ ਕ੍ਰਿਟੀਨਾ ਪੁਸ਼ਵ ਨੇ ਕਿਹਾ ਹੈ ਕਿ ਗਵਰਨਰ ਦੀ ਪਹਿਲੀ ਤਰਜੀਹ ਮਾਪਿਆਂ ਦੇ ਅਧਿਕਾਰਾਂ ਦੀ ਰੱਖਿਆ ਕਰਨਾ ਹੈ। ਲੁਸਿਆਨਾ ਤੋਂ ਸੀਨੀਅਰ ਸੈਨੇਟਰ ਬਿੱਲ ਕੈਸਿਡੀ ਨੇ ਗਵਰਨਰ ਦੇ ਆਦੇਸ਼ ਨਾਲ ਅਸਹਿਮਤੀ ਪ੍ਰਗਟਾਉਂਦਿਆਂ ਕਿਹਾ ਹੈ ਕਿ ਜੇਕਰ ਸਥਾਨਕ ਹਾਲਾਤ 'ਤੇ ਨਜਰ ਮਾਰੀਏ ਤਾਂ ਹਸਪਤਾਲ ਭਰੇ ਪਏ ਹਨ ਤੇ ਵੈਕਸੀਨੇਸ਼ਨ ਦਰ ਘੱਟ ਹੈ ਜਦ ਕਿ ਕੋਵਿਡ -19 ਫੈਲਣ ਦੀ ਦਰ ਬਹੁਤ ਵਧ ਗਈ ਹੈ ਤਾਂ ਮਾਸਕ ਸਮੇਤ ਕੋਈ ਵੀ ਨਿਰਨਾ ਲੈਣ ਦਾ ਮੁੱਦਾ ਸਥਾਨਕ ਅਧਿਕਾਰੀਆਂ ਉਪਰ ਛੱਡ ਦੇਣਾ ਚਾਹੀਦਾ ਹੈ। ਸਥਾਨਕ ਅਧਿਕਾਰੀ ਲੋਕਾਂ ਦੀ ਬੇਹਤਰੀ ਲਈ ਕੋਈ ਵੀ ਨਿਰਨਾ ਲੈਣ ਲਈ ਆਜਾਦ ਹੋਣੇ ਚਾਹੀਦੇ ਹਨ।

## ਮੈਡਲ ਜਿੱਤ ਕੇ ਪਰਤੇ ਖਿਡਾਰੀਆਂ ਦਾ ਹੋਇਆ ਜ਼ੋਰਦਾਰ ਸਵਾਗਤ

(ਸਫਾ 1 ਦੀ ਬਾਕੀ)

ਖੇਡਾਂ ਦੇ ਮਹਾਕੁੰਭ ਓਲੰਪਿਕ ’ਚ ਜੈਵਲਿਨ ਥ੍ਰੋ ’ਚ ਇਸ ਵਾਰ ਨੀਰਜ ਚੋਪੜਾ ਨੇ 87.58 ਮੀਟਰ ਦੀ ਦੂਰੀ ਤਕ ਭਾਲਾ ਸੁੱਟ ਕੇ ਦੇਸ਼ ਦਾ ਮਾਣ ਵਧਾਇਆ। ਗੋਲਡ ਮੈਡਲ ਜਿੱਤ ਕੇ ਭਾਰਤ ਪਹੁੰਚੇ ਨੀਰਜ ਚੋਪੜਾ ਦਾ ਦਿੱਲੀ ਏਅਰਪੋਰਟ ’ਤੇ ਜ਼ੋਰਦਾਰ ਸਵਾਗਤ ਹੋਇਆ। ਜਦੋਂ ਏਅਰਪੋਰਟ ਤੋਂ ਬਾਹਰ ਨਿਕਲ ਰਹੇ ਸੀ, ਉਦੋਂ ਚਾਹੁਣ ਵਾਲਿਆਂ ’ਚ ਉਨ੍ਹਾਂ ਦੀ ਇਕ ਝਲਕ ਪਾਉਣ ਦੀ ਹੋੜ ਲੱਗੀ ਸੀ। ਲੋਕ ਉਨ੍ਹਾਂ ਨਾਲ ਫੋਟੋ ਖਿਚਵਾਉਣ ਨੂੰ ਬੇਕਰਾਰ ਸੀ।

**ਹੁਣ ਪੈਰਿਸ ਦੀ ਤਿਆਰੀ: ਲਵਲੀਨਾ**

ਆਪਣੇ ਪਹਿਲੇ ਓਲੰਪਿਕ ਵਿੱਚ ਤਗ਼ਮਾ ਜਿੱਤਣ ਵਾਲੀ ਲਵਲੀਨਾ ਬੋਰਗੋਹੇਨ ਲਈ ਇਹ ਖੇਡਾਂ ਸੋਨੇ ’ਤੇ ਸੁਹਾਗੇ ਵਾਂਗ ਰਹੀਆਂ। ਹਾਲਾਂਕਿ, ਇਸ ਭਾਰਤੀ ਮੁੱਕੇਬਾਜ਼ ਨੇ ਕਿਹਾ ਕਿ ਟੋਕੀਓ ਓਲੰਪਿਕ ਹੁਣ ਅਤੀਤ ਦੀ ਗੱਲ ਹੈ ਅਤੇ ਉਹ ਪੈਰਿਸ ’ਚ 2024 ਵਿੱਚ ਹੋਣ ਵਾਲੀਆਂ ਖੇਡਾਂ ਲਈ ਆਪਣੇ ਖੇਡ ਦੇ ਹਰ ਪਹਿਲੂ ਵਿੱਚ ਨਵੇਂ ਸਿਰੇ ਤੋਂ ਸ਼ੁਰੂਆਤ ਕਰੇਗੀ। ਲਵਲੀਨਾ ਨੇ ਟੋਕੀਓ ਵਿੱਚ ਮਹਿਲਾਵਾਂ ਦੇ 69 ਕਿਲੋ ਭਾਰ ਵਰਗ ਵਿੱਚ ਕਾਂਸੀ ਦਾ ਤਗ਼ਮਾ ਜਿੱਤਿਆ। ਉਸ ਨੇ ਵਿਸ਼ੇਸ਼ ਗੱਲਬਾਤ ਦੌਰਾਨ ਆਪਣੇ ਕਰੀਅਰ ਦੇ ਵੱਖ-ਵੱਖ ਪਹਿਲੂਆਂ ਅਤੇ ਤਗ਼ਮੇ ਜਿੱਤਣ ਮਗਰੋਂ ਦੀ ਜ਼ਿੰਦਗੀ ਬਾਰੇ ਚਾਨਣਾ ਪਾਇਆ ਹੈ। ਇਹ 23 ਸਾਲਾ ਖਿਡਾਰਨ ਓਲੰਪਿਕ ਵਿੱਚ ਤਗ਼ਮਾ ਜਿੱਤਣ ਵਾਲੀ ਤੀਜੀ ਭਾਰਤੀ ਮੁੱਕੇਬਾਜ਼ ਹੈ। ਉਸ ਤੋਂ ਪਹਿਲਾਂ ਵਿਜੇਂਦਰ ਸਿੰਘ (2008) ਅਤੇ ਐੱਮਸੀ ਮੇਰੀਕੋਮ ਨੇ ਇਹ ਉਪਲੱਬਧੀ ਹਾਸਲ ਕੀਤੀ ਸੀ। ਲਵਲੀਨਾ ਨੇ ਕਿਹਾ, ‘‘ਮੇਰੀ ਪਹਿਲੀ ਕੁਰਬਾਨੀ ਪਿਛਲੇ ਅੱਠ ਸਾਲਾਂ ਤੋਂ ਘਰ ਤੋਂ ਦੂਰ ਰਹਿਣਾ ਅਤੇ ਮੁਸ਼ਕਲ ਹਾਲਾਤ ਵਿੱਚ ਪਰਿਵਾਰ ਵਾਲਿਆਂ ਦੀ ਮਦਦ ਨਾ ਕਰਨਾ ਸੀ। ਇਹ ਸਭ ਤੋਂ ਵੱਡੀ ਕੁਰਬਾਨੀ ਸੀ।’’



ਲਵਲੀਨਾ ਨੇ ਹੁਣ ਛੁੱਟੀਆਂ ਮਨਾਉਣ ਦੀ ਯੋਜਨਾ ਬਣਾਈ ਹੈ ਅਤੇ ਇਸ ਮਗਰੋਂ ਪੈਰਿਸ ਓਲੰਪਿਕ ਦੀਆਂ ਤਿਆਰੀਆਂ ਨਾਲ ਜੁੜਨਾ ਚਾਹੁੰਦੀ ਹੈ, ਜੋ ਤਿੰਨ ਸਾਲ ਮਗਰੋਂ ਹੋਣਗੀਆਂ। ਉਨ੍ਹਾਂ ਕਿਹਾ, ‘‘ਟੋਕੀਓ ਓਲੰਪਿਕ ਹੁਣ ਅਤੀਤ ਦੀ ਗੱਲ ਹੈ। ਮੈਨੂੰ ਸਿਰਫ਼ ਇੱਕ ਨਹੀਂ ਆਪਣੀ ਖੇਡ ਦੇ ਹਰ ਪਹਿਲੂ ’ਤੇ ਨਵੇਂ ਸਿਰੇ ਤੋਂ ਸ਼ੁਰੂਆਤ ਕਰਨੀ ਹੋਵੇਗੀ।’’ ਲਵਲੀਨਾ ਨੂੰ ਆਪਣੀ ਖੇਡ ’ਤੇ ਵੀ ਧਿਆਨ ਦੇਣ ਹੋਵੇਗਾ ਕਿਉਂਕਿ ਤੁਰਕੀ ਦੀ ਓਲੰਪਿਕ ਚੈਂਪੀਅਨ ਬੁਸੇਨਾਜ਼ ਸੁਰਮੇਨੇਲੀ ਖ਼ਿਲਾਫ਼ ਸੈਮੀ ਫਾਈਨਲ ਵਿੱਚ ਹਾਰ ਦੌਰਾਨ ਲਵਲੀਨਾ ਦੀ ਇਹ ਕਮਜ਼ੋਰ ਸਾਹਮਣੇ ਆਈ ਸੀ। ਓਲੰਪਿਕ ਵਿੱਚ ਲਵਲੀਨਾ ਲਈ ਸਭ ਤੋਂ ਯਾਦਗਾਰ ਪਲ ਕੁਆਰਟਰ ਫਾਈਨਲ ਵਿੱਚ ਸਾਬਕਾ ਵਿਸ਼ਵ ਚੈਂਪੀਅਨ ਨਈਅਨ ਚਿਨ ਚੇਨ ਨੂੰ ਹਰਾਉਣਾ ਸੀ। ਉਸ ਨੇ ਕਿਹਾ, ‘‘ਸਭ ਤੋਂ ਯਾਦਗਾਰ ਪਲ ਮੈਂ ਆਖ਼ਿਰ ਵਿੱਚ ਉਸ ਮੁੱਕੇਬਾਜ਼ ਨੂੰ ਹਰਾਉਣ ਵਿੱਚ ਸਫਲ ਰਹੀ, ਜਿਸ ਨੇ ਇੱਥੇ ਆਉਣ ਤੋਂ ਪਹਿਲਾਂ ਮੈਨੂੰ ਚਾਰ ਵਾਰ ਹਰਾਇਆ ਸੀ।’’ ਇਸ ਮੁੱਕੇਬਾਜ਼ ਨੇ ਕਿਹਾ, ‘‘ਦੂਜਾ ਯਾਦਗਾਰ ਪਲ ਕਤਰ ਅਤੇ ਇਟਲੀ ਵੱਲੋਂ ਉੱਚੀ ਛਾਲ ਵਿੱਚ ਸੋਨ ਤਗ਼ਮਾ ਸਾਂਝਾ ਕਰਨਾ ਰਿਹਾ। ਇਸ ਤੋਂ ਪਤਾ ਚੱਲਦਾ ਹੈ ਕਿ ਮਾਨਵਤਾ ਜ਼ਿੰਦਾ ਹੈ ਅਤੇ ਖੇਡ ਇਕਲੌਤਾ ਜ਼ਰੀਆ ਹੈ, ਜੋ ਦੋ ਦੇਸ਼ਾਂ, ਦੋ ਇਨਸਾਨਾਂ ਨੂੰ ਇਸ ਤਰ੍ਹਾਂ ਜੋੜ ਸਕਦਾ ਹੈ।’’ ਇਟਲੀ ਦੇ ਗਿਆਨਮਾਰਕੋ ਤੰਬੇਰੀ ਅਤੇ ਕਤਰ ਦੇ ਮੁਤਾਜ਼ ਬਾਰਸ਼ਿਮ ਨੇ ਪੁਰਸ਼ਾਂ ਦੀ ਉੱਚੀ ਛਾਲ ਵਿੱਚ ਬਰਾਬਰ 2.37 ਮੀਟਰ ਦੀ ਛਾਲ ਲਾਈ ਸੀ। ਬਾਰਸ਼ਿਮ ਨੇ ਆਪਣੇ ਚੰਗੇ ਮਿੱਤਰ ਤੰਬੇਰੀ ਨਾਲ ਖਿਤਾਬ ਸਾਂਝਾ ਕਰਨ ਦੀ ਪੇਸ਼ਕਸ਼ ਕੀਤੀ ਸੀ।

## ਕੁਝ ਖਿਡਾਰੀ ਨਾ ਖੁੰਝਦੇ ਤਾਂ ਮੈਡਲਾਂ ਦੀ ਗਿਣਤੀ ਹੁੰਦੀ ਦੁੱਗਣੀ

**ਨੀਰਜ ਚੋਪੜਾ (ਗੋਲਡ ਮੈਡਲ)**

ਨੇਜ਼ਾ ਸੁੱਟ ਐਥਲੀਟ ਨੀਰਜ ਚੋਪੜਾ ਓਲੰਪਿਕ ਵਿਚ ਨਿੱਜੀ ਗੋਲਡ ਜਿੱਤਣ ਵਾਲੇ ਸਿਰਫ਼ ਦੂਜੇ ਭਾਰਤੀ ਹਨ। ਨੀਰਜ ਨੂੰ ਤਿੰਨ ਸਾਲਾਂ ਤੋਂ ਓਲੰਪਿਕ ਵਿਚ ਮੈਡਲ ਦਾ ਸਭ ਤੋਂ ਵੱਡਾ ਭਾਰਤੀ ਦਾਅਵੇਦਾਰ ਮੰਨਿਆ ਜਾ ਰਿਹਾ ਸੀ ਤੇ ਸ਼ਨਿਚਰਵਾਰ ਨੂੰ ਉਨ੍ਹਾਂ ਦੀ 87.58 ਮੀਟਰ ਦੀ ਥ੍ਰੋਅ ਨਾਲ ਟ੍ਰੈਕ ਅਤੇ ਫੀਲਡ ਮੁਕਾਬਲੇ ਵਿਚ ਭਾਰਤ ਨੂੰ ਪਹਿਲਾ ਓਲੰਪਿਕ ਮੈਡਲ ਜੇਤੂ ਮਿਲਿਆ। ਦਿਲਚਸਪ ਗੱਲ ਇਹ ਹੈ ਕਿ ਹਰਿਆਣਾ ਵਿਚ ਪਾਨੀਪਤ ਕੋਲ ਖਾਂਦਰਾ ਪਿੰਡ ਦੇ ਕਿਸਾਨ ਦੇ ਪੁੱਤਰ ਨੀਰਜ ਭਾਰ ਘੱਟ ਕਰਨ ਲਈ ਖੇਡਾਂ ਨਾਲ ਜੁੜੇ ਸਨ। ਇਕ ਦਿਨ ਉਨ੍ਹਾਂ ਦੇ ਚਾਚਾ ਉਨ੍ਹਾਂ ਨੂੰ ਪਿੰਡ ਤੋਂ 15 ਕਿਲੋਮੀਟਰ ਦੂਰ ਪਾਨੀਪਤ ਮੌਜੂਦ ਸ਼ਿਵਾਜੀ ਸਟੇਡੀਅਮ ਲੈ ਗਏ। ਉਹ 2016 ਜੂਨੀਅਰ ਵਿਸ਼ਵ ਚੈਂਪੀਅਨਸ਼ਿਪ ਵਿਚ 86.48 ਮੀਟਰ ਦੇ ਅੰਡਰ-20 ਵਿਸ਼ਵ ਰਿਕਾਰਡ ਨਾਲ ਇਤਿਹਾਸਕ ਗੋਲਡ ਮੈਡਲ ਜਿੱਤਣ ਤੋਂ ਬਾਅਦ ਲਗਾਤਾਰ ਚੰਗਾ ਪ੍ਰਦਰਸ਼ਨ ਕਰ ਰਹੇ ਹਨ। ਉਹ ਇਸ ਸਾਲ (2016) ਭਾਰਤੀ ਫ਼ੌਜ 'ਚ ਚਾਰ ਰਾਜਪੂਤਾਨਾ ਰਾਈਫਲਜ਼ ਵਿਚ ਸੂਬੇਦਾਰ ਦੇ ਅਹੁਦੇ 'ਤੇ ਨਿ-ਯੁਕਤ ਹੋਏ। ਉਨ੍ਹਾਂ ਦੀਆਂ ਹੋਰ ਉਪਲੱਬਧੀਆਂ ਵਿਚ 2018 ਰਾਸ਼ਟਰਮੰਡਲ ਖੇਡਾਂ ਤੇ ਏਸ਼ਿਆਈ ਖੇਡਾਂ ਵਿਚ ਗੋਲਡ ਮੈਡਲ ਸ਼ਾਮਲ ਹੈ। ਉਨ੍ਹਾਂ ਨੇ 2017 ਏਸ਼ਿਆਈ ਚੈਂਪੀਅਨਸ਼ਿਪ ਵਿਚ ਸਿਖਰਲਾ ਸਥਾਨ ਹਾਸਲ ਕੀਤਾ।

**ਮੀਰਾਬਾਈ ਚਾਨੂ (ਸਿਲਵਰ ਮੈਡਲ)**

ਮਨੀਪੁਰ ਦੀ ਛੋਟੇ ਕੱਦ ਦੀ ਇਸ ਖਿਡਾਰਨ ਨੇ ਟੋਕੀਓ 2020 ਵਿਚ ਮੁਕਾਬਲੇ ਦੇ ਪਹਿਲੇ ਦਿਨ 24 ਜੁਲਾਈ ਨੂੰ ਹੀ ਮੈਡਲ ਸੂਚੀ ਵਿਚ ਭਾਰਤ ਦਾ ਨਾਂ ਦਰਜ ਕਰਵਾ ਦਿੱਤਾ ਸੀ। ਉਨ੍ਹਾਂ ਨੇ 49 ਕਿਲੋਗ੍ਰਾਮ ਵਰਗ ਵਿਚ ਸਿਲਵਰ ਮੈਡਲ ਜਿੱਤ ਕੇ ਵੇਟਲਿਫਟਿੰਗ ਵਿਚ ਮੈਡਲ ਦੇ 21 ਸਾਲ ਦੇ ਸੋਕੇ ਨੂੰ ਖ਼ਤਮ ਕੀਤਾ। ਇਸ 26 ਸਾਲ ਦੀ ਖਿਡਾਰਨ ਨੇ ਕੁੱਲ 202 ਕਿਲੋਗ੍ਰਾਮ ਦਾ ਭਾਰ ਚੁੱਕ ਕੇ ਰੀਓ ਓਲੰਪਿਕ (2016) ਵਿਚ ਮਿਲੀ ਨਿਰਾਸ਼ਾ ਨੂੰ ਦੂਰ ਕੀਤਾ। ਇੰਫਾਲ ਤੋਂ ਲਗਭਗ 20 ਕਿਲੋਮੀਟਰ ਦੂਰ ਨੋਂਗਪੋਕ ਕਾਕਜਿੰਗ ਪਿੰਡ ਦੀ ਰਹਿਣ ਵਾਲੀ ਮੀਰਾਬਾਈ ਛੇ ਭਰਾ-ਭੈਣਾਂ ਵਿਚੋਂ ਸਭ ਤੋਂ ਛੋਟੀ ਹੈ। ਉਨ੍ਹਾਂ ਦਾ ਬਚਪਨ ਪਹਾੜੀਆਂ ਵਿਚ ਲੱਕੜੀਆਂ ਕੱਟਦੇ ਤੇ ਤੇ ਤਾਲਾਬ ਤੋਂ ਪਾਣੀ ਲਿਆਉਂਦੇ ਹੋਏ ਬੀਤਿਆ। ਉਹ ਤੀਰਅੰਦਾਜ਼ ਬਣਨਾ ਚਾਹੁੰਦੀ ਸੀ ਪਰ ਮਨੀਪੁਰ ਦੀ ਦਿੱਗਜ ਵੇਟਲਿਫਟਰ ਕੁੰਜੁਰਾਨੀ ਦੇਵੀ ਬਾਰੇ ਪੜ੍ਹਣ ਤੋਂ ਬਾਅਦ ਉਨ੍ਹਾਂ ਨੇ ਇਸ ਖੇਡ ਨਾਲ ਜੁੜਨ ਦਾ ਫ਼ੈਸਲਾ ਕੀਤਾ।

**ਰਵੀ ਦਹੀਆ (ਸਿਲਵਰ ਮੈਡਲ)**

ਹਰਿਆਣਾ ਦੇ ਸੋਨੀਪਤ ਜ਼ਿਲ੍ਹੇ ਦੇ ਨਾਹਰੀ ਪਿੰਡ ਵਿਚ ਜਨਮੇ ਰਵੀ ਨੇ ਮਰਦਾਂ ਦੇ 57 ਕਿਲੋਗ੍ਰਾਮ ਫ੍ਰੀਸਟਾਈਲ ਕੁਸ਼ਤੀ ਵਿਚ ਸਿਲਵਰ ਮੈਡਲ ਜਿੱਤ ਕੇ ਆਪਣੀ ਤਾਕਤ ਤੇ ਤਕਨੀਕ ਦਾ ਲੋਹਾ ਮਨਵਾਇਆ। ਕਿਸਾਨ ਪਰਿਵਾਰ ਵਿਚ ਜਨਮੇ ਰਵੀ ਦਹੀਆ ਦਿੱਲੀ ਦੇ ਛਤਰਸਾਲ ਸਟੇਡੀਅਮ ਵਿਚ ਸਿਖਲਾਈ ਲੈਂਦੇ ਹਨ ਜਿੱਥੋਂ ਪਹਿਲਾਂ ਹੀ ਭਾਰਤ ਨੂੰ ਦੋ ਓਲੰਪਿਕ



ਮੈਡਲ ਜੇਤੂ ਸੁਸ਼ੀਲ ਕੁਮਾਰ ਤੇ ਯੋਗੇਸ਼ਵਰ ਦੱਤ ਮਿਲ ਚੁੱਕੇ ਹਨ। ਉਨ੍ਹਾਂ ਦੇ ਪਿਤਾ ਰਾਕੇਸ਼ ਕੁਮਾਰ ਨੇ ਉਨ੍ਹਾਂ ਨੂੰ 12 ਸਾਲ ਦੀ ਉਮਰ ਵਿਚ ਛਤਰਸਾਲ ਸਟੇਡੀਅਮ ਭੇਜਿਆ ਸੀ। ਉਨ੍ਹਾਂ ਦੇ ਪਿਤਾ ਰੋਜ਼ ਆਪਣੇ ਘਰ ਤੋਂ 60 ਕਿਲੋਮੀਟਰ ਦੂਰ ਛਤਰਸਾਲ ਸਟੇਡੀਅਮ ਤਕ ਦੁੱਧ ਤੇ ਮੱਖਣ ਲੈ ਕੇ ਪੁੱਜ ਜਾਂਦੇ ਸਨ। ਉਨ੍ਹਾਂ ਨੇ 2019 ਵਿਸ਼ਵ ਚੈਂਪੀਅਨਸ਼ਿਪ ਵਿਚ ਕਾਂਸੇ ਦਾ ਮੈਡਲ ਜਿੱਤ ਕੇ ਓਲੰਪਿਕ ਦਾ ਟਿਕਟ ਪੱਕਾ ਕੀਤਾ ਤੇ ਫਿਰ 2020 ਵਿਚ ਦਿੱਲੀ ਵਿਚ ਏਸ਼ਿਆਈ ਚੈਂਪੀਅਨਸ਼ਿਪ ਜਿੱਤੀ ਤੇ ਅਲਮਾਟੀ ਵਿਚ ਇਸ ਸਾਲ ਖ਼ਿਤਾਬ ਦਾ ਬਚਾਅ ਕੀਤਾ।

**ਪੀਵੀ ਸਿੰਧੂ (ਕਾਂਸਾ) :**

ਟੋਕੀਓ 2020 ਲਈ ਸਿੰਧੂ ਨੂੰ ਪਹਿਲਾਂ ਤੋਂ ਮੈਡਲ ਦਾ ਮਜ਼ਬੂਤ ਦਾਅਵੇਦਾਰ ਮੰਨਿਆ ਜਾ ਰਿਹਾ ਸੀ ਤੇ ਉਨ੍ਹਾਂ ਨੇ ਕਾਂਸੇ ਦਾ ਮੈਡਲ ਜਿੱਤ ਕੇ ਕਿਸੇ ਨੂੰ ਨਿਰਾਸ਼ ਨਹੀਂ ਕੀਤਾ। ਇਸ 26 ਸਾਲ ਦੀ ਖਿਡਾਰਨ ਨੇ ਇਸ ਤੋਂ ਪਹਿਲਾਂ 2016 ਰੀਓ ਓਲੰਪਿਕ ਵਿਚ ਸਿਲਵਰ ਮੈਡਲ ਜਿੱਤਿਆ ਸੀ। ਉਹ ਓਲੰਪਿਕ ਵਿਚ ਦੋ ਮੈਡਲ ਜਿੱਤਣ ਵਾਲੀ ਦੇਸ਼ ਦੀ ਪਹਿਲੀ ਮਹਿਲਾ ਤੇ ਕੁੱਲ ਦੂਜੀ ਖਿਡਾਰਨ ਹੈ। ਟੋਕੀਓ ਖੇਡਾਂ ਵਿਚ ਉਨ੍ਹਾਂ ਦੇ ਪ੍ਰਦਰਸ਼ਨ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਸੈਮੀਫਾਈਨਲ ਵਿਚ ਤਾਈ ਜ਼ੂ ਯੰਗ ਖ਼ਿਲਾਫ਼ ਦੋ ਗੇਮਾਂ ਗੁਆਉਣ ਤੋਂ ਪਹਿਲਾਂ ਉਨ੍ਹਾਂ ਨੇ ਇਕ ਵੀ ਗੇਮ ਵਿਚ ਹਾਰ ਦਾ ਸਾਹਮਣਾ ਨਹੀਂ ਕੀਤਾ ਸੀ। ਹੈਦਰਾਬਾਦ ਦੀ ਸ਼ਟਲਰ ਨੇ 2014 ਵਿਚ ਵਿਸ਼ਵ ਚੈਂਪੀਅਨਸ਼ਿਪ, ਏਸ਼ਿਆਈ ਖੇਡਾਂ, ਰਾਸ਼ਟਰਮੰਡਲ ਖੇਡਾਂ ਤੇ ਏਸ਼ਿਆਈ ਚੈਂਪੀਅਨਸ਼ਿਪ ਵਿਚ ਕਾਂਸੇ ਦਾ ਮੈਡਲ ਜਿੱਤਣ ਤੋਂ ਬਾਅਦ ਅੰਤਰਰਾਸ਼ਟਰੀ ਪੱਧਰ 'ਤੇ ਆਪਣੀ ਪਛਾਣ ਬਣਾਈ।

**ਮਰਦ ਹਾਕੀ ਟੀਮ (ਕਾਂਸਾ)**

ਭਾਰਤੀ ਮਰਦ ਹਾਕੀ ਟੀਮ ਨੇ ਕਾਂਸੇ ਦਾ ਮੈਡਲ ਜਿੱਤ ਕੇ ਇਸ ਖੇਡ ਵਿਚ 41 ਸਾਲ ਦੇ ਸੋਕੇ ਨੂੰ ਖ਼ਤਮ ਕੀਤਾ। ਇਹ ਮੈਡਲ ਹਾਲਾਂਕਿ ਗੋਲਡ ਨਹੀਂ ਸੀ ਪਰ ਦੇਸ਼ ਵਿਚ ਹਾਕੀ ਨੂੰ ਮੁੜ ਤੋਂ ਹਰਮਨਪਿਆਰਾ ਬਣਾਉਣ ਲਈ ਕਾਫੀ ਹੈ। ਗਰੁੱਪ ਗੇੜ ਦੇ ਦੂਜੇ ਮੈਚ ਵਿਚ ਆਸਟ੍ਰੇਲੀਆ ਖ਼ਿਲਾਫ਼ 1-7 ਨਾਲ ਬੁਰੀ ਤਰ੍ਹਾਂ ਹਾਰਨ ਤੋਂ ਬਾਅਦ ਕਪਤਾਨ ਮਨਪ੍ਰੀਤ ਸਿੰਘ ਦੀ ਅਗਵਾਈ ਵਿਚ ਟੀਮ ਨੇ ਸ਼ਾਨਦਾਰ ਵਾਪਸੀ ਕੀਤੀ। ਸੈਮੀਫਾਈਨਲ ਵਿਚ ਬੈਲਜੀਅਮ ਹੱਥੋਂ ਹਾਰਨ ਤੋਂ ਬਾਅਦ ਟੀਮ ਨੇ ਕਾਂਸੇ ਦੇ ਮੈਡਲ ਦੇ ਪਲੇਆਫ ਵਿਚ ਜਰਮਨੀ ਨੂੰ 5-4 ਨਾਲ ਮਾਤ ਦਿੱਤੀ। ਪੂਰੇ ਟੂਰਨਾਮੈਂਟ ਦੌਰਾਨ ਮਨ-ਪ੍ਰੀਤ ਦੀ ਪ੍ਰੇਰਣਾਦਾਇਕ ਕਪਤਾਨੀ ਨਾਲ ਗੋਲਕੀਪਰ ਪੀਆਰ ਸ਼੍ਰੀਜੇਸ਼ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ।

**ਲਵਲੀਨਾ ਬੋਰਗੋਹੇਨ (ਕਾਂਸਾ)**

ਅਸਮ ਦੀ ਲਵਲੀਨਾ ਨੇ ਆਪਣੇ ਪਹਿਲੇ ਓਲੰਪਿਕ ਵਿਚ ਕਾਂਸੇ ਦਾ ਮੈਡਲ ਜਿੱਤ ਕੇ ਇਤਿਹਾਸ ਰਚ ਦਿੱਤਾ। ਉਹ ਵਿਜੇਂਦਰ ਸਿੰਘ ਤੇ ਮੈਰੀ ਕਾਮ ਤੋਂ ਬਾਅਦ ਮੁੱਕੇਬਾਜ਼ੀ ਵਿਚ ਮੈਡਲ ਜਿੱਤਣ ਵਾਲੀ ਤੀਜੀ ਭਾਰਤੀ ਖਿਡਾਰੀ ਹੈ। 23 ਸਾਲ ਦੀ ਲਵਲੀਨਾ ਦਾ ਖੇਡਾਂ ਦੇ ਨਾਲ ਸਫਰ ਅਸਮ ਦੇ ਗੋਲਾਘਾਟ ਜ਼ਿਲ੍ਹੇ ਦੇ ਬਰੋ ਮੁਖੀਆ ਪਿੰਡ ਤੋਂ ਸ਼ੁਰੂ ਹੋਇਆ ਜਿੱਥੇ ਬਚਪਨ ਵਿਚ ਉਹ ਕਿੱਕ ਬਾਕਸਰ ਬਣਨਾ ਚਾਹੁੰਦੀ ਸੀ। ਓਲੰਪਿਕ ਦੀਆਂ ਤਿਆਰੀਆਂ ਲਈ 52 ਦਿਨਾਂ ਲਈ ਯੂਰਪੀ ਦੌਰੇ 'ਤੇ ਜਾਣ ਤੋਂ ਪਹਿਲਾਂ ਉਹ ਕੋਰੋਨਾ ਵਾਇਰਸ ਨਾਲ ਪੀੜਤ ਹੋ ਗਈ ਪਰ ਉਨ੍ਹਾਂ ਨੇ ਸ਼ਾਨਦਾਰ ਵਾਪਸੀ ਕਰਦੇ ਹੋਏ 69 ਕਿਲੋਗ੍ਰਾਮ ਵਰਗ ਵਿਚ ਚੀਨੀ ਤਾਇਪੇ ਦੀ ਸਾਬਕਾ ਵਿਸ਼ਵ ਚੈਂਪੀਅਨ ਨਿਏਨ-ਸ਼ਿਨ ਚੇਨ ਨੂੰ ਮਾਤ ਦਿੱਤੀ।

**ਬਜਰੰਗ ਪੂਨੀਆ (ਕਾਂਸਾ)**

ਇਨ੍ਹਾਂ ਖੇਡਾਂ ਤੋਂ ਪਹਿਲਾਂ ਬਜਰੰਗ ਨੂੰ ਗੋਲਡ ਮੈਡਲ ਦਾ ਸਭ ਤੋਂ ਵੱਡਾ ਦਾਅਵੇਦਾਰ ਮੰਨਿਆ ਜਾ ਰਿਹਾ ਸੀ। ਸੈਮੀਫਾਈਨਲ ਵਿਚ ਹਾਰ ਤੋਂ ਬਾਅਦ ਉਹ ਗੋਲਡ ਮੈਡਲ ਦੇ ਸੁਪਨੇ ਨੂੰ ਪੂਰਾ ਨਹੀਂ ਕਰ ਸਕੇ ਪਰ ਕਾਂਸੇ ਦਾ ਮੈਡਲ ਜਿੱਤ ਕੇ ਉਨ੍ਹਾਂ ਨੇ ਦੇਸ਼ ਦਾ ਨਾਂ ਉੱਚਾ ਜ਼ਰੂਰ ਕੀਤਾ। ਉਹ ਬਚਪਨ ਤੋਂ ਹੀ ਕੁਸ਼ਤੀ ਨੂੰ ਲੈ ਕੇ ਜਨੂੰਨੀ ਸੀ ਤੇ ਅੱਧੀ ਰਾਤ ਤੋਂ ਬਾਅਦ ਦੋ ਵਜੇ ਹੀ ਉੱਠ ਕੇ ਅਖਾੜੇ ਵਿਚ ਪੁੱਜ ਜਾਂਦੇ ਸਨ। ਕੁਸ਼ਤੀ ਦਾ ਜਨੂਨ ਅਜਿਹਾ ਸੀ ਕਿ 2008 ਵਿਚ ਖ਼ੁਦ 34 ਕਿੱਲੋ ਹੁੰਦੇ ਹੋਏ 60 ਕਿੱਲੋ ਦੇ ਭਲਵਾਨ ਨਾਲ ਭਿੜ ਗਏ ਤੇ ਉਸ ਨੂੰ ਚਿੱਤ ਕਰ ਦਿੱਤਾ।

**ਇਹ ਮੈਡਲ ਤੋਂ ਖੁੰਝੇ :**

**ਮਹਿਲਾ ਹਾਕੀ ਟੀਮ :**

ਰੀਓ 2016 ਵਿਚ ਆਖ਼ਰੀ ਸਥਾਨ 'ਤੇ ਰਹਿਣ ਵਾਲੀ ਟੀਮ ਨੇ ਟੋਕੀਓ ਵਿਚ ਚੌਥਾ ਸਥਾਨ ਹਾਸਲ ਕਰ ਕੇ ਸਭ ਨੂੰ ਹੈਰਾਨ ਕਰ ਦਿੱਤਾ। ਮਹਿਲਾ ਟੀਮ ਕਾਂਸੇ ਦੇ ਮੈਡਲ ਦੇ ਪਲੇਆਫ ਵਿਚ ਗ੍ਰੇਟ ਬ੍ਰਿਟੇਨ ਹੱਥੋਂ 3-4 ਨਾਲ ਹਾਰ ਗਈ ਪਰ ਪੂਰੇ ਟੂਰਨਾਮੈਂਟ ਵਿਚ ਉਸ ਨੇ ਕਮਾਲ ਦਾ ਜਜ਼ਬਾ ਦਿਖਾਇਆ।

**ਦੀਪਕ ਪੂਨੀਆ :**

ਦੀਪਕ ਪੂਨੀਆ ਕੁਸ਼ਤੀ ਦੇ 86 ਕਿਲੋਗ੍ਰਾਮ ਦੇ ਸੈਮੀਫਾਈਨਲ ਵਿਚ ਹਾਰਨ ਤੋਂ ਬਾਅਦ ਕਾਂਸੇ ਦੇ ਮੈਡਲ ਦੇ ਮੁਕਾਬਲੇ ਵਿਚ ਚੰਗੀ ਸਥਿਤੀ ਵਿਚ ਸਨ ਪਰ ਆਖ਼ਰੀ 10 ਸਕਿੰਟ ਵਿਚ ਵਿਰੋਧੀ ਭਲਵਾਨ ਨੇ ਉਨ੍ਹਾਂ ਨੂੰ ਮਾਤ ਦਿੱਤੀ।

**ਅਦਿਤੀ ਅਸ਼ੋਕ :**

ਮਹਿਲਾ ਗੋਲਫ ਵਿਚ 200ਵੀਂ ਰੈਂਕਿੰਗ ਦੀ ਖਿਡਾਰਨ ਅਦਿਤੀ ਅਸ਼ੋਕ ਓਲੰਪਿਕ ਵਿਚ ਆਪਣੀ ਖੇਡ ਦੇ ਆਖ਼ਰ ਤਕ ਮੈਡਲ ਦੀ ਦੌੜ ਵਿਚ ਬਣੀ ਹੋਈ ਸੀ ਪਰ ਉਹ ਦੋ ਸ਼ਾਟ ਨਾਲ ਇਸ ਤੋਂ ਖੁੰਝ ਗਈ ਤੇ ਚੌਥੇ ਸਥਾਨ 'ਤੇ ਰਹੀ। ਰੀਓ ਓਲੰਪਿਕ ਵਿਚ ਉਹ 41ਵੇਂ ਸਥਾਨ 'ਤੇ ਰਹੀ ਸੀ ਪਰ ਟੋਕੀਓ ਵਿਚ ਉਨ੍ਹਾਂ ਨੇ ਸ਼ਾਨਦਾਰ ਖੇਡ ਦੇ ਦਮ 'ਤੇ ਦੇਸ਼ ਦਾ ਦਿਲ ਜਿੱਤ ਲਿਆ।

ਦੇਸ਼ ਦੁਆਬਾ

# On India's 75th Independence Day
# DEMOCRACY AND SOCIAL JUSTICE

**Prem K. Chumber**
**Editor-in-Chief: www.ambedkartimes.com**

Democracy and social justice are interrelated social processes. The one is incomplete in the absence of the other. Democracy offers freedom space to realize equality and experience fraternity. Equality and fraternity are the two essential ingredients of social justice, which achieves its true form with the addition of liberty. Thus the trinity of liberty, equality and fraternity constitutes the essence of social justice and the institution of democracy provides the requisite realm for its realization. Though many scholars' boasts of ancient origins of democracy in India but it would be prudent to argue that democracy achieves its roots in the real sense of the term with the adoption of the constitution in independent India. Bodhisattva Baba Saheb Dr. Bhimrao Ramji Ambedkar, Chairman of Constitutional Drafting Committee, worked very hard to incorporate various provisions for the realization of social justice in the Indian society. He was of the firm views that if social and economic parity remains an elusive to the multitude of poor and historically socially excluded people in the country, then the very purpose of having parliamentary democracy would not be served efficiently. He reiterated the seminal point during his engaging discussions at various important forums within and outside the Indian parliament that for social justice to prevail in the country, India needs effective participation of the downtrodden in all the different spheres of the society.

The demand for social justice was also raised at various platforms during the freedom struggle movement in colonial India. Ad-Movements in North and South India, Justice Party in South India, Babu Mangu Ram Mugowalia from Punjab, Swami Achhuta Nand Ji from Uttar Pradesh, Baba Ghasi Das Ji from Madhya Pradesh, Sri Narayana Guru from Kerala raised a consistent campaign for the prevalence of social justice in the Indian society. Babu Mangu Ram Mugowalia presented a number of resolutions to the British Government for the removal of untouchability and special provisions for the inclusion of socially excluded sections of the society in the public realm of power and social domain.

Babu Mangu Ram Mugowalia joined hands with Bodhisattva Babasaheb Dr. Bhimrao Ramji Ambedkar in his struggle for equal rights for the socially excluded people of India. When Dr. Ambedkar spreaded its movement into the political agile lands of Punjab with the formation of Punjab chapter of Scheduled Castes Federation, there was a tremendous response from the grassroots. That was precisely the contributions of Ad Dharm movement which laid the foundation stone of social justice campaign in the Punjab state in the mid-1920s. But the irony of the matter is that even after more than seven decades of India's independence, Dalits in the country are still subjected to various types of atrocities and social discriminations. Though the Indian state, while making the optimum use of various anti untouchability clauses of the constitution, is doing its best to bridle the monster of caste, but still is more needed to be done at the social level where the people should come forward to internalize the values of liberty, equality and fraternity in order to realize the true sense of democracy and social justice.

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ



## ਅਦਾਰਾ 'ਦੇਸ਼ ਦੁਆਬਾ' ਵੱਲੋਂ ਭਾਰਤ ਦੀ ਆਜ਼ਾਦੀ ਦੇ 75ਵੇਂ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

# ਨਾਬਾਰਡ ਆਪਣੇ ਰਸਤੇ ਤੋਂ ਥਿੜਕਿਆ ਨਵੇਂ ਰਾਸ਼ਟਰੀ ਕਿਸਾਨ ਬੈਂਕ ਦੀ ਲੋੜ



ਅੰਮ੍ਰਿਤ ਸਾਗਰ ਮਿੱਤਲ

ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.), ਪ੍ਰਤੀਭੂਤੀਆਂ ਅਤੇ ਵਟਾਂਦਰਾ ਬੋਰਡ (ਸੇਬੀ), ਬੀਮਾ ਰੈਗੂਲੇਟਰੀ ਅਤੇ ਵਿਕਾਸ ਅਥਾਰਟੀ (ਆਈ.ਆਰ.ਡੀ.ਏ.) ਅਤੇ ਹੋਰ ਕਈ ਸੰਸਥਾਵਾਂ ਨੇ ਆਜ਼ਾਦੀ ਤੋਂ ਬਾਅਦ ਸਫਲਤਾ ਨਾਲ ਆਪਣੇ ਉਦੇਸ਼ਾਂ ਦੀ ਪ੍ਰਾਪਤੀ ਕੀਤੀ ਹੈ ਅਤੇ ਵਿਲੱਖਣ ਪੇਸ਼ੇਵਰਾਨਾ ਰਵੱਈਆ ਅਪਣਾ ਕੇ ਦੇਸ਼ ਦੀਆਂ ਉੱਭਰ ਰਹੀਆਂ ਆਰਥਿਕ ਚੁਣੌਤੀਆਂ ਦਾ ਸਾਹਮਣਾ ਵੀ ਕੀਤਾ ਹੈ। ਪਰ ਦੇਸ਼ ਵਿਚ ਖੇਤਰੀ, ਪੇਂਡੂ ਅਤੇ ਸਹਿਕਾਰੀ ਬੈਂਕਾਂ ਲਈ ਬਣੀ ਇਕ ਸਿਖਰਲੀ ਰੈਗੂਲੇਟਰੀ ਸੰਸਥਾ, ਨੈਸ਼ਨਲ ਬੈਂਕ ਫਾਰ ਐਗਰੀਕਲਚਰ ਐਂਡ ਰੂਰਲ ਡਿਵੈਲਪਮੈਂਟ (ਨਾਬਾਰਡ) ਨੇ, ਲਾਭ ਪਾਤਰੀਆਂ ਦੀਆਂ ਉਮੀਦਾਂ 'ਤੇ ਪਾਣੀ ਹੀ ਫੇਰਿਆ ਹੈ।

ਸ਼ਾਹੂਕਾਰਾਂ ਦੇ ਕਰਜ਼ੇ ਥੱਲੇ ਦੱਬੇ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਤੋਂ ਇਹੋ ਸਿੱਟਾ ਨਿਕਲਦਾ ਹੈ ਕਿ ਨਾਬਾਰਡ, ਜੋ ਕਿ 1982 ਵਿਚ ਹੋਂਦ 'ਚ ਆਇਆ ਸੀ, ਕਦੇ ਵੀ ਛੋਟੇ ਅਤੇ ਸੀਮਾਂਤ ਕਿਸਾਨਾਂ ਨੂੰ ਸੰਸਥਾਗਤ ਸਬਸਿਡੀ ਵਾਲਾ ਕਰਜ਼ਾ ਉਪਲਬਧ ਕਰਾਉਣ ਦੇ ਯੋਗ ਨਹੀਂ ਹੋ ਸਕਿਆ। ਕਿਸਾਨ ਅੱਜ ਵੀ ਸ਼ਾਹੂਕਾਰਾਂ ਤੋਂ ਭਾਰੀ ਵਿਆਜ 'ਤੇ ਕਰਜ਼ ਲੈਂਦਾ ਹੈ। ਨਾਬਾਰਡ, ਜਿਸ ਨੂੰ ਖੇਤੀਬਾੜੀ ਕਰਜ਼ੇ ਨੂੰ ਨਿਯਮਤ ਕਰਨ ਲਈ ਬਣਾਇਆ ਗਿਆ ਸੀ, ਨੇ ਨਿੱਜੀ ਕਾਰਪੋਰੇਸ਼ਨਾਂ ਵਿਚ ਨਿਵੇਸ਼ ਕਰਨਾ ਆਰੰਭ ਕਰ ਦਿੱਤਾ, ਜਿਸ ਕਾਰਨ ਉਹ ਆਪਣੇ ਉਦੇਸ਼ਾਂ ਤੋਂ ਥਿੜਕ ਗਿਆ। ਜ਼ਾਹਰ ਹੈ, ਹੁਣ ਇਕ ਨਵੇਂ 'ਰਾਸ਼ਟਰੀ ਕਿਸਾਨ ਬੈਂਕ' ਬਾਰੇ ਵਿਚਾਰ ਕਰਨ ਦਾ ਸਮਾਂ ਆ ਗਿਆ ਹੈ ਜੋ ਸਿਰਫ਼ ਖੇਤੀਬਾੜੀ ਅਤੇ ਪੇਂਡੂ ਵਿਕਾਸ ਨੂੰ ਹੀ ਸਮਰਪਿਤ ਹੋਵੇ।

ਨਾਬਾਰਡ ਅਸਲ 'ਚ ਇਕ ਵਿਕਾਸ ਅਤੇ ਵਿੱਤੀ ਸੰਸਥਾ (ਡੀ.ਐੱਫ.ਆਈ.) ਹੈ ਜੋ ਨਾਬਾਰਡ ਐਕਟ -1979 ਤਹਿਤ ਸਥਾਪਤ ਕੀਤੀ ਗਈ ਸੀ। ਇਸ ਦੀ ਪ੍ਰਸਤਾਵਨਾ ਵਿਚ ਦਰਜ ਹੈ ਕਿ ਇਹ 'ਖੇਤੀਬਾੜੀ ਅਤੇ ਇਸ ਦੇ ਨਾਲ ਸਬੰਧਿਤ ਸੂਖਮ ਉੱਦਮਾਂ, ਛੋਟੇ ਅਤੇ ਦਰਮਿਆਨੇ ਉੱਦਮਾਂ, ਕੁੱਲੀ (ਕੁਟੀਰ) ਅਤੇ ਪੇਂਡੂ ਉਦਯੋਗਾਂ, ਖੱਡੀ ਤੇ ਦਸਤਕਾਰੀ ਦੇ ਵਿਕਾਸ ਲਈ ਕਰਜ਼ਾ ਅਤੇ ਹੋਰ ਸਹੂਲਤਾਂ ਦੇਣ ਅਤੇ ਉਨ੍ਹਾਂ ਦੀ ਨਿਗਰਾਨੀ ਕਰਨ ਲਈ ਇਕ ਵਿਕਾਸ ਬੈਂਕ ਸਥਾਪਤ ਕਰਨ ਦਾ ਅਧਿਨਿਯਮ ਹੈ ਤੇ ਇਸ ਨਾਲ ਦਿਹਾਤੀ ਖੇਤਰ ਵਿਚ ਪੇਂਡੂ ਸ਼ਿਲਪਕਾਰੀ ਦੇ ਨਾਲ-ਨਾਲ ਦੂਜੀਆਂ ਸਹਾਇਕ ਆਰਥਿਕ ਸਰਗਰਮੀਆਂ ਅਮਲ ਵਿਚ ਲਿਆਂਦੀਆਂ ਜਾਣਗੀਆਂ, ਜਿਨ੍ਹਾਂ ਨਾਲ ਏਕੀਕ੍ਰਿਤ ਪੇਂਡੂ ਵਿਕਾਸ ਨੂੰ ਉਤਸ਼ਾਹਿਤ ਕਰਦੇ ਹੋਏ ਪੇਂਡੂ ਖੇਤਰਾਂ ਦੀ ਖੁਸ਼ਹਾਲੀ ਨੂੰ ਸੁਰੱਖਿਅਤ ਕਰਨ ਦਾ ਉਪਰਾਲਾ ਕੀਤਾ ਜਾ ਸਕੇ। ਕੇਂਦਰ ਸਰਕਾਰ, ਖੇਤੀਬਾੜੀ ਖੇਤਰ ਲਈ, ਹਰ ਸਾਲ ਸਬਸਿਡੀ ਵਾਲੇ ਕਰਜ਼ੇ ਦੀ ਹੱਦ ਵਿਚ ਵਾਧਾ ਕਰਦੀ ਹੈ। ਪਿਛਲੇ 10 ਸਾਲਾਂ ਵਿਚ ਖੇਤੀਬਾੜੀ ਕਰਜ਼ੇ ਵਿਚ 350 ਫ਼ੀਸਦੀ ਦਾ ਵਾਧਾ ਹੋ ਚੁੱਕਾ ਹੈ। 2011-12 ਵਿਚ ਕਰਜ਼ੇ ਦਾ ਟੀਚਾ 4.75 ਲੱਖ ਕਰੋੜ ਰੁਪਏ ਸੀ ਜੋ ਹੁਣ 2021-22 ਵਿਚ 16.50 ਲੱਖ ਕਰੋੜ ਰੁਪਏ ਹੋ ਗਿਆ ਹੈ ਤੇ ਇਸ ਵਿਚ 20.875 ਕਰੋੜ ਰੁਪਏ ਦੀ ਸਬਸਿਡੀ ਵੀ ਸ਼ਾਮਿਲ ਹੈ। ਇਹ ਅੰਕੜੇ ਤਾਂ ਸਿਰਫ ਪ੍ਰਬੰਧਿਤ ਟੀਚੇ ਦੇ ਅਨੁਮਾਨਤ ਅੰਕੜੇ ਹੁੰਦੇ ਹਨ ਜੋ ਕਿ ਖੇਤੀ ਖੇਤਰ ਦੀ ਕਾਰਗੁਜ਼ਾਰੀ ਜਾਂ ਕਿਸਾਨਾਂ ਦੀ ਆਪਣੀ ਆਮਦਨੀ ਨਾਲ ਕਦੇ ਮੇਲ ਨਹੀਂ ਖਾਂਦੇ।

ਹੁਣ ਵੱਡਾ ਸੁਆਲ ਇਹ ਹੈ ਕਿ ਆਖ਼ਰ ਸਾਰਾ ਕਰਜ਼ਾ ਤੇ ਸਬਸਿਡੀ ਜਾ ਕਿੱਥੇ ਰਹੇ ਨੇ? ਕੀ ਇਸ ਦਾ ਕਿਸਾਨਾਂ ਨੂੰ ਕੋਈ ਫਾਇਦਾ ਹੋ ਰਿਹਾ ਹੈ? ਕੌੜਾ ਸੱਚ ਤਾਂ ਇਹ ਹੈ ਕਿ 4 ਤੋਂ 7 ਫ਼ੀਸਦੀ ਦੀ ਦਰ 'ਤੇ ਦਿੱਤੇ ਜਾਣ ਵਾਲੇ ਸਬਸਿਡੀ ਵਾਲੇ ਕਰਜ਼ੇ ਨੂੰ ਘੁਮਾ-ਫਿਰਾ ਕੇ ਖੁੱਲ੍ਹੇ ਬਾਜ਼ਾਰ ਵਿਚ ਕਿਸਾਨਾਂ ਨੂੰ 24 ਫ਼ੀਸਦੀ ਦੀ ਉੱਚ ਦਰ 'ਤੇ ਚੇਪ ਦਿੱਤਾ ਜਾਂਦਾ ਹੈ। ਵਿਆਜ ਤੇ ਸਬਸਿਡੀ ਦੇਣ ਕਾਰਨ ਵਰ੍ਹਿਆਂ ਤੋਂ ਖੇਤੀਬਾੜੀ ਦੇ ਕਰਜ਼ੇ ਦਾ ਗ਼ਲਤ ਇਸਤੇਮਾਲ ਹੋ ਰਿਹਾ ਹੈ, ਕਿਉਂ ਜੋ ਇਸ ਦਾ ਆਡਿਟ ਕਰਨ ਦਾ ਤਾਂ ਨਿਯਮ ਹੀ ਨਹੀਂ ਹੈ।

ਦੇਸ਼ ਦੇ 12.56 ਕਰੋੜ ਛੋਟੇ ਤੇ ਸੀਮਾਂਤ ਕਿਸਾਨਾਂ 'ਚੋਂ 20 ਫ਼ੀਸਦੀ ਕਿਸਾਨਾਂ ਤੱਕ ਪਿਛਲੇ ਦਹਾਕੇ ਤੋਂ ਸਬਸਿਡੀ ਵਾਲਾ ਕਰਜ਼ਾ ਪੁੱਜਾ ਹੀ ਨਹੀਂ। ਅੱਜ ਵੀ 90 ਫ਼ੀਸਦੀ ਟਰੈਕਟਰਾਂ ਅਤੇ ਖੇਤੀ ਉਪਕਰਨਾਂ ਨੂੰ ਐਨ.ਬੀ.ਐਫ.ਸੀ. (ਗ਼ੈਰ ਬੈਂਕਿੰਗ ਵਿੱਤੀ ਕੰਪਨੀਆਂ) ਕਿਸਾਨਾਂ ਨੂੰ 18 ਫ਼ੀਸਦੀ ਦੀ ਉੱਚੀ ਦਰ 'ਤੇ ਫਾਇਨਾਂਸ ਕਰ ਰਹੀਆਂ ਹਨ ਜਦੋਂ ਕਿ ਬੈਂਕਾਂ ਤੋਂ ਇਹੀ ਕਰਜ਼ਾ ਲੰਮੇ ਸਮੇਂ ਲਈ 11 ਫ਼ੀਸਦੀ ਦੀ ਵਿਆਜ ਦਰ 'ਤੇ ਮਿਲ ਜਾਂਦਾ ਹੈ। 2008 ਵਾਂਗ, ਇਹ ਸੋਚ ਕੇ ਕਿ ਕਿਤੇ ਕਰਜ਼ਾ ਮੁਆਫ਼ ਹੀ ਨਾ ਹੋ ਜਾਵੇ ਜਾਂ ਕਿਤੇ ਰਿਕਵਰੀ ਘੱਟ ਨਾ ਹੋਵੇ, ਬੈਂਕ ਹੁਣ ਕਰਜ਼ਾ ਦੇਣ ਤੋਂ ਝਿਜਕ ਰਹੇ ਹਨ।

ਬਦਕਿਸਮਤੀ ਨਾਲ, ਸਬਸਿਡੀ ਵਾਲੇ ਕਰਜ਼ੇ ਦੀ ਮਾਤਰਾ ਤਾਂ ਦਹਾਕਿਆਂ 'ਚ ਕਾਫੀ ਵਧੀ ਹੈ ਪਰ ਇਸ ਦਾ ਸਰੂਪ ਖ਼ਰਾਬ ਹੋ ਚੁੱਕਿਆ ਹੈ, ਕਾਰਨ ਇਹ ਕਿ ਸੰਸਥਾਗਤ ਢਾਂਚਿਆਂ ਨੇ ਅਜਿਹੇ ਅਦਾਰਿਆਂ ਨੂੰ ਆਪਣੀਆਂ ਤਰਜੀਹਾਂ ਤੋਂ ਥਿੜਕਣ ਦੀ ਆਗਿਆ ਜੋ ਦਿੱਤੀ ਹੈ। ਖੇਤਰੀ ਪੇਂਡੂ ਬੈਂਕ (ਆਰ.ਆਰ.ਬੀ.) ਵਰਗੀਆਂ ਗ਼ੈਰ-ਵਪਾਰਕ ਸੰਸਥਾਵਾਂ ਵੀ ਵਪਾਰਕ ਹੋ ਗਈਆਂ ਹਨ।

ਦਰਅਸਲ ਖੇਤੀਬਾੜੀ ਕਰਜ਼ੇ ਦੀ ਪਰਿਭਾਸ਼ਾ ਬਹੁਤ ਢਿੱਲੀ ਹੈ, ਨੁਕਸ ਭਰੀ ਹੈ, ਇਸੇ ਕਾਰਨ ਸਬਸਿਡੀ ਲੀਕ ਹੋ ਕੇ ਐਨ.ਬੀ.ਐਫ.ਸੀ. ਕੋਲ ਚਲੀ ਜਾਂਦੀ ਹੈ। ਨਾਬਾਰਡ ਨੇ ਮਹਾਰਾਸ਼ਟਰ ਵਰਗੇ ਵੱਡੇ ਰਾਜਾਂ ਨੂੰ ਜੋ ਖੇਤੀ ਕਰਜ਼ੇ ਵੰਡੇ ਉਨ੍ਹਾਂ 'ਚੋਂ ਕਰੀਬ 50 ਫ਼ੀਸਦੀ ਮੁੰਬਈ ਸ਼ਹਿਰ ਅਤੇ ਉਨ੍ਹਾਂ ਉਪਨਗਰਾਂ ਨੂੰ ਜਾਰੀ ਕੀਤੇ ਗਏ ਸਨ ਜਿੱਥੇ ਖੇਤੀਬਾੜੀ ਕਰਨ ਵਾਲੇ ਹੀ ਨਹੀਂ ਹਨ, ਹਾਂ ਖੇਤੀਬਾੜੀ ਦੇ ਕਾਰੋਬਾਰ ਵਿਚ ਲੱਗੀਆਂ ਐਨ.ਬੀ.ਐਫ.ਸੀ. ਜ਼ਰੂਰ ਹਨ। ਰਾਸ਼ਟਰੀ ਬੈਂਕ ਨੇ ਕਿਸਾਨਾਂ ਲਈ ਕੰਮ ਕਰਨ ਵਾਲੇ ਖਾਦ, ਕੀਟਨਾਸ਼ਕ, ਬੀਜ ਅਤੇ ਖੇਤੀਬਾੜੀ ਉਪਕਰਨਾਂ ਦੇ ਡੀਲਰਾਂ ਤੇ ਵਪਾਰੀਆਂ ਨੂੰ ਵੀ ਅਸਿੱਧੇ ਤੌਰ 'ਤੇ ਕਰਜ਼ੇ ਵੰਡ ਦਿੱਤੇ।

### ਉਦੇਸ਼ਾਂ ਨਾਲ ਕੀਤਾ ਗਿਆ ਸਮਝੌਤਾ

ਨਾਬਾਰਡ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਚੁੱਕੀ ਹੈ, ਕਿਉਂਕਿ ਉਹ ਹੁਣ ਨਿੱਜੀ ਕਾਰਪੋਰੇਸ਼ਨਾਂ ਵਿਚ ਨਿਵੇਸ਼ ਕਰ ਰਿਹਾ ਹੈ ਅਤੇ ਨਾਨ-ਬੈਂਕਿੰਗ ਵਿੱਤੀ ਕੰਪਨੀਆਂ, ਮਾਈਕਰੋ ਵਿੱਤੀ ਸੰਸਥਾਵਾਂ (ਐਨ.ਬੀ.ਐਫ.ਸੀ.-ਐਮ.ਐਫ.ਆਈ.) ਨੂੰ ਵੀ ਫੰਡਿੰਗ ਕਰ ਰਿਹਾ ਹੈ। ਪਰ ਐਨ.ਬੀ.ਐਫ.ਸੀ.-ਐਮ.ਐਫ.ਆਈ. ਵਿਚ ਨਿਵੇਸ਼ ਦਾ ਵੀ ਹੁਣ ਮਾੜਾ ਹਾਲ ਹੋ ਗਿਆ ਹੈ। ਨਾਬਾਰਡ, ਜਿਸ ਦੇ ਕੋਲ 2018 ਤੱਕ ਐਨ.ਪੀ.ਏ. (ਗ਼ੈਰ-ਕਾਰਗੁਜ਼ਾਰੀ ਸੰਪਤੀ) ਖ਼ਰਾਬ ਕਰਜ਼ੇ ਦੇ ਨਾਂਅ 'ਤੇ ਧੇਲਾ ਵੀ ਨਹੀਂ ਸੀ, ਨੂੰ 31 ਮਾਰਚ, 2020 ਤੱਕ ਐਨ.ਪੀ.ਏ. ਲਈ 703.90 ਕਰੋੜ ਰੁਪਏ ਅਤੇ ਗ਼ੈਰ-ਕਾਰਗੁਜ਼ਾਰੀ ਨਿਵੇਸ਼ਾਂ ਲਈ 564.86 ਕਰੋੜ ਰੁਪਏ ਵੱਖ ਮੁਹੱਈਆ ਕਰਵਾਉਣੇ ਪਏ। ਹਾਲਾਂਕਿ ਹਰ ਤਿਮਾਹੀ ਵਿਚ ਆਰ.ਬੀ.ਆਈ. ਬਲੈਕਲਿਸਟਡ ਐਨ.ਬੀ.ਐਫ.ਸੀਜ਼ ਦੀਆਂ ਨਵੀਆਂ ਸੂਚੀਆਂ ਪ੍ਰਕਾਸ਼ਿਤ ਕਰ ਰਿਹਾ ਹੈ ਪਰ ਫਿਰ ਵੀ ਹੁਣ 2020-21 ਦੇ ਬਜਟ ਵਿਚ ਵੀ, ਵਿੱਤ ਮੰਤਰੀ ਨੇ ਨਾਬਾਰਡ ਨੂੰ ਕਿਹਾ ਹੈ ਕਿ ਉਹ ਐਨ.ਬੀ.ਐਫ.ਸੀ. ਸੰਸਥਾਵਾਂ ਦੀ ਹੋਰ ਸਹਾਇਤਾ ਕਰੇ।

ਪੇਂਡੂ ਬੁਨਿਆਦੀ ਢਾਂਚਾ ਵਿਕਾਸ ਫ਼ੰਡ ਦੀ ਵਿਵਸਥਾ ਨਾਬਾਰਡ ਕਰਦਾ ਹੈ ਤੇ ਫਿਰ ਨਾਬਾਰਡ ਸੂਬਿਆਂ ਦੇ ਬੁਨਿਆਦੀ ਢਾਂਚਾ ਪ੍ਰਾਜੈਕਟਾਂ ਲਈ ਪੈਸੇ ਕਿਉਂ ਦੇਵੇ ਤੇ ਉਹ ਵੀ ਸ਼ਹਿਰੀ ਖੇਤਰਾਂ ਵਿਚ ਤੇ ਨਾਲ ਹੀ ਉਹ ਸੂਬਿਆਂ ਦੀਆਂ ਗ਼ੈਰ-ਖੇਤੀਬਾੜੀ ਅਤੇ ਸਹਾਇਕ ਸਰਗਰਮੀਆਂ ਅਤੇ ਕੁਟੀਰ ਉਦਯੋਗ ਦੀ ਫੰਡਿੰਗ ਵਾਸਤੇ ਬੈਂਕ ਬਣ ਕੇ ਸੌਦੇਬਾਜ਼ੀ ਕਿਉਂ ਕਰੇ। ਇਹ ਸਹਿਕਾਰੀ ਬੈਂਕਾਂ ਅਤੇ ਖੇਤਰੀ ਪੇਂਡੂ ਬੈਂਕਾਂ ਨੂੰ ਨਰਮ ਦਰਾਂ 'ਤੇ ਮੁੜ ਵਿੱਤੀ ਸਹਾਇਤਾ ਦੇਣ ਦੀ ਬਜਾਏ ਖਜ਼ਾਨਾ ਕਾਰੋਬਾਰ (ਸ਼ੁੱਧ ਵਿੱਤੀ ਸੰਚਾਲਨ) ਨੂੰ ਤਰਜੀਹ ਦੇ ਰਿਹਾ ਹੈ ਅਤੇ ਉਸ ਦੇ ਜ਼ਰੀਏ ਹੀ ਹਰ ਕਿਸਮ ਦੇ ਕਿਸਾਨ ਨੂੰ ਉਧਾਰ ਦਿੰਦਾ ਹੈ। ਉਦੇਸ਼ਾਂ ਨਾਲ ਸਮਝੌਤਾ ਕੀਤਾ ਜਾ ਰਿਹਾ ਹੈ, ਇਸੇ ਕਰਕੇ ਵਿੱਤੀ ਸੰਕਟ ਦਾ ਸਾਹਮਣਾ ਕਰ ਰਹੇ ਆਰ.ਆਰ.ਬੀ. ਅਤੇ ਸਹਿਕਾਰੀ ਬੈਂਕਾਂ ਦੇ ਗ਼ਲਤ ਪ੍ਰਬੰਧਾਂ ਨੇ ਕਿਸਾਨਾਂ ਨੂੰ ਤਾਜ਼ਾ ਉਧਾਰ ਦੇਣਾ ਲਗਭਗ ਬੰਦ ਕਰ ਦਿੱਤਾ ਹੈ। ਕਿਉਂਕਿ ਉਦੇਸ਼ਾਂ ਨਾਲ ਸਮਝੌਤਾ ਕੀਤਾ ਗਿਆ ਹੈ, ਇਸੇ ਲਈ ਬਦਇੰਤਜ਼ਾਮੀ ਦਾ ਸ਼ਿਕਾਰ ਹੋਏ ਖੇਤਰੀ ਪੇਂਡੂ ਬੈਂਕਾਂ ਅਤੇ ਸਹਿਕਾਰੀ ਬੈਂਕਾਂ ਨੇ ਵਿੱਤੀ ਸੰਕਟ ਕਾਰਨ ਕਿਸਾਨਾਂ ਨੂੰ ਤਾਜ਼ਾ ਉਧਾਰ ਦੇਣਾ ਬੰਦ ਹੀ ਕਰ ਦਿੱਤਾ ਹੈ।

### ਅੱਗੇ ਦਾ ਰਾਹ

ਹੁਣ ਜਦੋਂ ਕਿ ਨਾਬਾਰਡ ਅਤੇ ਪਬਲਿਕ ਸੈਕਟਰ ਦੇ ਬੈਂਕ ਤਰਜੀਹੀ ਸੈਕਟਰ ਨੂੰ ਉਧਾਰ ਦੇਣ ਲਈ ਅਤੇ ਆਪਣੀ ਮਨਭਾਉਂਦੀ ਭੂਮਿਕਾ ਨੂੰ ਪੂਰਾ ਕਰਨ ਵਿਚ ਅਸਫਲ ਹੋ ਚੁੱਕੇ ਹਨ, ਇਸ ਲਈ ਹੁਣ ਇਕ ਨਵੀਂ ਸਿਖਰ, ਗ਼ੈਰ-ਵਪਾਰਕ ਸੰਸਥਾ ਦੀ ਲੋੜ ਹੈ ਜੋ ਸਬਸਿਡੀ ਵਾਲੇ ਖੇਤੀ ਕਰਜ਼ੇ ਅਤੇ ਵਸੂਲੀ ਨੂੰ ਮੁੜ ਲੀਹ 'ਤੇ ਲਿਆ ਸਕੇ। ਇਸ ਸਿਖਰਲੀ ਸੰਸਥਾ ਨੂੰ ਚਾਹੀਦਾ ਹੈ ਕਿ ਇਹ ਸਿੱਧੀ ਕਿਸਾਨਾਂ, ਆਰ.ਆਰ.ਬੀ., ਸਹਿਕਾਰੀ ਅਤੇ ਭੂਮੀ ਵਿਕਾਸ ਬੈਂਕਾਂ ਨੂੰ ਦੁਬਾਰਾ ਵਿੱਤੀ ਪ੍ਰਬੰਧ ਕਰਵਾਉਣ ਵਿਚ ਜੁਟ ਜਾਵੇ।

ਸਮਾਂ ਆ ਗਿਆ ਹੈ ਕਿ ਭਾਰਤੀ ਰਿਜ਼ਰਵ ਬੈਂਕ ਹੁਣ ਖੇਤੀ ਅਤੇ ਪੇਂਡੂ ਵਿਕਾਸ ਲਈ ਇਕ ਵੱਖਰੀ ਕਿਸਮ ਦੇ ਬੈਂਕ ਦੇ ਲਾਇਸੈਂਸ ਬਾਰੇ ਵਿਚਾਰ ਕਰੇ। ਸਮੇਂ ਦੀ ਮੰਗ ਹੈ ਕਿ ਇਕ ਨਵਾਂ 'ਰਾਸ਼ਟਰੀ ਕਿਸਾਨ ਬੈਂਕ' ਹੋਂਦ ਵਿਚ ਆਵੇ ਜਿਸ ਦੇ ਕੋਲ ਵਿਆਪਕ ਪ੍ਰਭਾਵਸ਼ਾਲੀ ਨੈੱਟਵਰਕ ਵਾਲੀ ਖੇਤੀ ਮੁਹਾਰਤ ਹੋਵੇ, ਤਾਂ ਜੋ ਇਹ ਬੈਂਕ ਅਦਾਇਗੀਆਂ ਅਤੇ ਕਰਜ਼ਿਆਂ ਦੀ ਵਸੂਲੀ ਨੂੰ ਸਮੇਂ ਸਿਰ ਯਕੀਨੀ ਬਣਾ ਸਕੇ। ਜੇਕਰ ਵਿੱਤ ਮੰਤਰੀ ਖ਼ੁਦ ਵਿੱਤੀ ਸੰਸਥਾਵਾਂ ਵਿਚ ਸੁਧਾਰ ਲਿਆਉਣ ਦੇ ਵਾਕਈ ਚਾਹਵਾਨ ਹਨ, ਤਾਂ 'ਰਾਸ਼ਟਰੀ ਕਿਸਾਨ ਬੈਂਕ' ਇਕ ਅਜਿਹੇ ਹੀ ਸੁਧਾਰ ਵਜੋਂ ਉੱਭਰ ਸਕਦਾ ਹੈ ਜਿਸ ਦੀ ਹੁਣ ਲੋੜ ਹੈ। ਇਹ ਪੇਂਡੂ ਖੇਤਰ ਦੇ ਅੱਧੇ ਤੋਂ ਜ਼ਿਆਦਾ ਮਜ਼ਦੂਰਾਂ/ਕਾਮਿਆਂ ਨੂੰ ਰੁਜ਼ਗਾਰ ਅਤੇ ਆਮਦਨੀ ਦੇ ਸਾਧਨ ਮੁਹੱਈਆ ਕਰਨ ਅਤੇ ਪੇਂਡੂ ਖੇਤਰ ਵਿਚ ਖੇਤੀ ਅਤੇ ਗ਼ੈਰ-ਖੇਤੀਬਾੜੀ ਵਰਗੇ ਨਵੇਂ ਉੱਦਮ ਸ਼ੁਰੂ ਕਰਨ ਅਤੇ ਕੱਲਮ-ਕੱਲੇ ਉੱਦਮੀ ਲਈ ਸੰਸਥਾਗਤ ਕਰਜ਼ਾ ਯਕੀਨੀ ਬਣਾ ਸਕੇਗਾ।

* *(ਲੇਖਕ, ਸੋਨਾਲੀਕਾ ਗਰੁੱਪ ਦੇ ਵਾਈਸ ਚੇਅਰਮੈਨ, ਕੈਬਨਿਟ ਮੰਤਰੀ ਰੈਂਕ ਵਿਚ ਪੰਜਾਬ ਯੋਜਨਾ ਬੋਰਡ ਦੇ ਵਾਈਸ ਚੇਅਰਮੈਨ, ਅਤੇ ਐਸੋਚੈਮ ਨਾਰਦਰਨ ਕੌਂਸਲ ਦੇ ਚੇਅਰਮੈਨ ਹਨ) (ਧੰਨਵਾਦ ਸਹਿਤ)*


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ


ਗੁਰਿੰਦਰਜੀਤ ਨੀਟਾ ਮਾਛੀਕੇ

## ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ


ਕੁਲਵੰਤ ਧਾਲੀਆਂ

# ਅਮਰੀਕਾ ਦੀ ਇਸ ਟਰੈਕ ਐਥਲੀਟ ਨੇ ਟੋਕੀਓ ਉਲੰਪਿਕ ਵਿੱਚ ਜਿੱਤੇ 11 ਮੈਡਲ


**ਫਰਿਜ਼ਨੋ (ਕੈਲੀਫੋਰਨੀਆ)**- ਜਪਾਨ ਦੇ ਸ਼ਹਿਰ ਟੋਕੀਓ ਵਿੱਚ ਚੱਲ ਰਹੀਆਂ ਉਲੰਪਿਕ ਖੇਡਾਂ ਵਿੱਚ ਇੱਕ ਅਮਰੀਕੀ ਮਹਿਲਾ ਟਰੈਕ ਐਥਲੀਟ ਨੇ 11 ਮੈਡਲ ਜਿੱਤੇ ਹਨ। ਐਲਿਸਨ ਫੇਲਿਕਸ ਨਾਮ ਦੀ ਇਹ ਐਥਲੀਟ ਹੁਣ ਸਭ ਤੋਂ ਵੱਧ ਮੈਡਲ ਜਿੱਤਣ ਵਾਲੀ ਅਮਰੀਕੀ ਐਥਲੀਟ ਬਣ ਗਈ ਹੈ। ਉਸਨੇ ਸ਼ਨੀਵਾਰ ਨੂੰ ਆਪਣਾ 11 ਵਾਂ ਤਮਗਾ ਜਿੱਤਿਆ। ਇਸ ਤੋਂ ਪਹਿਲਾਂ ਅਮਰੀਕਾ ਵਿੱਚ ਕਾਰਲ ਲੇਵਿਸ ਨੇ ਯੂ ਐਸ ਟਰੈਕ ਐਥਲੀਟ ਦੇ ਰੂਪ ਵਿੱਚ ਜਿਆਦਾ ਤਮਗੇ ਜਿੱਤਣ ਦਾ ਇਹ ਖਿਤਾਬ ਹਾਸਲ ਕੀਤਾ ਸੀ। ਫੇਲਿਕਸ ਦੇ 11 ਮੈਡਲਾਂ ਵਿੱਚੋਂ ਸੱਤ ਗੋਲਡ, ਤਿੰਨ ਚਾਂਦੀ ਅਤੇ ਇੱਕ ਕਾਂਸੀ ਦਾ ਮੈਡਲ ਹੈ। 35 ਸਾਲ ਦੀ ਉਮਰ ਵਿੱਚ, ਫੇਲਿਕਸ ਟਰੈਕ ਐਂਡ ਫੀਲਡ ਗੋਲਡ ਮੈਡਲ ਜਿੱਤਣ ਵਾਲੀ ਸਭ ਤੋਂ ਵੱਧ ਉਮਰ ਦੀ ਅਮਰੀਕੀ ਮਹਿਲਾ ਵੀ ਹੈ। ਫੇਲਿਕਸ ਨੇ



ਵਧੀਆ ਖੇਡ ਦਾ ਪ੍ਰਦਰਸ਼ਨ ਕਰਦਿਆਂ, ਦੂਜੇ ਦੇਸ਼ਾਂ ਦੀਆਂ ਟੀਮਾਂ, ਐਥਲੀਟਾਂ ਨਾਲੋਂ ਕਈ ਸਕਿੰਟ ਪਹਿਲਾਂ ਆਪਣੀ ਟੀਮ ਲਈ ਜਿੱਤ ਪੈਰਾਪਤ ਕੀਤੀ। ਟੋਕੀਓ ਖੇਡਾਂ ਨੇ ਫੇਲਿਕਸ ਨੂੰ ਇੱਕ ਮਾਂ ਵਜੋਂ ਵੀ ਦਰਸਾਇਆ ਹੈ। ਉਸਨੇ ਜੂਨ ਵਿੱਚ ਯੂ ਐਸ ਟਰੈਕ ਅਤੇ ਫੀਲਡ ਓਲੰਪਿਕ ਟਰਾਇਲਾਂ ਵਿੱਚ ਪੈਰਦਰਸ਼ਨ ਦੇ ਬਾਅਦ ਆਪਣੀ ਧੀ ਕੈਮਰੀ ਗੈਰੇਸ, ਅਤੇ ਸਾਥੀ ਓਲੰਪੀਅਨ ਕਵੇਨੇਰਾ ਹੇਅਸ ਅਤੇ ਉਸਦੇ ਬੇਟੇ ਡੇਮੇਟੈਰੀਅਸ ਦੇ ਨਾਲ ਆਪਣੇ ਖੁਸ਼ੀ ਦੇ ਪਲ ਸਾਂਝੇ ਕੀਤੇ। ਇਹ ਮਹਿਲਾ ਐਥਲੀਟ ਉਹਨਾਂ ਲੋਕਾਂ ਲਈ ਇੱਕ ਜਵਾਬ ਹੈ ਜੋ ਔਰਤਾਂ ਨੂੰ ਕਮਜੋਰ ਸਮਝਦੇ ਹਨ ਅਤੇ ਉਹਨਾਂ ਮਹਿਲਾਵਾਂ ਲਈ ਇੱਕ ਪੈਰੇਰਨਾ ਹੈ ਜੋ ਆਪਣੀ ਜਿੰਦਗੀ ਵਿਚ ਕੋਈ ਮੁਕਾਮ ਹਾਸਲ ਕਰਨਾ ਚਾਹੁੰਦੀਆਂ ਹਨ।

# ਪੱਛਮੀ ਅਮਰੀਕਾ ਦੀਆਂ ਜੰਗਲੀ ਅੱਗਾਂ ਦਾ ਧੂੰਆਂ ਹਜਾਰਾਂ ਮੀਲ ਦੂਰ ਸ਼ਹਿਰਾਂ ਨੂੰ ਕਰ ਰਿਹਾ ਹੈ ਪ੍ਰਭਾਵਿਤ

**ਫਰਿਜ਼ਨੋ (ਕੈਲੀਫੋਰਨੀਆ)**- ਅਮਰੀਕਾ ਦੇ ਪੱਛਮੀ ਖੇਤਰਾਂ ਵਿੱਚ ਲੱਗੀ ਭਿਆਨਕ ਜੰਗਲ ਦੀ ਅੱਗ ਦਾ ਧੂੰਆਂ 1,000 ਮੀਲ ਤੋਂ ਵੱਧ ਦੂਰ ਸ਼ਹਿਰਾਂ ਵਿੱਚ ਹਵਾ ਦੀ ਗੁਣਵੱਤਾ ਨੂੰ ਪ੍ਰਭਾਵਤ ਕਰ ਰਿਹਾ ਹੈ। ਇਸ ਵੇਲੇ ਅਮਰੀਕਾ ਦੇ ਪੱਛਮੀ ਖੇਤਰਾਂ ਵਿੱਚ 100 ਤੋਂ ਵੱਧ ਜੰਗਲੀ ਅੱਗਾਂ ਤਬਾਹੀ ਮਚਾ ਰਹੀਆਂ ਹਨ, ਜਿਹਨਾਂ ਦਾ ਵੱਡਾ ਹਿੱਸਾ ਕੈਲੀਫੋਰਨੀਆ ਤੋਂ ਮੋਂਟਾਨਾ ਤੱਕ ਹੈ, ਪਰ ਇਹਨਾਂ ਦਾ ਧੂੰਆਂ ਦੇਸ਼ ਦੇ ਬਾਕੀ ਹਿੱਸਿਆਂ ਵਿੱਚ ਵੀ ਫੈਲ ਰਿਹਾ ਹੈ। ਕੈਲੀਫੋਰਨੀਆ ਦੇ ਖੇਤਰਾਂ ਵਿੱਚ ਤਾਂ ਜੰਗਲੀ ਅੱਗਾਂ ਦਾ ਧੂੰਆਂ ਵਾਤਾਵਰਨ ਨੂੰ ਖਰਾਬ ਕਰ ਹੀ ਰਿਹਾ ਹੈ ਬਲਕਿ 1,200 ਮੀਲ ਤੋਂ ਵੀ ਜ਼ਿਆਦਾ ਦੂਰ ਡੇਨਵਰ ਵਿੱਚ ਵੀ ਹਵਾ ਦੀ ਗੁਣਵੱਤਾ ਘਟ ਰਹੀ ਹੈ। ਆਈ ਕਿਯੂ ਏਅਰ ਜੋ ਕਿ ਇੱਕ ਡਾਟਾ



ਟੂਲ ਹੈ ਅਤੇ ਦੁਨੀਆ ਭਰ ਦੇ ਸ਼ਹਿਰਾਂ ਵਿੱਚ ਹਵਾ ਦੀ ਗੁਣਵੱਤਾ ਨੂੰ ਮਾਪਦਾ ਅਤੇ ਦਰਜਾ ਦਿੰਦਾ ਹੈ ਦੇ ਅਨੁਸਾਰ ਸ਼ਨੀਵਾਰ ਦੁਪਹਿਰ ਨੂੰ, ਡੇਨਵਰ ਦੀ ਹਵਾ ਗੁਣਵੱਤਾ ਵਿਸ਼ਵ ਵਿੱਚ ਸਭ ਤੋਂ ਖਰਾਬ ਦਰਜਾਬੰਦੀ ਵਿੱਚ ਸ਼ਾਮਲ ਸੀ ਅਤੇ ਐਤਵਾਰ ਦੁਪਹਿਰ ਨੂੰ ਡੇਨਵਰ ਦੂਜੇ ਸਥਾਨ 'ਤੇ ਸੀ। ਸੋਮਵਾਰ ਸਵੇਰ ਤੱਕ, ਸਾਲਟ ਲੇਕ ਸਿਟੀ ਇਸ ਸੂਚੀ ਵਿੱਚ 6 ਵੇਂ ਸਥਾਨ 'ਤੇ ਜਦੋਂ ਕਿ ਡੇਨਵਰ 10 ਵੇਂ ਨੰਬਰ 'ਤੇ ਆਇਆ। ਜੰਗਲੀ ਅੱਗਾਂ ਕਾਰਨ ਪੈਦਾ ਹੋਏ ਧੂੰਏ ਕਾਰਨ ਹਵਾ ਦੀ ਗੁਣਵੱਤਾ ਘੱਟ ਹੋਣ ਕਾਰਨ ਨਿਵਾਸੀਆਂ ਦੀ ਸਿਹਤ ਲਈ ਇੱਕ ਵੱਡਾ ਖਤਰਾ ਪੈਦਾ ਹੋਇਆ ਹੈ। ਜਦਕਿ ਅਧਿਕਾਰੀਆਂ ਦੁਆਰਾ ਹਵਾ ਦੀ ਗੁਣਵੱਤਾ ਸਹੀ ਹੋਣ ਦੀ ਉਮੀਦ ਹੈ।

# ਅਮਰੀਕਾ ਨੇ ਅਫਗਾਨਿਸਤਾਨ ਵਿਚਲੇ ਆਪਣੇ ਨਾਗਰਿਕਾਂ ਨੂੰ ਜਲਦੀ ਵਾਪਸ ਆਉਣ ਲਈ ਕਿਹਾ

**ਫਰਿਜ਼ਨੋ (ਕੈਲੀਫੋਰਨੀਆ)**- ਅਮਰੀਕਾ ਨੇ ਅਫਗਾਨਿਸਤਾਨ ਵਿੱਚ ਰਹਿ ਰਹੇ ਅਮਰੀਕੀ ਲੋਕਾਂ ਨੂੰ ਸੁਰੱਖਿਆ ਕਾਰਨਾਂ ਕਰਕੇ ਤੁਰੰਤ ਵਾਪਸ ਆਉਣ ਲਈ ਕਿਹਾ ਹੈ। ਅਮਰੀਕੀਆਂ ਨੂੰ ਤੁਰੰਤ ਅਫਗਾਨਿਸਤਾਨ ਛੱਡਣ ਦੀ ਅਪੀਲ ਕਰਦਿਆਂ ਕਿਹਾ ਹੈ ਕਿ ਸੁਰੱਖਿਆ ਅਤੇ ਸਟਾਫ ਦੀ ਕਮੀ ਦੇ ਕਾਰਨ ਕਾਬੁਲ ਵਿੱਚ ਅਮਰੀਕੀ ਅੰਬੈਸੀ ਦੁਆਰਾ ਉਨੈਹਾਂ ਦੀ ਮਦਦ ਕਰਨ ਦੀ ਸਮਰੱਥਾ ਬਹੁਤ ਹੀ ਘੱਟ ਹੈ। ਅੰਬੈਸੀ ਨੇ ਸ਼ਨੀਵਾਰ ਨੂੰ ਅਮਰੀਕੀਆਂ ਨੂੰ ਵਪਾਰਕ ਉਡਾਣਾਂ 'ਤੇ ਵਾਪਸੀ ਲਈ ਉਡਾਣ ਭਰਨ ਲਈ ਉਤਸ਼ਾਹਿਤ ਕਰਦਿਆਂ ਇੱਕ ਸੁਰੱਖਿਆ ਚਿਤਾਵਨੀ ਜਾਰੀ ਕੀਤੀ ਅਤੇ ਕਿਹਾ ਕਿ ਇਹ ਉਨੈਹਾਂ ਨਾਗਰਿਕਾਂ ਨੂੰ ਵਾਪਸੀ ਲਈ ਕਰਜ਼ੇ ਮੁਹੱਈਆ ਕੀਤੇ ਜਾ ਸਕਦੇ ਹਨ ਜੋ ਟਿਕਟਾਂ ਖਰੀਦਣ ਦੇ ਸਮਰੱਥ ਨਹੀਂ ਹਨ। ਅਫਗਾਨਿਸਤਾਨ ਵਿੱਚੋਂ ਅਮਰੀਕੀ ਫੌਜਾਂ ਦੀ ਵਾਪਸੀ ਕਰਕੇ ਤਾਲਿਬਾਨ ਅੱਤਵਾਦੀ ਅਫਗਾਨ ਸ਼ਹਿਰਾਂ 'ਤੇ ਹਮਲਾ ਕਰ ਰਹੇ ਹਨ। ਹੁਣ ਤੱਕ ਦੀ ਲੜਾਈ ਵਿੱਚ ਬਹੁਤ ਸਾਰੇ ਨਾਗਰਿਕ ਜ਼ਖਮੀ ਹੋਏ ਹਨ। ਲੋਕ ਜ਼ਖਮੀਆਂ ਨੂੰ ਹਸਪਤਾਲਾਂ ਵਿੱਚ ਲੈ ਕੇ ਜਾਣ ਦੇ ਵੀ ਸਮਰੱਥ ਨਹੀਂ ਹਨ। ਜਿਕਰਯੋਗ ਹੈ ਕਿ ਤਾਲਿਬਾਨ ਅਮਰੀਕੀ ਫੌਜਾਂ ਦੀ ਵਾਪਸੀ ਅਫਗਾਨਿਸਤਾਨ ਵਿੱਚ ਸੱਤਾ ਹਾਸਲ ਕਰਨ ਲਈ ਲੜ ਰਿਹਾ ਹੈ।



# ਡੈਲਟਾ ਵੇਰੀਐਂਟ ਦੀਆਂ ਚਿੰਤਾਵਾਂ ਵਿਚਕਾਰ ਸਟਰਗਿਸ ਮੋਟਰਸਾਈਕਲ ਰੈਲੀ ਦੀ ਹੋਈ ਸ਼ੁਰੂਆਤ

**ਫਰਿਜ਼ਨੋ (ਕੈਲੀਫੋਰਨੀਆ)**- ਅਮਰੀਕਾ ਵਿੱਚ ਜਿੱਥੇ ਇੱਕ ਪਾਸੇ ਲਗਾਤਾਰ ਕੋਰੋਨਾ ਵਾਇਰਸ ਦੇ ਮਾਮਲੇ ਸਾਹਮਣੇ ਆ ਰਹੇ ਹਨ, ਜਿਹਨਾਂ ਵਿੱਚ ਖਾਸ ਕਰਕੇ ਡੈਲਟਾ ਵੈਰੀਐਂਟ ਦੀ ਬਹੁਤਾਤ ਹੈ। ਉੱਥੇ ਹੀ ਸਾਊਥ ਡਕੋਟਾ ਦੇ ਸਟਰਗਿਸ ਵਿੱਚ ਭਾਰੀ ਇਕੱਠ ਵਾਲੀ ਮੋਟਰਸਾਈਕਲ ਰੈਲੀ ਦੀ ਸ਼ੁਰੂਆਤ ਕੀਤੀ ਗਈ ਹੈ। ਕੋਰੋਨਾ ਵਾਇਰਸ ਦੀ ਲਾਗ ਦੀ ਚਿੰਤਾ ਕੀਤੇ ਬਿਨਾਂ ਹਜ਼ਾਰਾਂ ਬਾਈਕਰ ਸਲਾਨਾ 10 ਦਿਨਾਂ ਦੀ ਸਟਰਗਿਸ ਮੋਟਰਸਾਈਕਲ ਰੈਲੀ ਲਈ ਸਟਰਗਿਸ ਵਿੱਚ ਇਕੱਠੇ ਹੋਏ ਹਨ। ਇਹ ਰੈਲੀ ਸ਼ੁੱਕਰਵਾਰ ਨੂੰ ਸ਼ੁਰੂ ਕੀਤੀ ਗਈ ਹੈ ਜਦਕਿ ਸਾਊਥ ਡਕੋਟਾ ਵਿੱਚ, ਰੈਲੀ ਸ਼ੁਰੂ ਹੋਣ ਤੋਂ




ਪਹਿਲਾਂ ਦੇ ਦਿਨਾਂ ਵਿੱਚ ਕੋਰੋਨਾ ਕੇਸਾਂ 'ਚ ਲਗਭਗ 70% ਵਾਧਾ ਹੋਇਆ ਹੈ। ਇਸ ਰੈਲੀ ਵਿੱਚ ਮਾਸਕ ਜਾਂ ਟੀਕਾਕਰਨ ਦੇ ਕਿਸੇ ਸਬੂਤ ਦੀ ਲੋੜ ਨਹੀਂ ਹੈ। ਇਸ ਵਿੱਚ ਸ਼ਾਮਲ ਹੋਣ ਵਾਲੇ ਬਾਈਕਰ ਕੋਰੋਨਾ ਦੀ ਪੈਰਵਾਹ ਨਹੀਂ ਕਰ ਰਹੇ ਹਨ। ਅੰਕੜਿਆਂ ਅਨੁਸਾਰ ਦੇਸ਼ ਭਰ ਵਿੱਚ ਕੋਰੋਨਾ ਵਾਇਰਸ ਦੀ ਲਾਗ ਦੇ ਔਸਤ ਕੇਸਾਂ ਦੀ ਗਿਣਤੀ ਪਿਛਲੇ ਦੋ ਹਫਤਿਆਂ ਵਿੱਚ 102% ਵੱਧ ਗਈ ਹੈ। ਸੀ ਡੀ ਸੀ ਨੇ ਦੱਸਿਆ ਕਿ ਅਮਰੀਕਾ ਵਿੱਚ 50% ਬਾਲਗਾਂ ਦਾ ਪੂਰੀ ਤਰੈਹਾਂ ਟੀਕਾਕਰਨ ਕਰ ਚੁੱਕੇ ਹਨ। ਇਸਦੇ ਇਲਾਵਾ ਇਸ ਰੈਲੀ ਕਰਕੇ ਵਾਇਰਸ ਦੀ ਲਾਗ ਫੈਲਣ ਦਾ ਖਦਸ਼ਾ ਹੈ।

# ਅਮਰੀਕਾ' 'ਚ ਕੋਰੋਨਾ ਵੈਕਸੀਨ ਨੂੰ ਜਲਦ ਹੀ ਮਿਲ ਸਕਦਾ ਹੈ ਪੂਰੀ ਤਰਾਂ ਵਰਤੋਂ ਦਾ ਅਧਿਕਾਰ- ਡਾ. ਐਂਥਨੀ

**ਫਰਿਜ਼ਨੋ (ਕੈਲੀਫੋਰਨੀਆ)**- ਅਮਰੀਕੀ ਸਰਕਾਰ ਦੇ ਵਾਇਰਲ ਡਿਸੀਜ਼ ਦੇ ਮਾਹਰ ਡਾਕਟਰ ਐਂਥਨੀ ਫੌਸੀ ਨੇ ਐਤਵਾਰ ਨੂੰ ਕਿਹਾ ਕਿ ਉਨੈਹਾਂ ਨੂੰ ਉਮੀਦ ਹੈ ਕਿ ਫੂਡ ਐਂਡ ਡਰੱਗ ਐਡਮਨਿਸਟੈਰੇਸ਼ਨ (ਐਫ ਡੀ ਏ) ਇਸ ਮਹੀਨੇ ਦੇ ਅੰਤ ਤੱਕ ਕੋਰੋਨਾ ਵਾਇਰਸ ਵੈਕਸੀਨ ਨੂੰ ਪੂਰੀ ਪੈਰਵਾਨਗੀ ਦੇ ਦੇਵੇਗੀ। ਮੌਜੂਦਾ ਸਮੇਂ ਵਿੱਚ ਅਮਰੀਕਾ 'ਚ ਕੋਰੋਨਾ ਵਾਇਰਸ ਤੋਂ ਸੁਰੱਖਿਆ ਪੈਰਦਾਨ ਕਰਨ ਲਈ ਐਫ ਡੀ ਏ ਨੇ ਫਾਈਜ਼ਰ, ਮੋਡਰਨਾ ਅਤੇ ਜੌਹਨਸਨ ਐਂਡ ਜੌਹਨਸਨ ਕੰਪਨੀ ਦੇ ਟੀਕਿਆਂ ਲਈ ਸਿਰਫ ਐਮਰਜੈਂਸੀ ਵਰਤੋਂ ਦੀ ਹੀ ਮਨਜ਼ੂਰੀ ਦਿੱਤੀ ਹੈ, ਪਰ ਏਜੰਸੀ ਵੱਲੋਂ ਜਲਦੀ ਹੀ ਫਾਈਜ਼ਰ ਨੂੰ ਪੂਰੀ ਤਰੈਹਾਂ ਵਰਤੋਂ ਲਈ ਮਨਜ਼ੂਰੀ ਦਿੱਤੇ ਜਾਣ ਦੀ ਉਮੀਦ ਹੈ। ਡਾਕਟਰ ਐਂਥਨੀ ਜੋ ਕਿ ਰਾਸ਼ਟਰਪਤੀ ਜੋਅ ਬਾਈਡੇਨ ਦੇ ਮੁੱਖ ਡਾਕਟਰੀ ਸਲਾਹਕਾਰ ਹਨ, ਨੇ ਕਿਹਾ ਕਿ ਵਾਇਰਸ ਦੇ ਫੈਲਣ ਨੂੰ ਰੋਕਣ ਵਿੱਚ ਸਹਾਇਤਾ ਲਈ ਵੈਕਸੀਨ ਦੇ ਪੂਰੇ ਅਧਿਕਾਰ ਦੀ ਬਹੁਤ ਜਰੂਰਤ ਹੈ। ਅਮਰੀਕਾ ਵਿੱਚ ਵਾਇਰਸ ਦੇ ਡੈਲਟਾ ਵੈਰੀਐਂਟ ਦੀ ਲਾਗ ਦੇ ਵਾਧੇ ਦੀਆਂ ਚਿੰਤਾਵਾਂ ਵਿੱਚ ਅਮਰੀਕੀ ਸਰਕਾਰ ਵੱਲੋਂ ਲੋਕਾਂ ਨੂੰ ਵੈਕਸੀਨ ਲਗਵਾਉਣ ਲਈ ਉਤਸ਼ਾਹਿਤ ਕਰਨ ਦੇ ਉਦੇਸ਼ ਲਈ ਯੋਜਨਾਵਾਂ ਵੀ ਬਣਾਈਆਂ ਜਾ ਰਹੀਆਂ ਹਨ। ਇਸਦੇ ਇਲਾਵਾ ਬਾਈਡੇਨ ਪੈਰਸ਼ਾਸਨ ਦੁਆਰਾ ਕੇਂਦਰੀ ਕਰਮਚਾਰੀਆਂ ਨੂੰ ਟੀਕਾਕਰਨ ਦਾ ਸਬੂਤ ਮੁਹੱਈਆ ਕਰਵਾਉਣ ਜਾਂ ਨਿਯਮਤ ਟੈਸਟਿੰਗ ਆਦਿ ਦੇ ਆਦੇਸ਼ਾਂ ਨੂੰ ਮਨਜੂਰੀ ਦਿੱਤੀ ਹੈ।







NIRMAL SINGH BADHAN

NSB Insurance

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

for Insurance Call:
NIRMAL SINGH BADHAN
707-228-2020
Lic #0144676

Call: 707-228-2020, Fax: 707-260-2813

www.nsbinsures.com

1519 Gary CT., Rohnert Park, CA 94928


# ਫਰਿਜ਼ਨੋ ਵਿੱਚ ਹੋਇਆ ਇਸ ਸਾਲ ਦਾ 46 ਵਾਂ ਕਤਲ

**ਫਰਿਜ਼ਨੋ (ਕੈਲੀਫੋਰਨੀਆ)**- ਕੈਲੀਫੋਰਨੀਆ ਦੇ ਸ਼ਹਿਰ ਫਰਿਜ਼ਨੋ ਵਿੱਚ ਐਤਵਾਰ 8 ਅਗਸਤ ਨੂੰ ਇੱਕ ਵਿਅਕਤੀ ਦਾ ਗੋਲੀ ਮਾਰ ਕੇ ਕਤਲ ਕੀਤਾ ਗਿਆ ਹੈ। ਫਰਿਜ਼ਨੋ ਪੁਲਿਸ ਨੇ ਇਸ ਕਤਲ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇੱਕ 20 ਸਾਲਾਂ ਦੇ ਵਿਅਕਤੀ ਨੂੰ ਐਤਵਾਰ ਸਵੇਰੇ ਫਰਿਜ਼ਨੋ ਸਟੇਟ ਯੂਨੀਵਰਸਿਟੀ ਦੇ ਨਜ਼ਦੀਕ ਟੋਪਾਂਗਾ ਰਿਜ ਅਪਾਰਟ-ਮੈਂਟਸ ਦੇ ਬਾਹਰ ਕਈ ਵਾਰ ਗੋਲੀ ਮਾਰੀ ਗਈ , ਜਿਸ ਨਾਲ ਉਸਦੀ ਮੌਤ ਹੋ ਗਈ। ਪੁਲਿਸ ਅਨੁਸਾਰ ਫਰਿਜ਼ਨੋ ਵਿੱਚ ਇਹ ਕਤਲ ਇਸ ਸਾਲ ਦਾ 46 ਵਾਂ ਕਤਲ ਹੈ। ਇਸ ਘਟਨਾ ਦੇ ਸਬੰਧ ਵਿੱਚ ਫਰਿਜ਼ਨੋ ਪੁਲਿਸ ਨੇ ਸੂਚਨਾ ਮਿਲਣ ਉਪਰੰਤ ਮੈਪਲ ਅਤੇ ਸੈਨ ਗੈਬਰੀਅਲ ਐਵੇਨਿਊਜ਼ ਦੇ ਚੌਰਾਹੇ 'ਤੇ ਸਵੇਰੇ 12:30 ਵਜੇ ਦੇ ਕਰੀਬ ਕਾਰਵਾਈ ਕੀਤੀ ਅਤੇ ਪੀੜਤ ਦੇ ਸਰੀਰ ਦੇ ਉਪਰਲੇ ਹਿੱਸੇ 'ਤੇ ਕਈ ਗੋਲੀਆਂ ਲੱਗੀਆਂ ਸਨ। ਇਸ ਵਿਅਕਤੀ ਨੂੰ ਕਮਿਊਨਿਟੀ ਰੀਜਨਲ ਮੈਡੀਕਲ ਸੈਂਟਰ ਲਿਜਾਇਆ ਗਿਆ, ਜਿੱਥੇ ਉਸਨੂੰ ਦੁਪਹਿਰ 1 ਵਜੇ ਮੈਰਿਤਕ ਐਲਾਨ ਕਰ ਦਿੱਤਾ ਗਿਆ। ਪੁਲਿਸ ਦੁਆਰਾ ਮੈਰਿਤਕ ਦੀ ਪਛਾਣ ਬਾਰੇ ਫਿਲਹਾਲ ਕੋਈ ਜਾਣਕਾਰੀ ਸਾਂਝੀ ਨਹੀਂ ਕੀਤੀ ਗਈ ਹੈ ਅਤੇ ਪੁਲਿਸ ਦੁਆਰਾ ਇਸ ਕਤਲ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।



# 'ਤੀਆਂ ਫਰਿਜ਼ਨੋ ਦੀਆ' ਆਪਣੇ ਪੱਚੀਵੇ ਸਾਲ ਵਿੱਚ ਕਾਰਨੀ ਪਾਰਕ ਵਿਖੇ ਲੱਗੀਆਂ

## "ਹਮੇਸ਼ਾਂ ਵਾਂਗ ਪਰੰਪਰਾਗਤ ਤਰੀਕੇ ਨਾਲ ਲੱਗੀਆਂ ਰੌਣਕਾਂ"











**ਫਰਿਜ਼ਨੋ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਪੰਜਾਬ 'ਚੋ ਬਹੁਤ ਸਾਰੇ ਤਿਉਹਾਰ ਅਲੋਪ ਹੋ ਰਹੇ ਹਨ। ਪਰ ਇੱਥੇ ਪਿਛਲੇ 25 ਸਾਲਾ ਤੋਂ ਫਰਿਜ਼ਨੋ ਸ਼ਹਿਰ ਦੀ ਸੰਘਣੀ ਵਸੋਂ ਤੋਂ ਦੂਰ ਖੁੱਲੇ 'ਕਾਰਨੀ ਪਾਰਕ' ਦੇ ਦਰੱਖਤਾਂ ਦੀ ਸੰਘਣੀ ਛਾਂ ਹੇਠ ਤੀਆਂ ਹਰ ਸਾਲ ਲੱਗ ਰਹੀਆਂ ਹਨ। ਬੇਸ਼ੱਕ ਅੱਜ ਪਿੱਪਲਾ ਜਾਂ ਬਰੋਟਿਆਂ ਦੀ ਪੰਜਾਬ ਵਾਂਗ ਛਾਂ ਨਹੀਂ ਹੈ। ਪਰ ਹੋਰ ਸੰਘਣੇ ਦਰੱਖਤਾਂ ਦੀ ਛਾਂ ਅਤੇ ਆਪਸੀ ਸੱਭਿਆਚਾਰ ਪ੍ਰਤੀ ਪਿਆਰ ਸਦਕਾ ਅੱਜ ਵੀ ਉਸੇ ਤਰ੍ਹਾਂ ਇਹ ਤੀਆਂ ਪਰੰਪਰਾਗਤ ਤਰੀਕੇ ਨਾਲ ਹਰ ਸਾਲ ਲਗਦੀਆਂ ਹਨ। ਬੀਤੇ ਸਾਲ ਤੀਆਂ ਦੀ ਮੋਢੀ ਗੁੱਡੀ ਸਿੱਧੂ ਦੀ ਅਚਾਨਕ ਕਾਰ ਹਾਦਸੇ ਵਿੱਚ ਮੌਤ ਹੋਣ ਕਰਕੇ ਅਤੇ ਕੋਵਿੱਡ-19 ਦੀ ਮਹਾਮਾਰੀ ਕਰਕੇ ਨਹੀਂ ਲੱਗ ਸਕੀਆ ਸੀ। ਪਰ ਇਸ ਸਾਲ ਦੀਆਂ ਤੀਆਂ ਗੁੱਡੀ ਸਿੱਧੂ ਦੀ ਯਾਦ ਨੂੰ ਸਮਰਪਤ ਕਰਦੇ ਹੋਏ ਕੋਵਿੱਡ-19 ਮਹਾਂਮਾਰੀ ਦੀ ਭੇਟ ਚੜ ਚੁੱਕੀਆਂ ਕੀਮਤੀ ਜਾਨਾਂ ਦੀ ਆਤਮਿਕ ਸ਼ਾਂਤੀ ਲਈ ਦੋ ਮਿੰਟ ਦਾ ਮੋਨ ਧਾਰਨ ਕਰਕੇ ਸਰਧਾਜ਼ਲੀ ਦੇਣ ਉਪਰੰਤ ਭਾਰਤ ਵਿੱਚ ਚਲ ਰਹੇ ਕਿਸਾਨਾਂ ਦੇ ਸੰਘਰਸ ਦੀ ਚੜਦੀਕਲਾ ਦੀ ਅਰਦਾਸ ਕਰਦੇ ਹੋਏ ਸ਼ੁਰੂ ਹੋਈਆ। ਇਹ ਬੜੀ ਖੁਸ਼ੀ ਦੀ ਗੱਲ ਸੀ ਕਿ ਬੇਸੱਕ ਸਿੱਖ ਧਰਮ ਵਿੱਚ ਤੀਆਂ ਆਦਿਕ ਰਸ਼ਮੀ ਤਿਉਹਾਰਾਂ ਨੂੰ ਬਹੁਤੀ ਮਾਨਤਾ ਨਹੀਂ ਦਿੱਤੀ ਜਾਂਦੀ, ਪਰ ਫਿਰ ਵੀ ਹਾਜ਼ਰ ਔਰਤਾਂ ਨੇ ਤੀਆਂ ਦੀ ਸੁਰੂਆਤ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਕੀਤੀ। ਇਸ ਤੋਂ ਇਲਾਵਾ ਭਾਰਤੀ ਕਿਸਾਨਾਂ ਦੇ ਸੰਘਰਸ਼ ਲਈ ਹਾਅ ਦਾ ਨਾਅਰਾ ਮਾਰਦੇ ਹੋਏ 'ਕਿਸਾਨ-ਮਜ਼ਦੂਰ ਏਕਤਾ - ਜ਼ੀਂਦਾਬਾਦ' ਦੇ ਨਾਅਰਿਆ ਦੀ ਅਵਾਜ਼ ਵੀ ਬੁਲੰਦ ਕੀਤੀ। ਇਸ ਸਮੇਂ ਹਾਜ਼ਰ ਬੱਚੀਆਂ, ਬੀਬੀਆਂ-ਭੈਣਾਂ ਵਿੱਚ ਕਾਫੀ ਉਤਸ਼ਾਹ ਨਜ਼ਰ ਆ ਰਿਹਾ ਸੀ। ਤੀਆਂ ਵਿੱਚ ਮਰਦਾ ਨੂੰ ਆਉਣ ਦੀ ਹਮੇਸਾ ਹੀ ਮਨਾਹੀ ਹੁੰਦੀ ਹੈ।

ਜਿਸ ਤਰ੍ਹਾ ਸਮੇਂ ਦੀ ਤਬਦੀਲੀ ਨਾਲ ਅੱਜ ਸਾਡੇ ਤਿਉਹਾਰ ਮਨੁੱਖੀ ਜ਼ਿੰਦਗੀ ਸੂਖਮ ਹੋਣ ਕਰਕੇ ਬਾਹਰੀ ਮਹੌਲ ਤੋਂ ਸਟੇਜ਼ 'ਤੇ ਸਿਰਫ ਨੁਮਾਇਸਨੁਮਾ ਹੀ ਰਹਿ ਗਏ ਹਨ। ਪਰ ਇਹ ਗੱਲ ਬੜੇ ਫਖਰ ਦੀ ਹੈ ਕਿ ਫਰਿਜ਼ਨੋ ਦੀਆਂ ਤੀਆਂ ਆਪਣੇ 25 ਵੇਂ ਸਾਲ ਵਿੱਚ ਉਸੇ ਤਰ੍ਹਾਂ ਖੁਲੀਆਂ ਗਰਾਉਂਡਾ ਵਿੱਚ ਪਰੰਪਰਾਗਤ ਤਰੀਕੇ ਲੱਗੀਆ। ਜਿੱਥੇ ਵੱਖ-ਵੱਖ ਸ਼ਹਿਰਾ ਤੋਂ ਬੀਬੀਆਂ ਭੈਣਾਂ ਰਲ ਆਪਣੇ ਵੱਖ-ਵੱਖ ਗਰੁੱਪਾ ਵਿੱਚ ਗੀਤ ਗਾ ਗਿੱਧੇ ਦੇ ਮੁਕਾਬਲੇ ਦਾ ਭਰਪੂਰ ਮਨੋਰੰਜ਼ਨ ਕਰਦੀਆਂ ਹੋਈਆ ਆਪਣੀਆਂ ਸਹੇਲੀਆਂ ਨੂੰ ਵੀ ਮਿਲੀਆਂ। ਇਨ੍ਹਾਂ ਤੀਆਂ ਦੌਰਾਨ ਸਮਾਪਤੀ 'ਤੇ ਪਾਈ ਗਈ ਬੱਲੋਂ ਵੀ ਇਤਿਹਾਸਕਤਾ ਦਾ ਰੂਪ ਪੇਸ਼ ਕਰ ਰਹੀ ਸੀ। ਇਸੇ ਤਰ੍ਹਾਂ ਤੀਆਂ ਦੇਖਣ ਅਤੇ ਹਿੱਸਾ ਲੈਣ ਆਈਆਂ ਮੁਟਿਆਰਾ ਦੀਆਂ ਰੰਗ-ਬਰੰਗੀਆਂ ਪੁਸ਼ਾਕਾ, ਲਹਿੰਗੇ ਅਤੇ ਘੱਘਰੇ ਪੰਜਾਬੀਅਤ ਦੇ ਮਹੌਲ ਨੂੰ ਹੋਰ ਵੀ ਰੰਗੀਨ ਬਣਾ ਰਹੇ ਸਨ। ਇਸ ਸਮੇਂ 'ਸਿੱਖ ਵੋਮੈਨਜ਼ ਆਰਗੇਨਾਈਜੇਸ਼ਨ ਸੈਂਟਰਲ ਕੈਲੀਫੋਰਨੀਆਂ' ਵੱਲੋਂ ਲੋੜਵੰਦ ਔਰਤਾਂ ਲਈ ਜਾਣਕਾਰੀ ਬੂਥ ਤੋਂ ਇਲਾਵਾ ਮਹਿੰਦੀ ਅਤੇ ਖਾਣੇ ਆਦਿਕ ਦੇ ਸਟਾਲ ਵੀ ਸਨ। ਤੀਆਂ ਦੌਰਾਨ ਰੋਜਾਨਾ ਪ੍ਰਬੰਧਕਾ ਵੱਲੋਂ ਸਮਾਪਤੀ 'ਤੇ ਖੁੱਲੇ ਗਿੱਧੇ ਅਤੇ ਬੋਲੀਆਂ ਤੋਂ ਇਲਾਵਾ ਡੀ.ਜੇ. ਦਾ ਵੀ ਪ੍ਰਬੰਧ ਵੀ ਕੀਤਾ ਗਿਆ ਸੀ। ਇੰਨ੍ਹਾਂ ਤੀਆਂ ਦਾ ਮਹੌਲ ਪੰਜਾਬ ਦੇ ਕਿਸੇ ਇਤਿਹਾਸਕ ਮੇਲੇ ਦੀ ਯਾਦ ਕਰਵਾ ਰਿਹਾ ਸੀ। ਇਸ ਸਮੇਂ ਤੀਆਂ ਵਿੱਚ ਸਾਮਲ ਮੇਲਣਾ ਅਤੇ ਪ੍ਰਬੰਧਕਾਂ ਨਾਲ ਵੀ ਗੱਲਬਾਤ ਕੀਤੀ ਗਈ। ਜਿੰਨਾਂ ਨੇ ਵਾਅਦਾ ਕੀਤਾ ਕਿ ਇਹ ਤੀਆਂ ਹਮੇਸਾ ਵਾਂਗ ਕਾਰਨੀ ਪਾਰਕ ਵਿੱਚ ਹਰ ਸਾਲ ਲੱਗਣਗੀਆਂ।

ਅਜੋਕੇ ਸਮੇਂ ਅੰਦਰ ਲੋੜ ਹੈ ਅਜਿਹੇ ਤਿਉਹਾਰਾ ਨੂੰ ਪਰੰਪਰਾਗਤ ਤਰੀਕੇ ਨਾਲ ਮਨਾਉਣ ਦੀ, ਜਿਸ ਨਾਲ ਆਉਣ ਵਾਲੀ ਨਵੀਂ ਪੀੜੀ ਨੂੰ ਸਹੀ ਢੰਗ ਨਾਲ ਆਪਣੇ ਪਿਛੋਕੜ ਤੋਂ ਜਾਣੂ ਕਰਵਾਉਦੇ ਹੋਏ ਜੀਵਤ ਰੱਖਿਆ ਜਾ ਸਕੇ। ਇਸ ਸਮੁੱਚੇ ਪ੍ਰੋਗਰਾਮ ਦੀ ਸਫਲਤਾ ਦਾ ਸਿਹਰਾ ਰਾਜਪਾਲ ਕੌਰ ਬਰਾੜ, ਸਰਨਜੀਤ ਗੁੱਡੀ ਰਾਣੂ ਅਤੇ ਸਮੂੰਹ ਸਹਿਯੋਗੀਆਂ ਨੂੰ ਜਾਦਾ ਹੈ। ਅੰਤ ਇਹ ਫਰਿਜ਼ਨੋ ਦੀਆਂ ਤੀਆਂ ਦਾ ਰੌਣਕ ਮੇਲਾ ਮਾਂਵਾ, ਧੀਆਂ, ਭੈਣਾਂ ਅਤੇ ਸਹੇਲੀਆਂ ਦੇ ਆਪਸੀ ਪਿਆਰ ਨੂੰ ਇਕੱਠਿਆਂ ਪਿਆਰ ਵੰਡਦਾ ਸੱਭਿਆਚਾਰਕ ਰੰਗ ਵਿੱਚ ਯਾਦਗਾਰੀ ਹੋ ਨਿਬੜਿਆ।

# ਸਾਵਨ ਦੀਆਂ ਫੁਹਾਰਾਂ ਵਾਂਗ ਸਕੂਨ ਦਿੰਦਾ 'ਅੱਖਰੀਂ ਮਹਿਫਲ' ਵੱਲੋਂ ਕਵੀ ਦਰਬਾਰ ਆਨ ਲਾਈਨ ਸੈਕਰਾਮੈਂਟੋ (ਕੈਲੈਫੋਰਨੀਆ) ਤੋਂ

**ਸਿਆਟਲ-** ਅੱਖਰੀਂ ਮਹਿਫਲ ਵੱਲੋਂ ਕੀਤੇ ਗਏ ਅਗਸਤ 2021 ਦੇ ਕਵੀ ਦਰਬਾਰ ਵਿੱਚ ਸਾਵਨ ਦੀਆਂ ਫੁਹਾਰਾਂ ਦੇ ਆਨੰਦਿਤ ਅਨੁਭਵ ਦੇ ਨਾਲ ਹਾਸਿਆਂ ਦੀਆਂ ਫੁਹਾਰਾਂ ਦਾ ਆਨੰਦ ਕਵੀਆਂ ਦੇ ਨਾਲ ਨਾਲ ਸਰੋਤਿਆਂ ਨੇ ਵੀ ਮਾਣਿਆ। ਇਹ ਸਾਉਣ&; ਮਹੀਨਾ ਹੀ ਹੈ ਜਦੋਂ ਵਿਯੋਗਣਾਂ ਦੇ ਬ੍ਰਿਹਾ ਭਰੇ ਦਰਦ ਲਬਾਂ ਤੇ ਆ ਜਾਂਦੇ ਹਨ ਇਸੇ ਲਈ ਤਾਂ ਪਟਿਆਲਾ ਤੋਂ ਇਸ ਮਹਿਫਲ ਨਾਲ ਜੁੜੀ ਕਵਿੱਤਰੀ ਸੁਖਵਿੰਦਰ ਆਹੀ ਨੇ ਆਪਣੇ ਜਜ਼ਬਾਤ 'ਨਾ ਵੋ ਮਸਤੀ, ਨਾ ਵੋ ਸਪਨਾ,ਨਾ ਕੋਈ ਜਜਬਾਤ ਹੈ ....ਤੇਰੇ ਬਿਨ ਵਰਸੀ ਵੋ ਬਰਸਾਤ ਹੈ।' ਤੇ ਇਸੇ ਲਈ ਹਿੰਦੀ ਦੀ ਕਵਿੱਤਰੀ ਪੂਨਮ ਮੂਨਤ ਨੇ ਆਪਣੀ ਕਵਿਤਾ ਰਾਹੀ ਪੱਤਝੜ 'ਚ ਹੋਏ ਉਦਾਸ ਮਨ ਨੂੰ ਸਾਵਨ 'ਚ ਠੰਢਕ ਭਰੀ ਰਾਹਤ ਮਿਲਣ ਦੀ ਗੱਲ ਕੀਤੀ। ਪ੍ਰੋਗਰਾਮ ਦੇ ਸੰਚਾਲਨ 'ਚ ਸਹਾਇਤਾ ਕਰ ਰਹੇ ਸ਼ਰਦ ਮੂਨਤ ਜੀ ਨੇ ਹਿੰਦੀ ਵਿੱਚ ਕਵਿਤਾ ਬੋਲਦਿਆਂ ਜ਼ਿੰਦਗੀ ਦੇ ਸੱਚ 'ਬੁਢਾਪੇ' ਦੇ ਆਗਮਨ ਨੂੰ ਕਵਿਤਾ 'ਚ ਬੰਨਿਆ, 'ਸੁਭਾਹ ਸੁਭਾਹ ਗੇਟ ਖੋਹਲਾ ਤਾਂ ਸਾਹਮਣੇ ਬੁਢਾਪਾ ਖੜ੍ਹਾ ਥਾ।' ਉਦੋਂ ਹੀ ਭੈਣ ਜਯੋਤੀ ਸਿੰਘ ਦੀ ਸੁਰੀਲੀ ਤੇ ਮਿੱਠੀ ਆਵਾਜ਼ ਨੇ ਹਰਮੋਨੀਅਮ ਦੀਆਂ ਧੁੰਨਾਂ ਵਿੱਚ ਇਕਮਿਕ ਹੋ ਕੇ&; ਸੂਫੀ ਰੰਗ ਦੇ ਗੀਤ 'ਸਾਈਂ ਮੈਂ ਤੇਰੀ ਆਸ਼ਿਕ ਹਾਂ.,ਪ੍ਰੀਤ ਕਰੋ ਜਾਂ ਤਿਆਗੋ ਮੈਨੂੰ, ਮੈਂ ਸਰੂਰ ਵਿੱਚ ਹਾਂ!' ਨੇ ਸਾਵਨ ਦੀਆਂ ਫੁਹਾਰਾਂ ਨੂੰ ਸੰਗੀਤਮਈ ਕਰ ਦਿੱਤਾ।

'ਉਹ ਦਿਨ ਵੱਖਰੇ ਸਨ ਜਦ ਡਾਕੀਏ ਖੁਸ਼ੀਆਂ ਲਿਆਉਂਦੇ ਸਨ,' ਆਪਣੀ ਕਵਿਤਾ ਰਾਹੀ ਸਾਹਿਤਕਾਰਾ ਸੁਰਿੰਦਰ ਕੌਰ ਬਰਾੜ ਨੇ ਡਿਜੀਟਲ ਤੋਂ ਪਹਿਲਾਂ ਦੇ ਯੁੱਗ ਦੇ ਦਰਸ਼ਨ ਕਰਵਾ ਦਿੱਤੇ। ਕਵਿੱਤਰੀ ਹਰਜਿੰਦਰ ਕੌਰ ਨੇ ਵਿਧਾਤਾ ਸਿੰਘ ਤੀਰ ਦੀ ਲਿਖੀ ਮਹਾਰਾਜਾ ਰਣਜੀਤ ਸਿੰਘ ਬਾਰੇ ਕਵਿਤਾ ਪੜ੍ਹੀ,'ਕੱਲਾ ਸ਼ੇਰ ਨਹੀਂ ਚਿਖਾ ਵਿੱਚ ਸੜਿਆ, ਸੜ ਗਈ ਤਕਦੀਰ ਨਾਲ ਪੰਜਾਬੀਆਂ ਦੀ।' ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਪ੍ਰੈਸ ਸਕੱਤਰ ਵਿਅੰਗਕਾਰ ਮੰਗਤ ਕੁਲਜਿੰਦ ਸੰਪਾਦਕ (ਸ਼ਬਦ ਤ੍ਰਿੰਜਣ ਬਠਿੰਡਾ) ਨੇ ਸਾਵਨੀ ਫੁਹਾਰਾਂ ਨੂੰ ਹਾਸਰਸੀ ਗਤੀ ਆਪਣੀਆਂ ਹਾਸਿਆਂ ਭਰਪੂਰ ਕਵਿਤਾਵਾਂ ਨਾਂਲ ਬਖਸ਼ੀ ਅਤੇ ਲੀਡਰਾਂ ਦੇ ਨਾਕਾਰਾਤਮਕ ਕਿਰਦਾਰ ਤੇ ਵਿਅੰਗ ਕੱਸਦੀ ਕਵਿਤਾ,'ਬੋਹੜੀ ਜਿੰਨੀ ਕਸਰ ਅਜੇ ਤਾਂ ਬਾਕੀ ਐ.... ਪੂਰੀ ਕਰ ਦਿਆਂਗੇ!' ਪੜ੍ਹੀ। 'ਦਿਲ ਨੂੰ ਧੂਹ ਪਾਉਣ ਵਾਲੀ ਨਜ਼ਮ 'ਤਨਹਾ' ਨਾਲ ਸੁਨੀਲ ਸਨਮ ਨੇ ਸਾਵਨ ਦੀਆਂ ਸਕੂਨ ਦੇਣ ਵਾਲੀਆਂ ਫੁਹਾਰਾਂ ਨੂੰ ਵੀ ਤਨਹਾ ਦੇ ਆਲਮ ਵਿੱਚ ਲੈ ਆਂਦਾ।

;ਵੱਖ ਵੱਖ&; ਭਾਸ਼ਾਵਾਂ ਦਾ ਇਹ ਕਵੀ ਦਰਬਾਰ ਵੱਖ ਵੱਖ ਰਸਾਂ, ਬ੍ਰਿਹਾ,ਤਨਹਾ,ਵਿਛੋੜੇ ਦਾ ਦਰਦ,ਆਦਿ ਦਾ ਭਾਵੇਂ ਅਹਿਸਾਸ ਕਰਵਾ ਰਿਹਾ ਸੀ ਪਰ ਹਾਸਰਸੀ,ਸੂਫੀਆਨਾ ਤੇ ਰੁਮਾਟਿਕਤਾ ਨੇ ਉਸ ਨੂੰ ਸਮਤੋਲ ਕਰੀ ਰੱਖਿਆ। ਮਾਨਵ ਤੋਂ ਦੂਰੀ ਤਾਂ ਭਾਵੇਂ ਕੋਰੋਨਾ ਬਣਾ ਰਿਹਾ ਹੈ ਪਰ ਆਪਣੀ ਦਹਿਸ਼ਤ ਦੇ ਪ੍ਰਭਾਵ ਤੋਂ ਮੁਕਤ ਨਾ ਹੋਣ ਕਰਕੇ ਅੱਜ ਦਾ ਇਹ ਪ੍ਰੋਗਰਾਮ ਵੀ ਜ਼ੂਮ ਰਾਹੀਂ ਕੀਤਾ ਗਿਆ । ਅਗਲੇ ਪ੍ਰੋਗਰਾਮ ਤੇ ਮਿਲਣ ਦੀ ਕਾਮਨਾ ਕਰਦਿਆਂ ਤੇ ਸੱਭਦਾ ਧੰਨਵਾਦ ਕਰਦਿਆਂ ਜਯੋਤੀ ਸਿੰਘ ਜੀ ਨੇ ਆਪਣੀ ਕਾਵਿਕ ਸ਼ਖਸ਼ੀਅਤ ਦਾ ਪ੍ਰਭਾਵ ਸਿਰਜੀ ਰੱਖਿਆ। ਅੱਜ ਦਾ ਇਹ ਕਵੀ ਦਰਬਾਰ ਸੱਭ ਦੇ ਮਨਾਂ ਵਿੱਚ ਵੱਸ ਗਿਆ।

**ਮੰਗਤ ਕੁਲਜਿੰਦ**
**ਮੋ. ਤੇ ਵੱਟਸਐਪ +1 425 286 0163**


## Change of Name

I, Manjinderjit Singh Multani
s/o Joginder Singh
Currently Resident of:
1143 Klemeyer Cir,
Stockton, CA-95206, USA

Now I have changed my name

From: **Manjinderjit Singh Multani**
To : **Manjinder Jit Singh**

All concerned Kindly note it

## Change of Name

I, Manjinder Singh Dhillon
S/O Satnam Singh
Currently Resident of:
1784 Knights Ferry Dr,
Plumas Lake, CA-95961, USA

Now I have changed my name

From: **Manjinder Singh Dhillon**
To: **Manjinder Singh**

All concerned Kindly note it.

## Change of Name

I, Harjinder Singh Multani
s/o Sucha Singh
Currently Resident of:
4200 The Woods Dr Apt 0122,
San Jose, CA-95136, USA

Now I have changed my name

From: **Harjinder Singh Multani**
To: **Harjinder Singh**

All concerned Kindly note it.

## ਯੂ ਐਸ ਏ, ਖਬਰਨਾਮਾ (ਹੁਸਨ ਲੜੋਆ ਬੰਗਾ)

# ਇਲਨਾਇਸ ਵਿਚ ਇਕ ਘਰ ਨੂੰ ਲੱਗੀ ਭਿਆਨਕ ਅੱਗ ਵਿੱਚ 5 ਬੱਚਿਆਂ ਦੀ ਮੌਤ


**ਸੈਕਰਾਮੈਂਟੋ 7 ਅਗਸਤ–** ਅਮਰੀਕਾ ਦੇ ਇਲਨਾਇਸ ਰਾਜ ਵਿਚ ਪੂਰਬੀ ਸਟਰੀਟ ਲੋਇਸ ਵਿਖੇ ਇਕ ਘਰ ਨੂੰ ਲੱਗੀ ਭਿਆਨਕ ਅੱਗ ਵਿਚ 5 ਬੱਚੇ ਸੜਕੇ ਮਰ ਗਏ। ਇਨਾਂ ਬੱਚਿਆਂ ਦੀ ਉਮਰ 2 ਤੋਂ 9 ਸਾਲ ਦੇ ਦਰਮਿਆਨ ਸੀ। ਅੱਗ ਬੁਝਾਊ ਵਿਭਾਗ ਦੇ ਮੁੱਖੀ ਜੈਸਨ ਬਲੈਕਮਨ ਨੇ ਬੱਚਿਆਂ ਦੀ ਮੌਤ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਅੱਗ ਲੰਘੇ ਦਿਨ ਤੜਕਸਾਰ 3 ਵਜੇ 29 ਵੀਂ ਸਟੇਟ ਸਟਰੀਟ ਵਿਖੇ ਇਕ ਇਮਾਰਤ ਨੂੰ ਲੱਗੀ। ਉਨਾਂ ਦਸਿਆ ਕਿ ਅੱਗ ਬੁਝਾਊ ਅਮਲਾ 3 ਬੱਚਿਆਂ ਨੂੰ ਬਚਾਉਣ ਵਿਚ ਸਫਲ ਰਿਹਾ। ਦੋ ਬੱਚੇ ਕਮਰੇ



ਦੇ ਅੰਦਰ ਹੀ ਸੜ ਕੇ ਮਰ ਗਏ ਜਦ ਕਿ ਦੋ ਬੱਚੇ ਐਂਬੂਲੈਂਸ ਵਿਚ ਦਮ ਤੋੜ ਗਏ। ਪੰਜਵਾਂ ਬੱਚਾ ਹਸਪਤਾਲ ਨੂੰ ਲੈਜਾਂਦਿਆਂ ਰਸਤੇ ਵਿਚ ਦਮ ਤੋੜ ਗਿਆ। ਬਲੈਕਮਨ ਨੇ ਦਸਿਆ ਕਿ ਇਸ ਇਮਾਰਤ ਵਿਚ ਬਹੁਤ ਸਾਰੇ ਪਰਿਵਾਰ ਰਹਿੰਦੇ ਹਨ ਪਰੰਤੂ ਮਾਰੇ ਗਏ ਬੱਚੇ ਇਕ ਹੀ ਪਰਿਵਾਰ ਦੇ ਸਨ। ਸਹਾਇਕ ਮੁੱਖੀ ਜਾਰਜ ਮੈਕਲੀਲਾਨ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਬੱਚਿਆਂ ਦੀ ਮਾਂ ਕਿਸੇ ਨੂੰ ਲੈਣ ਲਈ ਘਰੋਂ ਬਾਹਰ ਗਈ ਹੋਈ ਸੀ ਜਦੋਂ ਉਹ ਵਾਪਿਸ ਆਈ ਤਾਂ ਉਸ ਨੇ ਬੱਚਿਆਂ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਅੱਗ ਏਨੀ ਭਿਆਨਕ ਸੀ ਕਿ ਉਹ ਕੁਝ ਨਾ ਕਰ ਸਕੀ। ਅਧਿਕਾਰੀਆਂ ਨੇ ਕਿਹਾ ਹੈ ਕਿ ਬੱਚੇ ਸਾਰੇ ਨਿਰਦੋਸ਼ ਸਨ, ਉਨਾਂ ਨੂੰ ਦੋਸ਼ ਨਹੀਂ ਦਿੱਤਾ ਜਾ ਸਕਦਾ। ਅੱਗ ਲੱਗਣ ਦੇ ਕਾਰਨਾਂ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

# ਬੈੱਡ ਦੀ ਘਾਟ ਕਾਰਨ ਕੋਵਿਡ ਪੀੜਤ ਬੱਚੀ ਨੂੰ ਹੈਲੀਕਾਪਟਰ ਰਾਹੀਂ ਹੋਰ ਹਸਤਪਾਲ ਵਿਚ ਲੈਜਾਇਆ ਗਿਆ

**ਸੈਕਰਾਮੈਂਟੋ 7 ਅਗਸਤ–** ਅਮਰੀਕਾ ਦੇ ਕੁੱਝ ਖੇਤਰਾਂ ਵਿਚ ਕੋਵਿਡ ਦੇ ਵਧ ਰਹੇ ਮਾਮਲਿਆਂ ਕਾਰਨ ਹਾਲਤ ਗੰਭੀਰ ਹੁੰਦੇ ਜਾ ਰਹੇ ਹਨ। ਲੁਇਸੀਆਨਾ ਤੇ ਜਾਰਜੀਆ ਵਿਚ ਵਧ ਰਹੇ ਕੋਵਿਡ ਮਾਮਲਿਆਂ ਕਾਰਨ ਹਸਪਤਾਲਾਂ ਵਿਚ ਬੈੱਡਾਂ ਦੀ ਘਾਟ ਬਾਰੇ ਰਿਪੋਰਟਾਂ ਛੱਪਣ ਤੋਂ ਬਾਅਦ ਹੁਣ ਟੈਕਸਾਸ ਵਿਚ ਵੀ ਹਾਲਾਤ ਗੰਭੀਰ ਹੁੰਦੇ ਹੋਏ ਨਜਰ ਆ ਰਹੇ ਹਨ। ਹੋਸਟਨ ਖੇਤਰ ਦੇ ਹਸਪਤਾਲ ਵਿਚ ਬੈੱਡ ਨਾ ਮਿਲਣ ਕਾਰਨ ਇਕ ਕੋਵਿਡ-19 ਵਾਇਰਸ ਤੋਂ ਪੀੜਤ ਇਕ 11ਸਾਲਾਂ ਦੀ ਬੱਚੀ ਨੂੰ




ਹੈਲੀਕਾਪਟਰ ਰਾਹੀਂ 150 ਕਿਲੋਮੀਟਰ ਦੂਰ ਟੈਕਸਾਸ ਦੇ ਇਕ ਹੋਰ ਹਸਪਤਾਲ ਵਿਚ ਲਿਜਾਇਆ ਗਿਆ। ਹੈਰਿਸ ਸਿਹਤ ਪ੍ਰਣਾਲੀ ਦੇ ਬੁਲਾਰੇ ਅਮਾਂਡਾ ਕਾਲਾਵੇਅ ਅਨੁਸਾਰ ਬੱਚੀ ਆਵਾ ਅਮੀਰਾ ਰਿਵੇਰਾ ਦਾ ਟੈਸਟ ਪੌਜ਼ਟਿਵ ਆਇਆ ਸੀ। ਉਸ ਨੂੰ ਪਹਿਲਾਂ ਲਿਨਡਨ ਬੀ ਜੌਹਨਸਨ ਹਸਪਤਾਲ ਲਿਜਾਇਆ ਗਿਆ ਜਿਥੇ ਹਸਪਤਾਲ ਨੇ ਕੋਵਿਡ ਇਲਾਜ਼ ਤੋਂ ਨਾਂਹ ਕਰ ਦਿੱਤੀ। ਕਾਲਾਵੇਅ ਅਨੁਸਾਰ ਹੋਸਟਨ ਖੇਤਰ ਦੇ ਕਿਸੇ ਵੀ ਬੱਚਿਆਂ ਦੇ ਪ੍ਰਮੁੱਖ ਹਸਪਤਾਲ ਵਿਚ ਬੈੱਡ ਖਾਲੀ ਨਹੀਂ ਹਨ। ਡਾਕਟਰਾਂ ਅਨੁਸਾਰ ਬੱਚੀ ਹੁਣ ਠੀਕ ਠਾਕ ਹੈ।

# ਤਸਕਰੀ ਦੇ ਮਾਮਲੇ ਵਿਚ ਗ੍ਰਿਫਤਾਰ ਭਾਰਤੀ ਮੂਲ ਦਾ ਕੈਨੇਡੀਅਨ ਹੋਇਆ ਰਿਹਾਅ

**ਸੈਕਰਾਮੈਂਟੋ 9 ਅਗਸਤ –** ਡੈਟਰਾਇਟ (ਮਿਸ਼ੀਗਨ) ਵਿਚ ਅਮਰੀਕੀ ਸਰਹੱਦ ਉਪਰ ਪਿਛਲੇ ਮਹੀਨੇ ਦੇ ਸ਼ੁਰੂ ਵਿਚ ਇਕ ਟਨ ਤੋਂ ਵਧ ਭੰਗ ਸਮੇਤ ਗ੍ਰਿਫਤਾਰ ਕੀਤੇ ਭਾਰਤੀ ਮੂਲ ਦੇ ਕੈਨੇਡੀਅਨ ਟਰੱਕ ਡਰਾਈਵਰ ਤਸਬੀਰ ਸਿੰਘ (32) ਨੂੰ ਰਿਹਾਅ ਕਰ ਦਿੱਤਾ ਗਿਆ ਹੈ। ਫਿਲਹਾਲ ਪੁਲਿਸ ਨੇ ਉਸ ਵਿਰੁੱਧ ਲਾਏ ਦੋਸ਼ ਵਾਪਿਸ ਲੈ ਲਏ ਹਨ। ਇਸ ਤੋਂ ਪਹਿਲਾਂ ਉਸ ਦੇ ਵਕੀਲ ਐਲਨ ਮਾਈਕਲ ਨੇ ਅਦਾਲਤ ਵਿਚ ਦੱਸਿਆ ਕਿ ਮੇਰਾ ਮੁਵੱਕਲ ਡਰੱਗ ਸਮਗਲਿੰਗ ਸਕੀਮ ਤਹਿਤ ਨਿਸ਼ਾਨਾ ਬਣਿਆ ਹੈ ਜਦ ਕਿ ਉਹ ਨਿਰਦੋਸ਼ ਹੈ।

ਉਸ ਨੇ ਕਿਹਾ ਕਿ ਭੰਗ ਦੇ ਸੌਦਾਗਰਾਂ ਨੇ ਕੰਪਨੀ ਦੇ ਕੰਪਿਊਟਰ ਵਿਚ ਸਪਰਿੰਗਾਂ ਦਾ ਇਕ ਝੂਠਾ ਆਰਡਰ ਬਣਾਇਆ ਤੇ ਟਰੱਕ ਵਿਚ ਸਪਰਿੰਗਾਂ ਦੀ ਥਾਂ ਭੰਗ ਲੱਦ ਦਿੱਤੀ ਗਈ। ਤਸਬੀਰ ਸਿੰਘ ਨੇ ਜਾਂਚ ਅਧਿਕਾਰੀਆਂ ਨੂੰ ਦੱਸਿਆ ਕਿ ਉਸ ਨੂੰ ਕਿਹਾ ਗਿਆ ਸੀ ਕਿ ਟਰੱਕ ਵਿਚ ਕੰਪਰੈਸ਼ਨ ਸਪਰਿੰਗ ਲੱਦੇ ਹੋਏ ਹਨ ਜਦ ਕਿ ਲਦਾਈ ਸਮੇ ਕੋਵਿਡ-19 ਨਿਯਮਾਂ ਕਾਰਨ ਉਹ ਟਰੱਕ ਵਿਚੋਂ ਬਾਹਰ ਨਹੀਂ ਨਿਕਲਿਆ ਸੀ। ਤਸਬੀਰ ਸਿੰਘ ਨੇ ਰਿਹਾਈ ਉਪਰੰਤ ਕਿਹਾ ਕਿ ਉਸ ਨੇ ਕੁਝ ਵੀ ਗਲਤ ਨਹੀਂ ਕੀਤਾ ਹੈ। ਉਸ ਨੂੰ 7 ਜੁਲਾਈ ਨੂੰ ਗ੍ਰਿਫਤਾਰ ਕੀਤਾ ਗਿਆ ਸੀ।

# ਪਾਵੈਲ ਝੀਲ ਵਿਚ ਪਾਣੀ ਰਿਕਾਰਡ ਪੱਧਰ ਤੱਕ ਘੱਟਿਆ

**ਸੈਕਰਾਮੈਂਟੋ 8 ਅਗਸਤ–** ਮਨੁੱਖ ਦੁਆਰਾ ਕਾਰਖ਼ਾਨਿਆਂ ਰਾਹੀਂ ਪੈਦਾ ਕੀਤੀ ਜਾ ਰਹੀ ਤਪਸ਼ ਤੇ ਘੱਟ ਰਹੇ ਜੰਗਲੀ ਖੇਤਰ ਕਾਰਨ ਮੌਸਮ ਵਿਚ ਆਈ ਤਬਦੀਲੀ ਦੇ ਸਿੱਟੇ ਵਜੋਂ ਵਿਸ਼ਵ ਦੇ ਕਈ ਦੇਸ਼ਾਂ ਨੂੰ ਸੋਕੇ ਵਰਗੇ ਹਾਲਾਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਅਮਰੀਕਾ ਵੀ ਇਸ ਤੋਂ ਬਚਿਆ ਨਹੀਂ ਹੈ। ਅਮਰੀਕਾ ਦੇ ਦਰਿਆਵਾਂ ਵਿਚ ਪਾਣੀ ਦਾ ਪੱਧਰ ਘਟਦਾ ਜਾ ਰਿਹਾ ਹੈ। ਕੋਲੋਰਾਡੋ ਦਰਿਆ ਵਿਚੋਂ ਨਿਕਲਦੀ ਝੀਲ, ਜਿਥੇ ਸੈਲਾਨੀਆਂ ਦੀ ਭਰਮਾਰ ਰਹਿੰਦੀ ਸੀ, ਵਿਚ ਪਾਣੀ ਦਾ ਪੱਧਰ ਘਟਣ ਕਾਰਨ ਸੁੰਨੀ ਪਈ ਹੈ। ਇਹ ਝੀਲ ਉਟਾਹ ਤੇ ਐਰੀਜ਼ੋਨਾ ਦੀ ਸਰਹੱਦ ਉਪਰ ਹੈ। ਪਿਛਲੇ ਸਾਲ ਦੀ ਤੁਲਨਾ ਵਿਚ ਇਸ ਝੀਲ ਵਿੱਚ 50 ਫੁੱਟ ਪਾਣੀ ਘੱਟ ਹੈ ਜਿਸ ਕਾਰਨ ਸੈਲਾਨੀਆਂ ਦੀ ਆਮਦ ਬੰਦ ਹੋ ਗਈ ਹੈ। ਕਾਰੋਬਾਰੀ ਆਪਣੀਆਂ ਕਿਸ਼ਤੀਆਂ ਨੂੰ ਕੰਢਿਆਂ ਉਪਰ ਖੜ ਕਰਨ ਲਈ ਮਜਬੂਰ ਹੋ ਰਹੇ ਹਨ ਤੇ ਕੁਝ ਆਪਣੀਆਂ ਕਿਸ਼ਤੀਆਂ ਨੂੰ ਇਥੋਂ ਹੋਰ ਕਿਤੇ ਲੈ ਗਏ ਹਨ। ਇਸ ਝੀਲ 'ਤੇ ਆਉਣ ਵਾਲੇ ਸੈਲਾਨੀਆਂ ਉਪਰ ਨਿਰਭਰ ਹੋਰ ਕਾਰੋਬਾਰ ਵੀ ਬਹੁਤ ਮੁਸ਼ਕਿਲ ਹਾਲਾਤ ਵਿਚੋਂ ਗੁਜਰ ਰਹੇ ਹਨ। ਅਗਸਤ ਮਹੀਨੇ ਦੌਰਾਨ ਸੈਲਾਨੀਆਂ ਦੀ ਭਰਮਾਰ ਰਹਿੰਦੀ ਸੀ ਪਰ ਹੁਣ ਪੈਦਾ ਹੋਏ ਹਾਲਾਤ ਕਾਰਨ ਹਾਊਸਬੋਟ ਰੈਂਟਲ ਕੰਪਨੀਆਂ ਨੇ ਅਗਸਤ ਮਹੀਨੇ ਲਈ ਬੁਕਿੰਗ ਰੱਦ ਕਰ ਦਿੱਤੀ ਹੈ। ਨੈਸ਼ਨਲ ਪਾਰਕ ਸਰਵਿਸ ਜੋ ਝੀਲ ਦਾ ਪ੍ਰਬੰਧ ਚਲਾਉਂਦੀ ਹੈ, ਨੇ ਲੋਕਾਂ ਨੂੰ ਝੀਲ ਵਿਚ ਕਿਸ਼ਤੀਆਂ ਲੈ ਜਾਣ ਤੋਂ ਰੋਕ ਦਿੱਤਾ ਹੈ। ਅਪ ਲੇਕ ਐਡਵੈਂਚਰ ਕੰਪਨੀ ਦੇ ਮਾਲਕ ਬਾਬ ਰੀਡ ਨੇ ਕਿਹਾ ਹੈ ਕਿ ਇਹ ਬਹੁਤ ਅਫਸੋਸ ਵਾਲੀ ਗੱਲ ਹੈ ਕਿ ਇਕ ਬਹੁਤ ਹੀ ਸੁੰਦਰ ਸਥਾਨ ਬੰਦ ਹੋ ਰਿਹਾ ਹੈ।




Law Office of
NIRWAN & ASSOCIATES



www.nirwanlaw.com

Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831

A & S
Auto Repair & Services
Specializing in Brakes & Axles

Mon-Fri 9:00 AM to 6:00 PM Saturday 9:00 AM to 5:00 PM

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics





Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# ਕਾਂਗਰਸ ਭਾਜਪਾ ਤੇ ਆਪ ਦਲਿਤ ਪੱਛੜੇ ਤੇ ਸੰਵਿਧਾਨ ਵਿਰੋਧੀ, ਇਹਨਾ ਨੂੰ ਸੱਤਾ ਤੋਂ ਬਾਹਰ ਕਰਨਾ ਬਸਪਾ ਦਾ ਲਕਸ਼ - ਗੜ੍ਹੀ







**ਅੰਮ੍ਰਿਤਸਰ-** ਬਹੁਜਨ ਸਮਾਜ ਪਾਰਟੀ ਵਲੋਂ ਅੱਜ ਅੰਮ੍ਰਿਤਸਰ ਵਿਖੇ ਮਾਨ-ਸਨਮਾਨ ਲਈ ਅਸ਼ੀਰਵਾਦ ਯਾਤਰਾ ਭਗਵਾਨ ਵਾਲਮੀਕਿ ਤੀਰਥ ਤੋਂ ਸ੍ਰੈਰੀ ਹਰਿਮੰਦਰ ਸਾਹਿਬ ਤੱਕ ਚੱਲੀ ਜਿਸਦੀ ਅਗਵਾਈ ਬਸਪਾ ਦੇ ਸੂਬਾ ਪੈਰਧਾਨ ਸਰਦਾਰ ਜਸਵੀਰ ਸਿੰਘ ਗੜੈਹੀ ਨੇ ਕੀਤੀ। ਕਾਂਗਰਸ ਭਾਜਪਾ ਵਲੋਂ ਸੈਰੀ ਚਮਕੌਰ ਸਾਹਿਬ ਤੇ ਸੈਰੀ ਅਨੰਦਪੁਰ ਸਾਹਿਬ ਵਿਧਾਨ ਸਭਾ ਸੀਟਾਂ ਗਠਜੋੜ ਤਹਿਤ ਬਸਪਾ ਦੇ ਹਿੱਸੇ ਆਉਣ ਤੋਂ ਬਾਅਦ ਉਪਜੇ ਵਿਵਾਦ ਤੋਂ ਬਾਅਦ ਬਸਪਾ ਨੇ ਪੰਜਾਬ ਵਿਚ ਮਾਨ- ਸਨਮਾਨ ਲਈ ਵਡੇ ਪੱਧਰ ਉਪਰ ਮੋਟਰ ਸਾਈਕਲ ਯਾਤਰਾਵਾਂ ਸ਼ੁਰੂ ਕਰ ਰੱਖੀਆਂ ਹਨ ਜੋਕਿ ਅੰਦੋਲਨ ਦਾ ਰੂਪ ਧਾਰ ਚੁੱਕੀਆਂ ਹਨ। ਬਸਪਾ ਦੀ ਇਹ ਯਾਤਰਾ ਮਾਝੇ ਵਿੱਚ ਕਾਂਗਰਸ ਲਈ ਖ਼ਤਰੇ ਦੀ ਘੰਟੀ ਨਜ਼ਰ ਆ ਰਹੀ ਹੈ। ਇਸ ਮੌਕੇ ਬਸਪਾ ਪੈਰਧਾਨ ਨੇ ਭਗਵਾਨ ਵਾਲਮੀਕਿ ਜੀ ਦੀ ਪੈਰਤਿਮਾ ਨੂੰ ਫੁੱਲਮਾਲਾ ਅਰਪਿਤ ਕੀਤੀ ਅਤੇ ਡੇਰਾ ਧੂਣਾ ਸਾਹਿਬ ਤੇ ਡੇਰਾ ਬਾਬਾ ਪੂਰਨ ਨਾਥ ਵਿਖੇ ਸੰਤ ਗਿਰਧਾਰੀ ਨਾਥ ਜੀ ਤੋਂ ਅਸ਼ੀਰਵਾਦ ਲਿਆ। ਸੂਬਾ ਪੈਰਧਾਨ ਸ ਗੜੈਹੀ ਨੇ ਕਿਹਾ ਕਿ ਕਾਂਗਰਸ ਭਾਜਪਾ ਨੇ ਜਿਥੇ ਪੂਰੇ ਪੰਜਾਬ ਦੇ ਦਲਿਤ ਪੱਛੜੇ ਬਹੁਜਨ ਸਮਾਜ ਨੂੰ ਅਪਵਿੱਤਰ, ਗ਼ੈਰ-ਪੰਥਕ ਤੇ ਜਾਤੀਸੂਚਕ ਸ਼ਬਦਾਂ ਨਾਲ ਅਪਮਾਨਿਤ ਕੀਤਾ ਹੈ ਓਥੇ ਹੀ ਪਾਰਟੀ ਨੇ ਸੰਵਿਧਾਨ ਵਿਰੋਧੀ ਟਿੱਪਣੀ ਕੀਤੀ ਹੈ। ਕਾਂਗਰਸ ਸਰਕਾਰ ਬਹੁਜਨ ਸਮਾਜ ਦੇ ਅੰਦੋਲਨ ਨਾਲ ਚੋਰੀ ਤੇ ਸੀਨ-ਜੋਰੀ ਕਰ ਰਹੀ ਹੈ ਜਿਸ ਦਾ ਮੁਕਾਬਲਾ ਕਰਨ ਲਈ ਬਸਪਾ ਅੱਜ ਗੁਰੂਆਂ ਦਾ ਅਸ਼ੀਰਵਾਦ ਲੈਣ ਲਈ ਅਸ਼ੀਰਵਾਦ ਯਾਤਰਾ ਕਰ ਰਹੀ ਹੈ। ਇਸ ਲੜੀ ਵਿਚ 29 ਅਗਸਤ ਨੂੰ ਪੰਜਾਬ ਦੇ ਬਹੁਜਨ ਸਮਾਜ ਨੂੰ ਲਾਮਬੰਦ ਕਰਨ ਹਿੱਤ ਸੂਬਾ ਪੱਧਰੀ ਮਾਣ-ਸਨਮਾਨ ਲਈ ਅਲਖ ਜਗਾਓ ਰੈਲੀ ਫਗਵਾੜਾ ਵਿਖੇ ਕਰ ਰਹੀ ਹੈ। ਇਹ ਯਾਤਰਾ ਲਗਾਤਾਰ 3 ਘੰਟੇ ਦੇ ਲਗਭਗ ਸਫ਼ਰ ਤਹਿ ਕਰਕੇ ਸੈਰੀ ਦਰਬਾਰ ਸਾਹਿਬ ਪੁੱਜੀ। ਜਿਥੇ ਸ਼ੈਰੀ ਅਕਾਲ ਤਖ਼ਤ ਸਾਹਿਬ ਵਿਖੇ ਮੱਥਾ ਟੇਕਕੇ ਅਸ਼ੀਰਵਾਦ ਲਿਆ ਗਿਆ ਅਤੇ ਅਰਦਾਸ ਕੀਤੀ ਗਈ।

ਸੂਚਨਾ ਦਫਤਰ ਵਿਖੇ ਕਮੇਟੀ ਵਲੋਂ ਸ ਗੜੀ ਨੂੰ ਸਿਰੋਪਾ ਬਖਸ਼ਿਸ਼ ਕੀਤਾ ਗਿਆ। ਇਸ ਮੌਕੇ ਸੂਬਾ ਜਨਰਲ ਸਕੱਤਰ ਮਨਜੀਤ ਸਿੰਘ ਅਟਵਾਲ, ਰੋਹਿਤ ਖੋਖਰ, ਤਨਵੀਰ ਸਿੰਘ ਗਿੱਲ, ਦਲਵੀਰ ਸਿੰਘ ਵੇਰਕਾ, ਗੁਰਬਕਸ਼ ਸਿੰਘ ਸ਼ੇਰਗਿੱਲ, ਸਵਿੰਦਰ ਛੱਜਲਵੱਡੀ, ਗੁਰਬਖਸ਼ ਮਹੇ, ਤਾਰਾ ਚੰਦ ਭਗਤ, ਗੁਰਪੈਰਤਾਪ ਸਿੰਘ ਟਿੱਕਾ, ਅਵਤਾਰ ਸਿੰਘ ਟਰੱਕਾਂ ਵਾਲਾ, ਸੁਖਵੰਤਜੀਤ ਕੌਰ, ਸੁਰਜੀਤ ਸਿੰਘ ਭੋਲਾ, ਇੰਜ ਅਮਰੀਕ ਸਿੰਘ ਸਿੱਧੂ, ਪੈਰਿੰ ਨਰਿੰਦਰ ਸਿੰਘ, ਜਗਦੀਸ਼ ਦੁੱਗਲ, ਰਣਬੀਰ ਸਿੰਘ ਰਾਣਾ, ਅਮਰਵੀਰ ਢੋਡ, ਦਿਲਬਾਗ ਸਿੰਘ, ਗੁਰਵਿੰਦਰ ਸਿੰਘ ਕਾਲਾ, ਤਰਸੇਮ ਸਿੰਘ ਭੋਲਾ, ਸਰਜੀਤ ਸਿੰਘ ਅਬਦਾਲ, ਰਤਨ ਸਿੰਘ, ਸੁਖਦੇਵ ਕੁਮਾਰ, ਇੰਜ ਰਾਮ ਸਿੰਘ, ਹਰਜੀਤ ਸਿੰਘ ਅਬਦਾਲ, ਵਸਣ ਸਿੰਘ, ਬਲਵਿੰਦਰ ਨੱਥੂਪੁਰ, ਲਲਿਤ ਗੌਤਮ, ਅਸ਼ਵਨੀ ਸਰੰਜਨ, ਮੰਗਲ ਸਿੰਘ, ਗੁਰਜੀਤ ਸਿੰਘ ਅਟਵਾਲ, ਬਲਜੀਤ ਸਿੰਘ ਅਟਵਾਲ, ਜਗਜੀਤ ਸਿੰਘ, ਬਲਜੀਤ ਸਿੰਘ, ਬਲਵਿੰਦਰ ਸਿੰਘ, ਸ਼ੀਤਲ ਸਿੰਘ, ਵਰਿਆਮ ਸਿੰਘ ਝੰਜੋਟੀ, ਮਨਧੀਰ ਸਿੰਘ ਸ਼ੇਰਗਿੱਲ, ਜਸਪੈਰੀਤ ਸਿੰਘ, ਕਰਮ ਸਿੰਘ, ਕੁਲਦੀਪ ਸਿੰਘ ਮਾਹਲਾ, ਇੰਜ ਐਸ ਡੀ ਸਹੋਤਾ, ਦੌਲਤ ਸਿੰਘ ਸ਼ੇਰਗਿੱਲ, ਸੁਖਬੀਰ ਸਿੰਘ, ਸੰਜੇ, ਬਲਿਹਾਰ ਸਿੰਘ, ਸਤਬੀਰ ਸਿੰਘ, ਮੋਰਿਸ ਸਭਰਵਾਲ, ਇੰਜ ਕਸ਼ਮੀਰ ਸਿੰਘ, ਜਤਿੰਦਰ ਸਿੰਘ, ਗਿਆਨੀ ਬਲਦੇਵ ਸਿੰਘ, ਵਸਣ ਸਿੰਘ ਕਾਲਾ, ਸੁਖਦੇਵ ਸਿੰਘ ਆਦਿ ਸ਼ਾਮਿਲ ਸਨ।

# ਸ਼ਿਕਾਗੋ ਵਿਚ ਇਕ ਕਾਰ ਨੂੰ ਰੋਕਣ 'ਤੇ ਹੋਈ ਗੋਲੀਬਾਰੀ ਵਿੱਚ ਇਕ ਪੁਲਿਸ ਅਧਿਕਾਰੀ ਦੀ ਮੌਤ

**ਸੈਕਰਾਮੈਂਟੋ 9 ਅਗਸਤ (ਹੁਸਨ ਲੜੋਆ ਬੰਗਾ)-** ਅਮ-ਰੀਕਾ ਦੇ ਇਲੀਨੋਇਸ ਰਾਜ ਦੇ ਸ਼ਹਿਰ ਸ਼ਿਕਾਗੋ ਵਿਚ ਰੂਟੀਨ ਦੀ ਚੈਕਿੰਗ ਦੌਰਾਨ ਇਕ ਟਰੈਫਿਕ ਸਟਾਪ 'ਤੇ ਵਾਪਰੀ ਗੋਲੀਬਾਰੀ ਦੀ ਘਟਨਾ ਵਿਚ ਸ਼ਿਕਾਗੋ ਪੁਲਿਸ ਦੇ ਇਕ ਅਫਸਰ ਦੀ ਮੌਤ ਹੋ ਗਈ ਤੇ ਇਕ ਹੋਰ ਗੰਭੀਰ ਰੂਪ ਵਿਚ ਜਖਮੀ ਹੋ ਗਿਆ। ਸ਼ਿਕਾਗੋ ਦੇ ਪੁਲਿਸ ਸੁਪਰਡੈਂਟ ਡੇਵਿਡ ਬਰਾਊਨ ਨੇ ਕਿਹਾ ਹੈ ਕਿ ਇਕ ਗੱਡੀ ਨੂੰ ਰੋਕੇ ਜਾਣ 'ਤੇ ਉਸ ਵਿਚ ਸਵਾਰ ਦੋ ਵਿਅਕਤੀਆਂ ਤੇ ਇਕ ਔਰਤ ਨੇ ਪੁਲਿਸ ਉਪਰ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਜਿਸ ਦੌਰਾਨ ਇਕ ਪੁਲਿਸ ਅਧਿਕਾਰੀ ਮਾਰਿਆ ਗਿਆ ਤੇ ਦੂਸਰਾ ਗੰਭੀਰ ਜਖਮੀ ਹੋ



ਗਿਆ। ਡੇਵਿਡ ਬਰਾਊਨ ਨੇ ਦੱਸਿਆ ਕਿ ਪੁਲਿਸ ਦੀ ਜਵਾਬੀ ਕਾਰਵਾਈ ਵਿਚ ਗੱਡੀ ਵਿਚ ਸਵਾਰ ਇਕ ਵਿਅਕਤੀ ਦੇ ਵੀ ਗੋਲੀ ਲੱਗੀ ਹੈ ਜਿਸ ਨੂੰ ਹਿਰਾਸਤ ਵਿਚ ਲੈ ਕੇ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ ਜਿਥੇ ਉਸ ਦੀ ਹਾਲਤ ਸਥਿੱਰ ਹੈ। ਬਾਕੀ ਦੋਨਾਂ ਨੂੰ ਵੀ ਹਿਰਾਸਤ ਵਿਚ ਲੈ ਲਿਆ ਗਿਆ ਹੈ। ਮਾਰੇ ਗਏ ਪੁਲਿਸ ਅਧਿਕਾਰੀ ਦੀ ਸ਼ਨਾਖਤ ਈਲਾ ਫਰੈਂਚ ਵਜੋਂ ਹੋਈ ਹੈ। ਬਰਾਊਨ ਨੇ ਦਸਿਆ ਕਿ ਗੋਲੀਬਾਰੀ ਤੋਂ ਪਹਿਲਾਂ ਕੀ ਕੁਝ ਹੋਇਆ ਇਸ ਬਾਰੇ ਜਾਂਚ ਕੀਤੀ ਜਾ ਰਹੀ ਹੈ। ਮੇਅਰ ਲੌਰੀ ਲਾਈਟਫੁੱਟ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅੱਜ ਦਾ ਦਿਨ ਬੇਹੱਦ ਅਫਸੋਸ ਤੇ ਦੁੱਖ ਭਰਿਆ ਹੈ। ਮੇਅਰ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਪੁਲਿਸ ਦੀ ਭਮਿਕਾ ਨੂੰ ਲੈ ਕੇ ਨਿਰੰਤਰ ਵਿਰੋਧ ਨਾ ਕਰਨ। ਪੁਲਿਸ ਆਪਣੀ ਜਾਨ ਜੋਖਮ ਵਿਚ ਪਾ ਕੇ ਲੋਕਾਂ ਦੀ ਰਖਿਆ ਕਰਦੀ ਹੈ। ਉਨਾਂ ਕਿਹਾ ਕਿ ਪੁਲਿਸ ਸਾਡੀ ਦੁਸ਼ਮਣ ਨਹੀਂ ਹੈ। ਸਾਨੂੰ ਇਕਜੁੱਟ ਹੋਣ ਦੀ ਲੋੜ ਹੈ। ਸਾਡਾ ਸਾਂਝਾ ਦੁਸ਼ਮਣ ਅਪਰਾਧੀਆਂ ਦੇ ਗਿਰੋਹ ਤੇ ਅਗਨ ਸ਼ੱਸ਼ਤਰ ਹਨ। ਲਾਈਟਫੁੱਟ ਮਾਰੇ ਗਏ ਪੁਲਿਸ ਅਧਿਕਾਰੀ ਦੇ ਘਰ ਵੀ ਗਈ ਜਿਥੇ ਉਨਾਂ ਨੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।






# ਵਿਵਾਦਾਂ ਵਿਚ ਘਿਰੇ ਨਿਊਯਾਰਕ ਦੇ ਗਵਰਨਰ ਨੇ ਆਖਿਰਕਾਰ ਅਸਤੀਫਾ ਦੇਣ ਦਾ ਕੀਤਾ ਐਲਾਨ

**ਸੈਕਰਾਮੈਂਟੋ 11 ਅਗਸਤ (ਹੁਸਨ ਲੜੋਆ ਬੰਗਾ)** ਸੈਕਸ ਸ਼ੋਸ਼ਣ ਦੇ ਮਾਮਲੇ ਵਿਚ ਘਿਰੇ ਨਿਊਯਾਰਕ ਦੇ ਡੈਮੋਕਰੈਟਿਕ ਮੇਅਰ ਐਂਡਰੀਊ ਕੂਮੋ ਨੇ ਹੋ ਰਹੀ ਅਲੋਚਨਾ ਦੇ ਮੱਦੇਨਜਰ ਆਖਿਰਕਾਰ ਵਿਰੋਧੀਆਂ ਦੇ ਦਬਾਅ ਹੇਠ ਅਸਤੀਫਾ ਦੇਣ ਦਾ ਐਲਾਨ ਕਰ ਦਿੱਤਾ ਹੈ। ਸੈਕਸ ਸ਼ੋਸ਼ਣ ਮਾਮਲੇ ਨੇ ਕੂਮੋ ਦਾ ਰਾਜਸੀ ਭਵਿੱਖ ਪੱਟੜੀ ਉਪਰੋਂ ਲਾਹ ਦਿੱਤਾ ਹੈ। ਕੋਰੋਨਾਵ-ਾਇਰਸ ਮਹਾਮਾਰੀ ਦੌਰਾਨ ਕੂਮੋ ਦਾ ਕੱਦ ਕਾਠ ਜਿਸ ਤਰਾਂ ਰਾਸ਼ਟਰੀ ਪੱਧਰ'ਤੇ ਉਚਾਈਆਂ ਛੋਹ ਗਿਆ ਸੀ, ਓਨੀ ਹੀ ਤੇਜੀ ਨਾਲ ਉਹ ਜਮੀਨ ਉਪਰ ਆ ਡਿੱਗਾ ਹੈ। ਕੂਮੋ ਨੇ ਆਪਣੇ ਅਸਤੀਫੇ ਦਾ ਐਲਾਨ ਕਰਦਿਆਂ ਕਿਹਾ ਹੈ ਕਿ ਉਸ ਦਾ ਇਹ ਫੈਸਲਾ 14 ਦਿਨਾਂ ਅੰਦਰ ਲਾਗੂ ਹੋ ਜਾਵੇਗਾ। ਉਨਾਂ ਕਿਹਾ ਹੈ ਕਿ'' ਇਸ ਵੇਲੇ ਮੇਰੇ ਲਈ ਮੱਦਦ ਕਰਨ ਦਾ ਵਧੀਆ ਤਰੀਕਾ ਇਹ ਹੀ ਹੈ ਕਿ ਮੈ ਆਪਣਾ ਅਹੁੱਦਾ ਛੱਡ ਦੇਵਾਂ ਤੇ ਸਰਕਾਰ ਨੂੰ ਕੰਮ ਕਰਨ ਦੇਵਾਂ। ਇਸ ਲਈ ਮੈ ਆਪਣਾ ਅਸਤੀਫਾ ਦੇਣ ਦਾ ਐਲਾਨ ਕਰਦਾ ਹਾਂ'' ਕੂਮੋ ਦੀ ਜਗਾ ਲੈਫਟੀਨੈਂਟ ਗਵਰਨਰ ਕੈਥੀ ਹੋਚਲ ਨਿਊਯਾਰਕ ਦੇ ਗਵਰਨਰ ਵਜੋਂ ਸਹੁੰ ਚੁੱਕੇਗੀ। ਉਹ ਪਹਿਲੀ ਔਰਤ ਹੋਵੇਗੀ ਜਿਸ ਨੂੰ ਨਿਊਯਾਰਕ ਦਾ ਗਵਰਨਰ ਬਣਨ ਦਾ ਮਾਣ ਪੈਰਾਪਤ ਹੋਵੇਗਾ। ਇਥੇ ਜਿਕਰਯੋਗ ਹੈ ਕਿ ਪਿਛਲੇ 5 ਮਹੀਨਿਆਂ ਤੋਂ 63 ਸਾਲਾ ਕੂਮੋ ਵਿਵਾਦਾਂ ਵਿਚ ਰਹੇ ਹਨ। ਰਾਜ ਦੀਆਂ ਬਹੁਤ ਸਾਰੀਆਂ ਮੌਜੂਦਾ ਤੇ ਸਾਬਕਾ ਔਰਤ ਮੁਲਾਜ਼ਮਾਂ ਨੇ ਜਨਤਿਕ ਤੌਰ'ਤੇ ਉਸ ਉਪਰ ਅਣਉਚਿੱਤ ਵਿਵਹਾਰ ਕਰਨ ਤੇ ਪੈਰੇਸ਼ਾਨ ਕਰਨ ਦੇ ਦੋਸ਼ ਲਾਏ ਸਨ। ਇਸ ਤੋਂ ਇਲਾਵਾ ਉਸ ਦੇ ਪੈਰਸ਼ਾਸਨ ਉਪਰ ਕੋਵਿਡ-19 ਨਾਲ ਹੋਈਆਂ ਮੌਤਾਂ ਦੀ ਅਸਲ ਗਿਣਤੀ ਛੁਪਾਉਣ ਦੇ ਦੋਸ਼ ਵੀ ਲੱਗੇ

# ਲਾਸ ਵੇਗਾਸ ਵਿਚ ਕਿਰਾਏ ਨੂੰ ਲੈ ਕੇ ਹੋਏ ਝਗੜੇ ਵਿੱਚ ਚੱਲੀਆਂ ਗੋਲੀਆਂ

**ਸੈਕਰਾਮੈਂਟੋ 11 ਅਗਸਤ (ਹੁਸਨ ਲੜੋਆ ਬੰਗਾ)** ਲਾਸ ਵੇਗਾਸ ਵਿਚ ਕਿਰਾਇਆ ਨਾ ਦੇਣ ਕਾਰਨ ਹੋਏ ਝਗੜੇ ਨੂੰ ਲੈ ਕੇ ਹੋਈ ਗੋਲੀਬਾਰੀ ਵਿਚ 2 ਔਰਤਾਂ ਦੀ ਮੌਤ ਹੋ ਗਈ ਤੇ ਇਕ ਵਿਅਕਤੀ ਜਖਮੀ ਹੋ ਗਿਆ। ਪੁਲਿਸ ਵਿਭਾਗ ਅਨੁਸਾਰ 78 ਸਾਲਾ ਅਰਨੋਲਡੋ ਸਾਂਚੇਜ ਜਿਸ ਨੇ ਪੀੜਤਾਂ ਨੂੰ ਕਮਰੇ ਕਿਰਾਏ ਉਪਰ ਦਿੱਤੇ ਹੋਏ ਸਨ, ਨੂੰ ਗੈਰਿਫਤਾਰ ਕਰ ਲਿਆ ਗਿਆ ਹੈ। ਉਸ ਵਿਰੁੱਧ 2 ਹੱਤਿਆਵਾਂ ਕਰਨ ਤੇ ਹੱਤਿਆ ਦੀ ਕੋਸ਼ਿਸ ਕਰਨ ਦੇ ਦੋਸ਼ ਲਾਏ ਗਏ ਹਨ। ਪੁਲਿਸ ਅਨੁਸਾਰ ਇਹ ਘਟਨਾ ਪੱਛਮੀ ਸ਼ਿਕਾਗੋ ਐਵਨਿਊ ਵਿਚ ਬੀਤੀ ਅੱਧੀ ਰਾਤ ਤੋਂ ਬਾਅਦ ਵਾਪਰੀ।



ਜਦੋਂ ਪੁਲਿਸ ਘਟਨਾ ਸਥਾਨ'ਤੇ ਪੁੱਜੀ ਤਾਂ ਦੋ ਔਰਤਾਂ ਗੋਲੀਆਂ ਨਾਲ ਜਖਮੀ ਹੋਈਆਂ ਮਿਲੀਆਂ ਜਿਨਾਂ ਦੀ ਬਾਅਦ ਵਿਚ ਮੌਤ ਹੋ ਗਈ ਜਦ ਕਿ ਇਕ ਵਿਅਕਤੀ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਉਸ ਦੇ ਕਈ ਗੋ-ਲੀਆਂ ਵੱਜੀਆਂ ਹਨ। ਪੁਲਿਸ ਨੇ ਦੋਸ਼ੀ ਸਾਂਚੇਜ ਨੂੰ ਘਰ ਵਿਚੋਂ ਹੀ ਗੈਰਿਫਤਾਰ ਕਰ ਲਿਆ। ਗੈਰਿਫਤਾਰੀ ਸਮੇ ਉਸ ਨੇ ਕੋਈ ਵਿਰੋਧ ਨਹੀਂ ਕੀਤਾ ਤੇ ਪੁਲਿਸ ਅੱਗੇ ਆਤਮ ਸਮਰਪਣ ਕਰ ਦਿੱਤਾ। ਪੁਲਿਸ ਨੇ ਮਾਰੀਆਂ ਗਈਆਂ ਔਰਤਾਂ ਤੇ ਜਖਮੀ ਵਿਅਕਤੀ ਦਾ ਨਾਂ ਅਜੇ ਨਸ਼ਰ ਨਹੀਂ ਕੀਤਾ ਹੈ।

# ਸਕਾਟਲੈਂਡ: ਕੋਪ 26 ਸੰਮੇਲਨ ਦੇ ਡੈਲੀਗੇਟਾਂ ਲਈ ਕੋਵਿਡ ਯਾਤਰਾ ਪਾਬੰਦੀਆਂ ਵਿੱਚ ਦਿੱਤੀ ਜਾਵੇਗੀ ਢਿੱਲ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)–** ਸਕਾਟਲੈਂਡ ਵਿੱਚ ਇਸ ਸਾਲ ਹੋਣ ਵਾਲੇ ਕੋਪ 26 ਸੰਮੇਲਨ ਲਈ ਗਲਾਸਗੋ ਪਹੁੰਚਣ ਵਾਲੇ ਦੁਨੀਆਂ ਭਰ ਦੇ ਡੈਲੀਗੇਟਾਂ ਲਈ ਯਾਤਰਾ ਸਬੰਧੀ ਨਿਯਮਾਂ ਵਿੱਚ ਢਿੱਲ ਦਿੱਤੀ ਜਾਵੇਗੀ। ਕੋਪ 26 ਦੇ ਅਧਿਕਾਰੀਆਂ ਨੇ ਇਸ ਸਮਾਗਮ ਲਈ ਸ਼ਰਤਾਂ ਨਿਰਧਾਰਤ ਕੀਤੀਆਂ ਹਨ, ਜਿਸ ਲਈ ਵਿਸ਼ਵ ਭਰ ਦੇ 20,000 ਤੋਂ 25,000 ਸਰਕਾਰੀ ਡੈਲੀਗੇਟਾਂ, ਮੀਡੀਆ ਅਤੇ ਪੈਰਚਾਰਕਾਂ ਦੇ ਗਲੋਬਲ ਵਾਰਮਿੰਗ ਨੂੰ ਰੋਕਣ ਬਾਰੇ ਗੱਲਬਾਤ ਕਰਨ ਲਈ ਸਕਾਟਲੈਂਡ ਆਉਣ ਦੀ ਉਮੀਦ ਹੈ। ਇਸ ਸੰਮੇਲਨ ਲਈ ਆਉਣ ਵਾਲੇ ਡੈਲੀਗੇਟਾਂ ਲਈ ਇਕਾਂਤਵਾਸ ਆਦਿ ਦੇ ਨਿਯਮਾਂ ਨੂੰ ਘਟਾ ਦਿੱਤਾ ਜਾਵੇਗਾ, ਜਦੋਂ ਕਿ ਸਖਤ ਟੈਸਟਿੰਗ ਪੈਰੋਟੋਕੋਲ ਲਾਗੂ ਹੋਣਗੇ। ਜਿਸ ਵਿੱਚ ਸਿਖਰ ਸੰਮੇਲਨ ਵਿੱਚ ਸ਼ਾਮਲ ਹੋਣ ਵਾਲੇ ਸਾਰੇ ਲੋਕਾਂ ਦੀ ਨਿਯਮਤ ਜਾਂਚ ਹੋਵੇਗੀ। ਡੈਲੀਗੇਟਾਂ ਨੂੰ ਸਿਖਰ ਸੰਮੇਲਨ ਦੇ ਪੈਰੋਟੋਕੋਲ ਦੀ ਪਾਲਣਾ ਕਰਨ ਲਈ ਸਹਿਮਤ ਹੋਣ ਵਾਲੇ ਚਾਰਟਰ'ਤੇ ਵੀ ਦਸਤਖਤ ਕਰਨੇ ਪੈਣਗੇ। ਯੂਕੇ



ਸਾਰੇ ਕੋਵਿਡ -19 ਟੀਕਿਆਂ ਨੂੰ ਇਸ ਪੈਰੋਗਰਾਮ ਲਈ ਯੋਗ ਮੰਨ ਰਿਹਾ ਹੈ, ਪਰ ਅਧਿਕਾਰੀਆਂ ਨੇ ਇਹ ਵੀ ਕਿਹਾ ਕਿ ਬਿਨਾਂ ਟੀਕਾ ਲੱਗੇ ਪੈਰਤੀਨਿਧਾਂ ਨੂੰ ਵੀ ਰੋਕਿਆ ਨਹੀਂ ਜਾਵੇਗਾ। ਖਾਸ ਤੌਰ'ਤੇ ਕੋਪ 26 ਸੰਮੇਲਨ ਲਈ ਦੇ ਨਿਯਮਾਂ ਦੇ ਤਹਿਤ, ਲਾਲ ਸੂਚੀ ਵਾਲੇ ਦੇਸ਼ਾਂ ਦੇ ਡੈਲੀਗੇਟਾਂ ਨੂੰ ਕੋਰੋਨਾ ਵੈਕਸੀਨ ਲੱਗੇ ਹੋਣ ਦੀ ਸੂਰਤ ਵਿੱਚ ਸਿਰਫ ਪੰਜ ਦਿਨਾਂ ਲਈ ਕੁਆਰੰਟੀਨ ਹੋਟਲਾਂ ਵਿੱਚ ਅਲੱਗ ਰਹਿਣਾ ਪਏਗਾ ਅਤੇ ਜੇ ਉਨੈਹਾਂ ਨੂੰ ਟੀਕੇ ਨਹੀਂ ਲੱਗੇ ਹਨ ਤਾਂ 10 ਦਿਨ ਇਕਾਂਤਵਾਸ ਹੋਣਾ ਪਵੇਗਾ। ਇਸਦੇ ਇਲਾਵਾ ਅਧਿਕਾਰੀਆਂ ਨੇ ਦੱਸਿਆ ਕਿ ਅੰਬਰ ਜਾਂ ਗੈਰੀਨ ਲਿਸਟ ਦੇਸ਼ਾਂ ਤੋਂ ਆਉਣ ਵਾਲੇ ਕੋਪ 26 ਪੈਰਤੀਨਿਧਾਂ ਨੂੰ ਯੂਕੇ ਪਹੁੰਚਣ'ਤੇ ਇਕਾਂਤਵਾਸ ਹੋਣ ਦੀ ਜ਼ਰੂਰਤ ਨਹੀਂ ਹੋਵੇਗੀ, ਭਾਵੇਂ ਉਹਨਾਂ ਨੂੰ ਟੀਕਾ ਲੱਗਿਆ ਹੋਵੇ ਜਾਂ ਨਹੀਂ। ਅਧਿਕਾਰੀਆਂ ਨੇ ਕਿਹਾ ਕਿ ਕੋਪ 26 ਦੇ ਨਿਯਮਾਂ ਨੂੰ ਯੂਕੇ ਅਤੇ ਸਕਾਟਿਸ਼ ਸਰਕਾਰਾਂ ਦੁਆਰਾ ਹਸਤਾਖਰ ਕੀਤੇ ਗਏ ਹਨ, ਪਰ ਸਿਖਰ ਸੰਮੇਲਨ ਲਈ ਕੋਵਿਡ -19 ਸੁਰੱਖਿਆ ਉਪਾਅ ਅਜੇ ਵੀ ਬਦਲ ਸਕਦੇ ਹਨ।

# ਟਾਵਰ ਬ੍ਰਿਜ ਤਕਨੀਕੀ ਨੁਕਸ ਕਾਰਨ ਖੁੱਲਣ ਤੋਂ ਮੁੜ ਬੰਦ ਨਾ ਹੋਣ 'ਤੇ ਲੋਕ ਹੋਏ ਪ੍ਰੇਸ਼ਾਨ

**ਗਲਾਸਗੋ / ਲੰਡਨ (ਮਨਦੀਪ ਖੁਰਮੀ ਹਿੰ-ਮਤਪੁਰਾ)–** ਲੰਡਨ ਦੇ ਟਾਵਰ ਬੈਰਿਜ'ਚ ਸੋਮਵਾਰ ਦੁਪਹਿਰ ਨੂੰ ਤਕਨੀਕੀ ਨੁਕਸ ਪੈਣ ਕਰਕੇ ਲੋਕਾਂ ਨੂੰ ਸਮੱਸਿਆ ਦਾ ਸਾਹਮਣਾ ਕਰਨਾ ਪਿਆ। ਇਹ ਪੁਲ ਇੱਕ ਵਾਰ ਖੋਲੈਹਣ ਦੇ ਬਾਅਦ ਫਿਰ ਵਾਪਸ ਬੰਦ ਨਾ ਹੋਇਆ। ਤਕਨੀਕੀ ਨੁਕਸ ਪੈਣ ਕਰਕੇ ਇਹ ਖੁੱਲੈਹੀ ਸਥਿਤੀ ਵਿੱਚ ਅਟਕ ਗਿਆ, ਜਿਸ ਕਰਕੇ ਥੇਮਜ਼ ਨਦੀ ਦੇ ਦੋਵੇਂ ਪਾਸੇ ਆਵਾਜਾਈ ਪ੍ਰਭਾਵਿਤ ਹੋਈ। 127 ਸਾਲ ਪੁਰਾਣਾ ਇਹ ਪੁਲ ਬ੍ਰਿਟਿਸ਼ ਰਾਜਧਾਨੀ ਦੇ ਉੱਤਰੀ ਅਤੇ ਦੱਖਣੀ ਹਿੱਸਿਆਂ ਨੂੰ ਜੋੜਦਾ ਹੈ। ਵੱਡੇ ਸਮੁੰਦਰੀ ਜਹਾਜ਼ਾਂ ਨੂੰ ਲੰਘਣ ਦੀ ਇਜਾਜ਼ਤ ਦੇਣ ਲਈ ਇਹ ਪੁਲ ਸਾਲ ਵਿੱਚ ਲਗਭਗ 800 ਵਾਰ ਖੁੱਲੈਹਦਾ ਹੈ, ਜਿਸਦੇ ਖੁੱਲਣ ਲਈ ਪ੍ਰਬੰਧ ਘੱਟੋ ਘੱਟ 24 ਘੰਟੇ ਪਹਿਲਾਂ ਕੀਤਾ ਜਾਂਦਾ ਹੈ। ਟਾਵਰ ਬੈਰਿਜ ਦੀ ਮੁਰੰਮਤ 2006 ਵਿੱਚ ਕੀਤੀ ਗਈ ਸੀ। ਇਸਦੇ ਖਰਾਬ ਹੋਣ ਦੀ ਆਖਰੀ ਘਟਨਾ 22 ਅਗਸਤ, 2020 ਨੂੰ ਵਾਪਰੀ ਸੀ, ਜਦੋਂ ਇਹ ਇੱਕ ਘੰਟੇ ਤੋਂ ਵੱਧ ਸਮੇਂ ਲਈ ਫਸ ਗਿਆ ਸੀ।



# ਕੌਸਲ ਆਫ ਡਿਪਲੋਮਾ ਇੰਜੀਨੀਅਰਜ਼ , ਜਿਲ੍ਹਾ ਬਠਿੰਡਾ ਜ਼ੋਨ ਵੱਲੋਂ ਛੇਵੇਂ ਤਨਖਾਹ ਕਮਿਸ਼ਨ ਦੀ ਰਿਪੋਰਟ ਦਾ ਸਖਤ ਵਿਰੋਧ ਕਰਦੇ ਹੋਏ ਧਰਨਾ ਤੇ ਮੰਗ ਪੱਤਰ ਦਿੱਤਾ

**ਬਠਿੰਡਾ–** ਪੰਜਾਬ ਸਰਕਾਰ ਦੇ ਸਰਕਾਰੀ/ਅਰਧ ਸਰਕਾਰੀ ਵਿਭਾਗਾਂ/ਬੋਰਡਾਂ/ ਕਾਰਪੋਰੇਸ਼ਨਾ/ ਸਥਾਨਕ ਸਰਕਾਰਾਂ ਵਿਭਾਗ/ ਯੂਨੀਵਰਸਿਟੀਆਂ ਅਤੇ ਹੋਰ ਤਕਨੀਕੀ ਅਦਾਰਿਆਂ ਵਿੱਚ ਸੇਵਾਵਾਂ ਨਿਭਾ ਰਹੇ ਜੂਨੀਅਰ ਇੰਜੀਨੀਅਰਜ਼ / ਸਹਾਇਕ ਇੰਜੀਨੀਅਰਜ਼/ਉਪ ਮੰਡਲ ਇੰਜੀਨੀਅਰਜ, ਅਫਸਰਜ਼ (ਪਦ -ਉੱਨਤ) ਦੀ ਪ੍ਰਤੀਨਿਧ ਜਮਾਤ ਕੌਂਸਲ ਆਫ ਡਿਪਲੋਮਾ ਇੰਜੀਨੀਅਰਜ਼, ਪੰਜਾਬ, ਹਿਮਾਚਲ ਪ੍ਰਦੇਸ਼ ਚੰਡੀਗੜ੍ਹ (ਯੂ. ਟੀ) ਹਰਿਆਣਾ ਅਤੇ ਜੰਮੂ ਤੇ ਕਸ਼ਮੀਰ ਵੱਲੋ ਇੰਜ: ਮਨਜਿੰਦਰ ਸਿੰਘ ਮੱਤੇਨੰਗਲ (ਚੇਅਰਮੈਨ) ਇੰਜ: ਸੁਖਵਿੰਦਰ ਸਿੰਘ ਬਾਂਗੋਬਾਨੀ (ਸਕੱਤਰ ਜਨਰਲ), ਇੰਜ: ਦਿਲਪ੍ਰੀਤ ਸਿੰਘ ਲੋਹਟ (ਸੀਨੀਅਰ ਵਾਈਸ ਚੇਅਰਮੈਂਨ,ਸੂਬਾ ਪ੍ਰਧਾਨ ਡੀ ਈ ਏ ਪੰਜਾਬ ) ਅਤੇ ਇੰਜ: ਹਰਮਨਜੀਤ ਸਿੰਘ ਧਾਲੀਵਾਲ (ਵਾਈਸ ਚੇਅਰਮੈਂਨ) ਦੀ ਯੋਗ ਅਗਵਾਈ ਵਿੱਚ 9 ਅਗਸਤ ਨੂੰ ਬਠਿੰਡਾ ਜ਼ੋਨ ਵੱਲ ਜਿਲਾ ਪੱਧਰੀ ਰੋਸ ਧਰਨਾ ਡਿਪਟੀ ਕਮਿਸ਼ਨਰ ਬਠਿੰਡਾ ਦੇ ਦਫਤਰ ਵਿਖੇ ਪੰਜਾਬ ਸਰਕਾਰ ਵੱਲੋਂ ਗਠਿਤ 6ਵੇ ਤਨਖਾਹ ਕਮਿਸ਼ਨ ਦੀਆਂ ਤਰੁੱਟੀਆਂ ਭਰਪੂਰ ਰਿਪੋਰਟ ਤੇ ਸਿਫਾਰਸ਼ਾਂ ਅਤੇ ਪੰਜਾਬ ਸਰਕਾਰ ਦੇ ਵਿੱਤ ਵਿਭਾਗ ਵੱਲੋਂ ਮਿਤੀ 05-07-2021 ਨੂੰ ਮੁਲਾਜ਼ਮਤ ਮਾਰੂ ਨੀਤੀਆਂ ਤਹਿਤ ਮਨਮਾਨੇ ਢੰਗ ਜਾਰੀ ਨੋਟੀਫਿਕੇਸ਼ਨ ਦੇ ਪੁਰਜ਼ੋਰ ਵਿਰੋਧ ਵਿੱਚ ਸਥਾਨਕ ਪੱਧਰ ਤੇ ਸਾਂਤਮਈ ਭਾਰੀ ਰੋਸ ਦਾ ਪ੍ਰਗਟਾਵਾ ਕਰਦੇ ਹੋਏ ਦਿੱਤਾ ਗਿਆ। ਧਰਨੇ ਦੀ ਕਾਰਵਾਈ ਦੀ ਜਾਣਕਾਰੀ ਦਿੰਦੇ ਹੋਏ ਇੰਜੀ: ਅਨੀਸ਼ (ਪੰਚਾਇਤੀ ਰਾਜ) ਕਨਵੀਨਰ ਜਿਲ੍ਹਾ ਜ਼ੋਨ ਬਠਿੰਡਾ ਅਤੇ ਇੰਜੀ. ਸੁਖਵਿੰਦਰ ਸਿੰਘ (ਸੀਵਰੇਜ ਬੋਰਡ ) ਕੋ ਕਨਵੀਨਰ ਪੰਜਾਬ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਗਠਿਤ ਕੀਤੇ ਗਏ ਪੰਜਾਬ 6ਵੇਂ ਤਨਖਾਹ ਕਮਿਸ਼ਨ ਦੀ ਰਿਪੋਰਟ ਵਿੱਚ ਰਹਿ ਗਈਆਂ ਤਰੁੱਟੀਆਂ ਭਰਪੂਰ ਸਿਫਾਰਸਾਂ ਦੀ ਸੋਧਾਂ ਕੀਤਿਆਂ ਬਗੈਰ ਹੀ ਪੰਜਾਬ ਸਰਕਾਰ ਦੇ ਵਿੱਤ ਵਿਭਾਗ ਵੱਲੋਂ ਮਿਤੀ 05-07-2021 ਨੂੰ ਮੁਲਾਜ਼ਮਤ ਮਾਰੂ ਨੀਤੀਆਂ ਤਹਿਤ ਮਨਮਾਨੇ ਢੰਗ ਨਾਲ਼ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਦੀ ਵੱਖ-2 ਬੁਲਾਰਿਆਂ ਸਖਤ ਨਿਖੇਧੀ ਕਰਦੇ ਹੋਏ ਵਿਰੋਧ ਕੀਤਾ ਗਿਆ ਹੈ। ਇੱਥੇ ਰੋਸ ਧਰਨੇ ਨੂੰ ਸੰਬੋਧਨ ਕਰਦੇ ਹੋਏ ਇੰਜ: ਰਾਜਿੰਦਰ ਕੁਮਾਰ ਗੌੜ ਸਰਪ੍ਰਸਤ ਕੌਂਸਲ ਅਤੇ ਇੰਜ: ਹਰਿੰਦਰ ਸਿੰਘ ਗਿੱਲ ਸੂਬਾ ਪ੍ਰਧਾਨ,ਪੰਚਾਇਤੀ ਰਾਜ ਜੇ ਈ/ਏ ਈ/ਪਦ ਉੱਨਤ - ਐਸ ਡੀ ਈ ਐਸ਼ੋਸੀਏਸ਼ਨ, ਪੰਜਾਬ ਵੱਲੋਂ ਆਪਣੇ ਸੰਬੋਧਨ ਵਿੱਚ ਕਿਹਾ ਗਿਆ ਕਿ ਸਾਲ 2011 ਵਿੱਚ ਜੱਥੇਬੰਦਕ ਸਖ਼ਤ ਸੰਘਰਸ਼ ਤੋਂ ਬਾਅਦ ਉਸ ਸਮੇਂ ਦੀ ਸਰਕਾਰ ਵੱਲੋਂ ਦਿੱਤੇ ਗਏ ਸਨਮਾਨਜਨਕ ਸਕੇਲਾਂ ਤੇ ਤਨਖਾਹ ਕਮਿਸ਼ਨ ਵੱਲੋਂ 2.25 ਦਾ ਨਾ ਪ੍ਰਵਾਨ ਕਰਨ ਯੋਗ ਗੁਣਾਂਕ ਦੇ ਕੇ ਇਸ ਵਰਗ ਨਾਲ ਸਰਾਸਰ ਧੱਕਾ ਕੀਤਾ ਗਿਆ ਹੈ। ਜਿਸ ਨਾਲ ਇਸ ਵਰਗ ਜੂਨੀਅਰ ਇੰਜੀਨੀਅਰ/ਸਹਾਇਕ ਇੰਜੀਨੀਅਰ ਅਤੇ ਪੱਦ ਉੱਨਤ ਐੱਸ ਡੀ ਈ/ ਓਜ਼ ਦੀਆਂ ਤਨਖਾਹਾਂ ਵਿੱਚ&; ਵਾਧਾ ਕਰਨ ਦੀ ਥਾਂ ਘਟਾਉਣ ਦਾ ਕੰਮ ਕੀਤਾ ਗਿਆ ਹੈ। ਪੰਜਾਬ ਸਰਕਾਰ ਦੇ ਵਿੱਤ ਵਿਭਾਗ ਵੱਲੋਂ ਨੋਟੀਫਿਕੇਸ਼ਨ ਨੇ ਇਸ ਬੇਤਹਾਸ਼ਾ ਮਹਿੰਗਾਈ ਦੇ ਦੌਰ ਵਿੱਚ ਤਨਖਾਹ ਵਧਾਉਣ ਦੀ ਥਾਂ ਮਨਮਾਨੇ ਢੰਗ ਨਾਲ਼ ਤਨਖਾਹਾਂ ਘਟਾਉਣ ਦਾ ਕੰਮ ਕਰਦੇ ਹੋਏ ਮੁਲਾਜ਼ਮ ਵਰਗ ਦਾ ਸ਼ੋਸਣ ਕੀਤਾ ਗਿਆ ਹੈ। ਇਸ ਜਿਲਾ ਪੱਧਰੀ ਰੋਸ ਧਰਨੇ ਵਿੱਚ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਪੰਜਾਬ ਸਰਕਾਰ ਵੱਲੋਂ ਗਠਿਤ 6ਵੇਂ ਤਨਖਾਹ ਕਮਿਸ਼ਨ ਦੀ ਰਿਪੋਰਟ ਨੂੰ ਮੁੱਢੋ ਹੀ ਰੱਦ ਕੀਤਾ ਗਿਆ ਹੈ। ਪੰਜਾਬ ਸਰਕਾਰ ਦੇ ਵਿੱਤ ਵਿਭਾਗ ਵੱਲੋਂ ਤਨਖ਼ਾਹਾ ਸਬੰਧੀ ਜਾਰੀ ਨੋਟੀਫਿਕੇਸ਼ਨ ਵਿੱਚ ਵੱਖ-2 ਮੁਲਾਜ਼ਮ ਜੱਥੇਬੰਦੀਆਂ ਵੱਲੋਂ ਹੱਕੀ ਤੇ ਜਾਇਜ ਮੰਗਾਂ ਅਨੁਸਾਰ ਸੋਧਾਂ ਕਰਕੇ ਪੰਜਾਬ ਦੀ ਸਮੂਹ ਮੁਲਾਜ਼ਮਤ ਨੂੰ ਇਨਸਾਫ ਦੇਣ ਦੀ ਮੰਗ ਕੀਤੀ ਗਈ ਹੈ। ਕੌਂਸਲ ਵੱਲੋਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਜੂਨੀਅਰ ਇੰਜੀਨੀਅਰ /ਸਹਾਇਕ ਇੰਜੀਨੀਅਰਜ਼ ਵਰਗ ਨੂੰ ਸਾਲ 2011 ਵਿੱਚ ਦਿੱਤੇ ਗਏ ਤਨਖਾਹ ਸਕੇਲਾਂ ਤੇ 3.01 ਦਾ ਗੁਣਾਂਕ ਦੇਣ ਦੀ ਮੰਗ ਕੀਤੀ ਗਈ। ਤਨਖਾਹ&; ਕਮਿਸ਼ਨ ਦੀ ਰਿਪੋਰਟ ਵਿੱਚ ਸਮੂਹ ਜੇ.ਈ./ਏ.ਈ. ਵਰਗ ਦੇ ਖ਼ਤਮ ਕੀਤੇ 30 ਲੀਟਰ ਪੈਟਰੋਲ ਫਿਕਸ ਟਰੈਵਲਿੰਗ ਅਲਾਊਂਸ ਨੂੰ ਬਹਾਲ ਕਰਦੇ ਹੋਏ 80 ਲੀਟਰ ਪੈਟਰੋਲ ਭੱਤਾ ਫਿਕਸ ਟਰੈਵਲਿੰਗ ਅਲਾਊਸ ਦੇਣ ਦੀ ਮੰਗ ਕੀਤੀ ਗਈ । ਜਥੇਬੰਦੀ ਵੱਲੋਂ ਮਿਤੀ 1.1.2004 ਤੋਂ ਬਾਅਦ ਭਰਤੀ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ, ਰਾਜ ਵਿੱਚ ਠੇਕੇ / ਕੱਚੇ ਮੁਲਾਜ਼ਮਾਂ ਨੂੰ ਤੁਰੰਤ ਪੱਕਾ ਕਰਨ, ਆਊਟ ਸੋਰਸਿੰਗ ਭਰਤੀ ਬੰਦ ਕਰਕੇ ਪੱਕੀ ਭਰਤੀ ਕਰਨ, ਨਵੀਂ ਭਰਤੀ ਹੋਣ ਵਾਲੇ ਮੁਲਾਜ਼ਮਾਂ ਨੂੰ ਕੇਂਦਰ ਸਰਕਾਰ ਦੀ ਥਾਂ ਤੇ ਪੰਜਾਬ ਸਰਕਾਰ ਦੇ ਤਨਖਾਹ ਸਕੇਲਾਂ ਤੇ ਭਰਤੀ ਕਰਨ, ਜੇ.ਈ /ਏ. ਈ ਦੀ ਅਸਾਮੀ ਤੋਂ ਉਪ ਮੰਡਲ ਇੰਜੀਨੀਅਰ ਦੀ ਅਸਾਮੀ ਲਈ ਤਰੱਕੀ ਕੋਟਾ ਚੰਡੀਗੜ੍ਹ ਦੀ ਤਰਜ਼ ਤੇ 50% ਤੋਂ ਵਧਾ ਕੇ 75% ਕਰਨ ਦੀ ਮੰਗ ਕੀਤੀ ਗਈ। ਧਰਨੇ ਵਿੱਚ ਸਰਬਸੰਮਤੀ ਨਾਲ ਫੈਸਲਾ ਕਰਕੇ ਪੰਜਾਬ ਦੀਆਂ ਸਮੂਹ ਮੁਲਾਂਜਮ ਭਰਾਤਰੀ ਜਥੇਬੰਦੀਆਂ ਵੱਲੋਂ ਸਾਂਝੀਆਂ ਜਾਇਜ਼ ਤੇ ਹੱਕੀ ਮੰਗਾਂ ਨੂੰ ਮੰਨਣ ਲਈ ਕੀਤੇ ਜਾ ਰਹੇ ਸੰਘਰਸ਼ ਦੀ ਪੁਰਜ਼ੋਰ ਹਮਾਇਤ ਕੀਤੀ ਗਈ। ਕੌਂਸਲ ਆਫ ਡਿਪਲੋਮਾ ਇੰਜੀਨੀਅਰਜ਼ ਵੱਲੋਂ ਸਾਂਤਮਈ ਰੋਸ ਧਰਨੇ ਉਪਰੰਤ ਡਿਪਟੀ ਕਮਿਸ਼ਨਰ ਬਠਿੰਡਾ ਰਾਹੀਂ ਮੁੱਖ ਮੰਤਰੀ ਪੰਜਾਬ ਦੇ ਨਾਂ ਤੇ ਮੰਗ ਪੱਤਰ ਦਿੱਤਾ ਗਿਆ। ਕੌਂਸਲ ਵੱਲੋਂ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੱਤੀ ਗਈ ਜੇਕਰ ਇਸ ਵਰਗ ਦੀਆਂ ਹੱਕੀ ਤੇ ਜਾਇਜ਼ ਮੰਗਾਂ ਨੂੰ ਨਾ ਮੰਨਿਆ ਗਿਆ ਤਾਂ ਪੰਜਾਬ ਵਿੱਚ ਚਲਦੇ ਸਾਰੇ ਵਿਕਾਸ ਕਾਰਜਾਂ ਦਾ ਬਾਈਕਾਟ ਕਰਕੇ ਵਿਰੋਧ ਕੀਤਾ ਜਾਵੇਗਾ। ਜੂਨੀਅਰ ਇੰਜੀਨੀਅਰ/ ਸਹਾਇਕ ਇੰਜੀਨੀਅਰ/ਉਪ ਮੰਡਲ ਇੰਜੀਨੀਅਰ, ਅਫਸਰ (ਪਦ ਉੱਨਤ) ਵਰਗ ਦੀਆਂ ਹੱਕੀ ਤੇ ਜਾਇਜ ਮੰਗਾਂ ਨੂੰ ਪੰਜਾਬ ਸਰਕਾਰ ਵੱਲੋਂ ਨਾ ਮੰਨਣ ਦੀ ਸੂਰਤ ਵਿੱਚ ਕੌਸਲ ਵੱਲੋਂ ਜਲਦ ਹੀ ਵਿਧਾਨ ਸਭਾ ਤੇ ਮੋਤੀ ਮਹਿਲ ਪਟਿਆਲਾ ਦਾ ਘੇਰਾਓ ਕਰਨ ਦੀ ਚਿਤਾਵਨੀ ਵੀ ਦਿੱਤੀ ਗਈ। ਕੌਸਲ ਆਫ ਡਿਪਲੋਮਾ ਇੰਜੀਨੀਅਰਜ਼ ਵੱਲੋਂ ਇੱਕ ਹੋਰ ਪਾਸ ਮਤੇ ਰਾਹੀਂ ਮੋਹਾਲੀ ਵਿਖੇ ਕੱਚੇ ਅਧਿਆਪਕਾ ਦੇ ਚੱਲ ਰਹੇ ਸੰਘਰਸ਼ ਦੀ ਪੁਰਜ਼ੋਰ ਹਮ-ਾਇਤ ਕਰਦੇ ਹੋਏ ਇਨ੍ਹਾਂ ਸਮੂਹ ਕੱਚੇ ਅਧਿਆਪਕਾ ਨੂੰ ਪੱਕਾ ਕਰਨ ਦੀ ਮੰਗ ਵੀ ਕੀਤੀ ਗਈ । ਕੌਂਸਲ ਲੀਡਰਸ਼ਿਪ ਵੱਲੋਂ ਸਰਬਸੰਮਤੀ ਨਾਲ ਪਾਸ ਕੀਤੇ ਗਏ ਮਤੇ, ਫੈਸਲੇ ਅਨੁਸਾਰ ਮਿਤੀ 09 ਅਗਸਤ ਤੋਂ 13 ਅਗਸਤ ਤੱਕ ਦਫਤਰੀ ਕੰਮ ਕਾਜ ਬੰਦ ਕਰਦੇ ਹੋਏ ਦਫਤਰਾਂ ਵਿੱਚ ਰਹਿ ਕੇ ਕਾਲੇ ਬਿੱਲੇ ਲਾ ਕੇ ਪੂਰਨ ਰੂਪ ਵਿੱਚ ਕਲਮ ਛੋੜ ਦੇ ਸੱਦੇ ਨੂੰ ਇਸ ਜ਼ੋਨ ਵਿੱਚ ਪੂਰੀ ਤਰ੍ਹਾਂ ਕਾਮਯਾਬ ਕੀਤਾ ਜਾਵੇਗਾ।ਕੌਸਲ ਵੱਲੋਂ ਰਾਜ ਦੇ ਸਮੂਹ ਪੈਨਸ਼ਨਰਾਂ ਨੂੰ ਵੀ ਫੈਕਟਰ 3.01 ਦੇ ਗੁਣਾਂਕ ਨਾਲ ਪੈਨਸ਼ਨ ਵਿੱਚ ਵਾਧਾ ਕਰਨ ਦੀ ਮੰਗ ਕੀਤੀ ਗਈ। ਧਰਨੇ ਦੇ ਅਖੀਰ ਵਿੱਚ ਮੁਲਾਜ਼ਮਤ ਮਾਰੂ ਨੀਤੀਆਂ ਤਹਿਤ ਮਨਮਾਨੇ ਢੰਗ ਨਾਲ਼ ਜਾਰੀ ਨੋਟੀਫਿਕੇਸ਼ਨ ਦੀਆਂ ਕਾਪੀਆਂ ਵੀ ਸਾੜੀਆਂ ਗਈਆਂ। ਇਸ ਸਾਂਤਮਈ ਰੋਸ ਧਰਨੇ ਵਿੱਚ ਵੱਖ-2 ਇੰਜੀਨੀਅਰਿੰਗ ਵਿਭਾਗਾਂ ਦੀਆਂ ਇੰਜੀਨੀਅਰਜ਼ ਐਸ਼ੋਸੀਏਸ਼ਨਾਂ ਦੇ ਪ੍ਰਮੁੱਖ ਆਹੁਦੇਦਾਰਾਂ ਵੱਲੋਂ ਧਰਨੇ ਨੂੰ ਸੰਬੋਧਨ ਕੀਤਾ ਗਿਆ ਜਿਨ੍ਹਾ ਵਿੱਚ ਇੰਜ: ਚਮਕੌਰ ਸਿੰਘ ਚਹਿਲ ਸਲਾਹਕਾਰ ਕੌਂਸਲ (ਪੁੱਡਾ) ਇੰਜ: ਕੁਲਬੀਰ ਸਿੰਘ ਬੈਨੀਪਾਲ ਸੂਬਾ ਪ੍ਰੈਸ ਸਕੱਤਰ ਕੌਂਸਲ ਪੰਜ ਰਾਜ, ਇੰਜ: ਪਲਵਿੰਦਰ ਸਿੰਘ ਪੰਧੇਰ ਸੂਬਾ ਜਨਰਲ ਸਕੱਤਰ ਜੇ ਈ/ਏ ਈ/ਪਦ ਉੱਨਤ ਐਸ ਡੀ ਈ ਐਸ਼ੋਸੀਏਸ਼ਨ ਪੰਚਾਇਤੀ ਰਾਜ ਪੰਜਾਬ, ਇੰਜ: ਥਰੂ ਰਾਮ ਸੂਬਾ ਸਲਾਹਕਾਰ ਕੌਂਸਲ (ਬਿਜਲੀ ਵਿੰਗ) ਇੰਜ: ਕੁਲਵਿੰਦਰ ਸਿੰਘ ਕਨਵੀਨਰ ਅੰਮ੍ਰਿਤਸਰ ਤੇ ਤਰਨਤਾਰਨ ਜ਼ੋਨ ਸਲਾਹਕਾਰ,ਇੰਜ:ਹਰਪ੍ਰੀਤ ਸਿੰਘ ਮੋਹਾਲੀ ਵਧੀਕ ਜਨਰਲ ਸਕੱਤਰ ਡੀ ਈ ਏ ਪੰਜਾਬ, ਇੰਜ:ਹਰਜੀਤ ਸਿੰਘ ਬੈਨੀਪਾਲ ਸੂਬਾ ਸੀਨੀਅਰ ਮੀਤ ਪ੍ਰਧਾਨ ਡੀ ਈ ਏ ਪੰਜਾਬ,ਇੰਜ: ਜਸਵਿੰਦਰ ਸਿੰਘ ਏ ਈ ਪਟਿਆਲਾ, ਇੰਜ: ਗੁਰਤੇਜ ਸਿੰਘ ਕੋ ਕਨਵੀਨਰ ਅਤੇ ਸੂਬਾ ਪ੍ਰਧਾਨ, ਇੰਜ: ਗੁਰਵਿੰਦਰ ਸਿੰਘ ਸੂਬਾ ਜਨਰਲ ਸਕੱਤਰ ਇੰਜੀਨੀਅਰਜ਼ ਐਸ਼ੋਸੀਏਸ਼ਨ ਜਲ ਸਪਲਾਈ ਤੇ ਸੀਵਰੇਜ ਬੋਰਡ ਪੰਜਾਬ, ਇੰਜ:ਜਸਵੀਰ ਸਿੰਘ,ਇੰਜ: ਨੀਰਜ਼ ਕੁਮਾਰ,ਇੰਜ: ਹਰਮਨਦੀਪ ਸਿੰਘ,ਇੰਜ: ਮਨਪ੍ਰੀਤ ਸਿੰਘ, ਇੰਜ: ਕਿਰਨਦੀਪ ਸਿੰਘ, ਇੰਜ: ਦਵਿੰਦਰ ਸਿੰਘ,ਇੰਜ: ਸਤਿੰਦਰ ਸਿੰਘ, ਇੰਜ: ਗੁਰਲਾਲ ਸਿੰਘ, ਇੰਜ: ਕਰਨ ਕੁਮਾਰ,ਇੰਜ:ਰਾਜਵਿੰਦਰ ਸਿੰਘ,ਇੰਜ: ਸਤਵਿੰਦਰ ਸਿੰਘ (ਪੰਚਾਇਤੀ ਰਾਜ) ਇੰਜ: ਦਰਸ਼ਨ ਸਿੰਘ ਐਸ ਡੀ ਈ, ਇੰਜ:ਜਲੌਰ ਸਿੰਘ ਐਸ ਡੀ ਈ, ਇੰਜ: ਸ਼ਾਦੀ ਰਾਮ ਸਿੰਗਲਾ ਜੇ ਈ, ਇੰਜ:ਸੁਸੀਲ ਜਿੰਦਲ,ਇੰਜ: ਕਰਮਜੀਤ ਭਲਰੀਆਂ, ਇੰਜ: ਪ੍ਰੇਮ ਸਿੰਘ, ਇੰਜ: ਜਗਮਿੰਦਰ ਸਿੰਘ, ਇੰਜ: ਨਿਸੂ ਬਾਂਸਲ ਸਵਤੰਤਰ ਨਰੂਲਾ, ਇੰਜ: ਹਰਚਰਨ ਸਿੰਘ ਸੰਗਰੂਰ ਸੂਬਾ ਵਧੀਕ ਸਕੱਤਰ,ਇੰਜ:ਹਰਿੰਦਰ ਸਿੰਘ (ਸਾਰੇ ਜੇ ਈ/ਏ ਈ/ਪਦ ਉਨਤ ਐਸ ਡੀ ਈ ਲੋਕ ਨਿਰਮਾਣ ਵਿਭਾਗ) ਇੰਜ: ਦਵਿੰਦਰ ਸਿੰਗਲਾ ਕਨਵੀਨਰ ਮਾਨਸਾ ਜ਼ੋਨ ,ਇੰਜ: ਜਗਮੀਤ ਸਿੰਘ,ਇੰਜ: ਰਮਨਦੀਪ ਸਿੰਘ,ਇੰਜ: ਮਨੀਸ਼ ਸਿੰਗਲਾ,ਇੰਜ: ਰਮਣੀਕ ਗਰਗ, ਇੰਜ: ਬਿਕਰਮਜੀਤ ਸਿੰਘ,ਇੰਜ: ਮਨਿੰਦਰ ਸਿੰਘ (ਸਾਰੇ ਜੇ ਈ/ਏ ਈ/ ਪਦ ਉੱਨਤ- ਐਸ ਡੀ ਈ) ਇੰਜ: ਸਤਨਾਮ ਸਿੰਘ ਮੱਟੂ ਕੋ ਚੈਅਰਮੈਨ ਜਲ ਸਪਲਾਈ ਤੇ ਸੈਨੀ-ਟੇਸ਼ਨ ਵਿਭਾਗ ਪੰਜਾਬ, ਇੰਜ: ਬਿਕਰਮਜੀਤ ਸਿੰਘ ਕੋ ਚੈਅਰਮੇਨ ਆਈ ਟੀ ਸੈੱਲ ਆਈ ਟੀ ਸੈੱਲ ਲੋਕ ਨਿਰਮਾਣ ਵਿਭਾਗ ਪੰਜਾਬ, ਇੰਜ: ਅਮਨਦੀਪ ਸਿੰਘ,ਇੰਜ: ਹਰਪ੍ਰੀਤ ਸਿੰਘ (ਜੇ ਈ ਲੋਕ ਨਿਰਮਾਣ) ਇੰਜ: ਰਾਜਿੰਦਰ ਬਾਵਾ (ਸੀਨੀਅਰ ਆਗੂ ਜਲ ਸਰੋਤ ਵਿਭਾਗ ਪੰਜਾਬ) ਸਮੇਤ ਹੋਰ ਬਹੁਤ ਸਾਰੇ ਇੰਜੀਨੀਅਰਿੰਗ ਵਿਭਾਗਾਂ ਵਿੱਚ ਕੰਮ ਕਰ ਰਹੇ ਜੂਨੀਅਰ ਇੰਜੀਨੀਅਰ,ਸਹਾਇਕ ਇੰਜੀਨੀਅਰ ਅਤੇ ਉਪ ਮੰਡਲ ਇੰਜੀਨੀਅਰ,ਅਫਸਰਜ਼- ਪਦ ਉੱਨਤ ਆਦਿ ਅਤੇ ਜਿਲੇ ਦੇ ਵੱਖ - ਵੱਖ ਪੈਨਸ਼ਨਰ ਵੀ ਸ਼ਾਮਲ ਹੋਏ। ਇਹ ਜਾਣਕਾਰੀ ਇੰਜੀਨੀਅਰ ਸਤਨਾਮ ਸਿੰਘ ਮੱਟੂ ਕੋ ਚੇਅਰਮੈਨ ਨੇ ਸਾਂਝੀ













ਡੇਰਾ ਸੱਚਖੰਡ ਸੰਤ ਸਰਵਣ ਦਾਸ ਬੱਲਾਂ ਵਿਖੇ ਨਵੇਂ ਬਣੇ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਤੇ ਉਹਨਾਂ ਨਾਲ ਕਾਂਗਰਸ ਵਿਧਾਇਕ ਡੇਰੇ ਵਿਖੇ ਹੋਏ ਨਤਮਸਤਕ। ਡੇਰੇ ਦੇ ਮੌਜੂਦਾ ਗੱਦੀ ਨਸ਼ੀਨ ਸ੍ਰੀ 108 ਸੰਤ ਨਿਰੰਜਣ ਦਾਸ ਮਹਾਰਾਜ ਜੀ ਪਾਸੋਂ ਅਸ਼ੀਰਵਾਦ ਪ੍ਰਾਪਤ ਕਰਦੇ ਹੋਏ।

# ਬਸਪਾ ਕਰੇਗੀ 29 ਅਗਸਤ ਨੂੰ ਸੂਬਾ ਪੱਧਰੀ ਰੈਲੀ ਫਗਵਾੜਾ ਵਿਖੇ ਕਰੇਗੀ

**ਜਲੰਧਰ** – ਬਹੁਜਨ ਸਮਾਜ ਪਾਰਟੀ ਦੀ ਸੂਬਾ ਪੱਧਰੀ ਮੰਥਨ ਮੀਟਿੰਗ ਅੱਜ ਬਸਪਾ ਦੇ ਮੁੱਖ ਦਫਤਰ ਸਾਹਿਬ ਕਾਂਸ਼ੀ ਰਾਮ ਭਵਨ ਵਿਖੇ ਹੋਏ ਜਿਸ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਰਾਜਸਭਾ ਮੈਂਬਰ, ਰਾਸ਼ਟਰੀ ਕੋਆਡੀਨੇਟਰ ਸ਼੍ਰੀ ਰਾਮਜੀ ਗੌਤਮ ਸ਼ਾਮਿਲ ਹੋਏ। ਮੀਟਿੰਗ ਵਿੱਚ ਪੰਜਾਬ ਦੇ ਹਾਲਤਾਂ ਤੇ ਚਾਨਣਾ ਪਾਉਂਦਿਆਂ ਪੰਜਾਬ ਇੰਚਾਰਜ ਸ਼੍ਰੀ ਰਣਧੀਰ ਸਿੰਘ ਬੈਨੀਵਾਲ ਨੇ ਕਿਹਾ ਕਿ ਪੰਜਾਬ ਵਿੱਚ ਜਿੱਥੇ ਸਭ ਤੋਂ ਵੱਧ ਆਬਾਦੀ ਅਨੁਸਚਿਤ ਜਾਤੀਆਂ ਦੀ ਹੈ ਉਥੇ ਕਾਂਗਰਸ ਭਾਜਪਾ ਵੱਲੋਂ ਦਲਿਤ ਪਛੜੇ ਬਹੁਜਨ ਸਮਾਜ ਨੂੰ ਅੱਪਵਿੱਤਰ, ਗੈਰਪ-ਥਕ ਤੇ ਜਾਤੀਸੂਚਕ ਸ਼ਬਦਾ ਨਾਲ ਅਪਮਾਨ ਕੀਤਾ ਗਿਆ ਅਤੇ ਆਪ ਪਾਰਟੀ ਵਲੋਂ ਬਾਬਾ ਸਾਹਿਬ ਅੰਬੇਡਕਰ ਦੀ ਕਲਮ ਲਿਖਿਤ ਭਾਰਤ ਦੇ ਸੰਵਿਧਾਨ ਨੂੰ ਘਟੀਆ ਤੇ ਗਲਤ ਦੱਸਿਆ ਗਿਆ ਹੈ। ਜਿਸ ਨੂੰ ਲੈਕੇ ਬਹੁਜਨ ਸਮਾਜ 'ਚ ਰੋਸ ਹੈ। ਜਿਸਦੀ ਸੂਚਨਾ ਰਾਸ਼ਟਰੀ ਪੈਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਨੂੰ ਵਿਸਥਾਰ ਸਾਹਿਤ ਦਿੱਤੀ ਗਈ ਹੈ। ਇਸ ਮੌਕੇ ਰਾਸ਼ਟਰੀ ਕੋਆਰਡੀਨੇਟਰ ਸ਼੍ਰੀ ਰਾਮਜੀ ਗੌਤਮ ਰਾਜਸਭਾ ਮੈਂਬਰ ਨੇ ਕਿਹਾ ਬਸਪਾ ਦੇ ਰਾਸ਼ਟਰੀ ਪੈਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਨੇ ਪੰਜਾਬ ਦੇ ਦਲਿਤ ਪੱਛੜੇ ਵਰਗਾਂ ਨੂੰ ਕਾਂਗਰਸ ਭਾਜਪਾ ਤੇ ਆਪ ਪਾਰਟੀ ਦਾ ਮੁਕਾਬਲਾ ਕਰਨ ਹਿੱਤ ਲਾਮਬੰਦ ਹੋਣ ਦਾ ਸੱਦਾ ਦਿੱਤਾ ਹੈ। ਸ੍ਰੀ ਰਾਮਜੀ ਨੇ ਕਿਹਾ ਹੈ ਕਿ 29 ਅਗਸਤ ਨੂੰ ਦਲਿਤ ਪਛੜੇ ਦੇ ਸਨਮਾਨ ਹਿਤ ਅਲਖ਼ ਜਗਾਓ ਰੈਲੀ ਫਗਵਾੜਾ ਵਿਖੇ ਹੋਵੇਗੀ ਜਿਸ ਵਿੱਚ ਰਾਸ਼ਟਰੀ ਕੋਆਡੀਨੇਟਰ ਸ਼ੈਰੀ ਆਕਾਸ਼ ਆਨੰਦ ਜੀ ਮੁੱਖ ਮਹਿਮਾਨ ਦੇ ਤੌਰ ਤੇ ਸ਼ਾਮਿਲ ਹੋਣਗੇ।






ਸੂਬਾ ਪੈਰਧਾਨ ਸ. ਜਸਵੀਰ ਸਿੰਘ ਗੜੈਹੀ ਨੇ ਕਿਹਾ ਕਿ ਕਾਂਗਰਸ ਸਰਕਾਰ ਦਲਿਤਾਂ ਪੱਛੜੇ ਵਰਗਾਂ ਨੂੰ ਪ੍ਰਸ਼ਾਸ਼ਨ ਦੀ ਪੁਲਸੀਆਂ ਗੁੰਡਾਗਰਦੀ ਨਾਲ ਚੋਰੀ ਤੇ ਸੀਨਾਜ਼ੋਰੀ ਕਰ ਰਹੀ ਹੈ, ਇਸ ਲਈ ਬਸਪਾ ਵਲੋਂ ਸਮਾਜ ਦੀ ਮਾਣ ਸਨਮਾਨ ਲਈ ਅਲਖ ਜਗਾਓ ਰੈਲੀ ਫਗਵਾੜਾ ਵਿਖੇ ਹੋਵੇਗੀ। ਜਿਸ ਤਹਿਤ ਹਰ ਪਿੰਡ ਵਿੱਚ ਬੂਥ ਕਮੇਟੀ ਬਣਾਕੇ ਪਿੰਡ ਪਿੰਡ ਅਲਖ ਜਗਾਈ ਜਾਵੇਗੀ।

ਇਸ ਮੌਕੇ ਸੂਬਾ ਇੰਚਾਰਜ ਸ੍ਰੀ ਵਿਪਲ ਕੁਮਾਰ , ਸੂਬਾ ਉਪ ਪਰਧਾਨ ਹਰਜੀਤ ਸਿੰਘ ਲੌਂਗੀਆ, ਸੂਬਾ ਜਨਰਲ ਸਕੱਤਰ ਡਾ ਨਛੱਤਰ ਪਾਲ, ਗੁਰਲਾਲ ਸੈਲਾ, ਬਲਦੇਵ ਮਹਿਰਾ, ਮਨਜੀਤ ਸਿੰਘ ਅਟਵਾਲ, ਭਗਵਾਨ ਸਿੰਘ ਚੌਹਾਨ, ਰਣਜੀਤ ਕੁਮਾਰ, ਚਮਕੌਰ ਸਿੰਘ ਵੀਰ, ਕੁਲਦੀਪ ਸਿੰਘ ਸਰਦੂਲਗੜ, ਲਾਲ ਸਿੰਘ ਸੁਲਹਾਨੀ, ਰਮੇਸ਼ ਕੌਲ, ਰਾਜਾ ਰਾਜਿੰਦਰ ਨਨਹੇੜੀਆ, ਬਲਵਿੰਦਰ ਕੁਮਾਰ, ਅਜੀਤ ਭੈਣੀ, ਜੋਗਾ ਸਿੰਘ , ਰਜਿੰਦਰ ਰੀਹਲ, ਡਾ ਜਸਪ੍ਰੀਤ ਸਿੰਘ, ਰਾਮ ਸਿੰਘ ਗੋਗੀ, ਲਖਵਿੰਦਰ ਸਿੰਘ ਗਿਲਜੀਆਂ , ਗੁਰਮੇਲ ਸਿੰਘ ਜੀ ਕੇ, ਵਿਜੇ ਬੱਧਣ, ਦਲਜੀਤ ਰਾਏ, ਬਲਜੀਤ ਸਿੰਘ ਭਾਰਾਪੁਰੀ, ਦਰਸ਼ਨ ਝਲੂਰ, ਸੰਤ ਰਾਮ ਮਲੈਹਿਆ, ਸੁਖਦੇਵ ਸ਼ੀਰਾ, ਜਗਜੀਤ ਛੜਬੜ, ਪੀ ਡੀ ਸ਼ਾਂਤ ਅਤੇ ਪਰਮਜੀਤ ਮੱਲ ਸ਼ਾਮਿਲ ਸਨ।

# ਜੱਜਾਂ ਨੂੰ ਮਿਲ ਰਹੀਆਂ ਧਮਕੀਆਂ, ਆਈ.ਬੀ. ਤੇ ਸੀ.ਬੀ.ਆਈ. ਵੀ ਬਿਲਕੁਲ ਨਹੀਂ ਕਰ ਰਹੇ ਮਦਦ

**ਨਵੀਂ ਦਿੱਲੀ**– ਮਾਣਯੋਗ ਜੱਜਾਂ ਨੂੰ ਅਦਾਲਤਾਂ ਦੇ ਨਾਲ ਨਾਲ ਹਾਈ ਕੋਰਟਾਂ ਦੇ ਜੱਜਾਂ ਨੂੰ ਵੀ ਨਾਂ ਸਿਰਫ ਧਮਕੀਆਂ ਦੇਣ ਅਤੇ ਅਪਸ਼ਬਦਾਂ ਵਾਲੇ ਸੰਦੇਸ਼ ਭੇਜਣਦੇ ਦੋਸ਼ ਵਿਚ ਸਰੀਰਕ ਪੱਖੋਂ ਸਗੋਂ ਮਾਨਸਿਕ ਪੱਖੋਂ ਵੀ ਵਟਸਐਪ ਜਾਂ ਫੇਸਬੁੱਕ ’ਤੇ ਵੱਧ ਰਹੇ ਪ੍ਰਚਲਨ ’ਤੇ ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ ਗੰਪੀਰ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਇੰਟੈਲੀਜੈਂਸ ਬਿਊਰੀ ਅਤੇ ਸੈਂ-ਟਰਲ ਬਿਊਰੋ ਆਫ ਇਨਵੈਸਟੀਗੇਸ਼ਨ ਵੱਲੋਂ ਨਿਆਂਪਾਲਿਕਾ ਦੀ ਬਿਲਕੁਲ ਮਦਦ ਨਹੀਂ ਕੀਤੀ ਜਾ ਰਹੀ।



ਚੀਫ ਜਸਟਿਸ ਐਨ. ਵੀ. ਰਮੰਨਾ ਅਤੇ ਜਸਟਿਸ ਸੂਰਿਆਕਾਂਤ ’ਤੇ ਆਧਾਰਿਤ ਬੈਂਚ ਨੇ ਆਪਣਾ ਦੁਖੜਾ ਸੁਣਾਉਂਦਿਆਂ ਕਿਹਾ ਕਿ ਅਜਿਹੇ ਕਈ ਮਾਮਲੇ ਹਨ, ਜਿਹਨਾਂ ਵਿਚ ਗੈਂਗਸਟਰ ਅਤੇ ਹਾਈ ਪ੍ਰੋਫਾਈਲ ਵਿਅਕਤੀਆਂ ਨੂੰ ਜੇ ਅਦਾਲਤ ਤੋਂ ਉਮੀਦ ਮੁਤਾਬਕ ਫੈਸਲਾ ਨਹੀਂ ਮਿਲਦਾ ਤਾਂ ਉਹ ਨਿਆਂਪਾਲਿਕਾ ਦਾ ਅਕਸਰ ਧੁੰਦਲਾ ਕਰ ਦਿੰਦੇ ਹਨ।

ਕੁਝ ਥਾਵਾਂ ਤੇ ਹੇਠਲੀਆਂ ਅਦਾਲਤਾਂ ਦੇ ਨਾਲ ਹਾਈ ਕੋਰਟਾਂ ਦੇ ਜੱਜਾਂ ਨੂੰ ਵੀ ਨਾ ਸਿਰਫ ਸਰੀਰਕ ਪੱਖੋਂ ਸਗੋਂ ਮਾਨਸਿਕ ਤੌਰ ਤੇ ਵੀ ਅਪਸ਼ਬਦਾਂ ਵਾਲੇ ਸੰਦੇਸ਼ ਭੇਜੇ ਜਾਂਦੇ ਹਨ।

# ਪੱਛੜੀਆਂ ਸ਼੍ਰੇਣੀਆਂ ਨੇ ਕਾਂਗਰਸ ਪਾਰਟੀ ਤੋਂ ਆਬਾਦੀ ਦੇ ਲਿਹਾਜ਼ ਨਾਲ ਟਿਕਟਾਂ ਮੰਗੀਆਂ

**ਚੰਡੀਗੜ੍ਹ**– ਪੱਛੜੀਆਂ ਸ੍ਰੇਣੀਆਂ ਭਾਈਚਾਰੇ ਦੇ ਵਿਧਾਇਕਾਂ ਅਤੇ ਆਗੂਆਂ ਨੇ ਅੱਜ ਆਪਣੇ ਨਾਲ ਹੁੰਦੇ ਵਿਤਕਰੇ ਸਬੰਧੀ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਨੂੰ ਜਾਣੂ ਕਰਵ-ਾਇਆ। ਉਨ੍ਹਾਂ ਪਾਰਟੀ ਪ੍ਰਧਾਨ ਤੋਂ ਆਬਾਦੀ ਦੇ ਹਿਸਾਬ ਨਾਲ ਪੱਛੜੀਆਂ ਸ੍ਰੇਣੀਆਂ ਨੂੰ ਟਿਕਟਾਂ ਦੇਣ ਅਤੇ ਮੰਤਰੀ ਮੰਡਲ ਵਿੱਚ ਬਣਦੀ ਨੁਮਾਇੰਦਗੀ ਦੇਣ ਦੀ ਮੰਗ ਕਰਦਿਆਂ ਜਥੇਬੰਦਕ ਢਾਂਚੇ ਵਿੱਚ ਵੀ ਥਾਂ ਮੰਗੀ। ਪੰਜਾਬ ਕਾਂਗਰਸ ਵੱਲੋਂ ਇੱਥੇ ਕਾਂਗਰਸ ਭਵਨ ਵਿੱਚ ਪਾਰਟੀ ਦੇ ਪੱਛੜੀਆਂ ਸ਼੍ਰੇਣੀਆਂ ਭਲਾਈ ਸੈੱਲ ਦੀ ਸੱਦੀ ਗਈ ਮੀਟਿੰਗ ਦੌਰਾਨ ਨੌਂ ਵਿਧਾਇਕਾਂ ਤੋਂ ਇਲਾਵਾ ਸੈੱਲ ਦੇ ਚੇਅਰਮੈਨ ਗੁਰਿੰਦਰ ਸਿੰਘ ਬਿੱਲਾ ਨੇ ਸ਼ਮੂਲੀਅਤ ਕੀਤੀ। ਸ੍ਰੀ ਬਿੱਲਾ ਨੇ ਦੱਸਿਆ ਕਿ ਪੰਜਾਬ ਵਿੱਚ ਪੱਛੜੀਆਂ ਸ੍ਰੇਣੀਆਂ ਦੀ ਆਬਾਦੀ ਕਰੀਬ 27 ਫ਼ੀਸਦੀ ਹੈ, ਪਰ ਇਸ ਲਿਹਾਜ਼ ਨਾਲ ਕਿਧਰੇ ਵੀ ਸਿਆਸੀ ਪ੍ਰਤੀਨਿਧਤਾ ਨਹੀਂ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਪੱਛੜੀਆਂ ਸ਼੍ਰੇਣੀਆਂ ਵਿੱਚ ਕਰੀਬ 71 ਜਾਤੀਆਂ ਸ਼ਾਮਲ ਹਨ।

ਹਲਕਾ ਰਾਜਪੁਰਾ ਤੋਂ ਕਾਂਗਰਸੀ ਵਿਧਾਇਕ ਹਰਦਿਆਲ ਸਿੰਘ ਕੰਬੋਜ ਨੇ ਪਾਰਟੀ ਨੂੰ ਪੱਛੜੇ ਸਮਾਜ ਨਾਲ ਜੁੜੇ ਲੋਕਾਂ ਦੇ ਮਸਲਿਆਂ ਤੋਂ ਜਾਣੂ ਕਰਵਾਇਆ ਅਤੇ ਮੰਗ ਕੀਤੀ ਕਿ ਪੱਛੜੇ ਭਾਈਚਾਰੇ ਦੀ ਆਬਾਦੀ ਦੇ ਲਿਹਾਜ਼ ਨਾਲ ਉਨ੍ਹਾਂ ਨੂੰ ਨੁਮਾਇੰਦਗੀ ਮਿਲਣੀ ਚਾਹੀਦੀ ਹੈ। ਵਿਧਾਇਕ ਸੁਰਜੀਤ ਸਿੰਘ ਧੀਮਾਨ ਨੇ ਕਿਹਾ ਕਿ ਮੰਡਲ ਕਮਿਸ਼ਨ ਦੀ ਰਿਪੋਰਟ ਨੂੰ ਹਾਲੇ ਤੱਕ ਲਾਗੂ ਨਹੀਂ ਕੀਤਾ ਗਿਆ। ਉਨ੍ਹਾਂ ਪੱਛੜੇ ਸਮਾਜ ਦੇ ਰਾਖਵੇਂਕਰਨ ਦਾ ਮੁੱਦਾ ਵੀ ਚੁੱਕਿਆ।

ਆਗੂਆਂ ਨੇ ਭਰੋਸਾ ਦਿਵਾਇਆ ਕਿ ਉਹ ਆਗਾਮੀ ਵਿਧਾਨ ਸਭਾ ਚੋਣਾਂ ਸਬੰਧੀ ਹੁਣ ਤੋਂ ਹੀ ਜੁਟ ਜਾਣਗੇ। ਮੀਟਿੰਗ ਵਿਚ ਪੱਛੜੀਆਂ ਸ਼੍ਰੇਣੀਆਂ ਸੈੱਲ ਦੇ ਜ਼ਿਲ੍ਹਾ ਪੱਧਰੀ ਆਗੂ ਵੀ ਸ਼ਾਮਲ ਸਨ, ਜਿਨ੍ਹਾਂ ਤੋਂ ਪਾਰਟੀ ਪ੍ਰਧਾਨ ਨੇ ਸਲਾਹ ਵੀ ਲਈ। ਪ੍ਰਧਾਨ ਨਵਜੋਤ ਸਿੱਧੂ ਨੇ ਪੱਛੜੇ ਸਮਾਜ ਨੂੰ ਪਾਰਟੀ ਵਿਚ ਬਣਦਾ ਮਾਣ-ਸਨਮਾਨ ਦੇਣ ਦਾ ਭਰੋਸਾ ਦਿੱਤਾ। ਕਰੀਬ ਤਿੰਨ ਘੰਟੇ ਚੱਲੀ ਮੀਟਿੰਗ ਵਿੱਚ ਕਾਰਜਕਾਰੀ ਪ੍ਰਧਾਨ ਸੰਗਤ ਸਿੰਘ ਗਿਲਜੀਆਂ, ਪਵਨ ਗੋਇਲ ਜੈਤੋ, ਵਿਧਾਇਕ ਕੁਲਜੀਤ ਸਿੰਘ ਨਾਗਰਾ ਤੋਂ ਇਲਾਵਾ ਵਿਧਾਇਕ ਹਰਜੋਤ ਕਮਲ, ਦਰਸ਼ਨ ਲਾਲ, ਇੰਦੂ ਬਾਲਾ, ਮਦਨ ਲਾਲ ਜਲਾਲਪੁਰ ਤੇ ਰਾਜਿੰਦਰ ਸਿੰਘ ਵੀ ਸ਼ਾਮਲ ਸਨ।

### ਆਗੂਆਂ ਨੇ ਪਾਰਟੀ ਵਿੱਚ ਅਣਦੇਖੀ ਦੀ ਗੱਲ ਉਭਾਰੀ

ਪੱਛੜੇ ਸਮਾਜ ਦੇ ਆਗੂਆਂ ਨੇ ਸਿਆਸੀ ਪੱਖਪਾਤ ਅਤੇ ਪਾਰਟੀ ਵਿੱਚ ਅਣਦੇਖੀ ਦੀ ਗੱਲ ਮੁੱਖ ਤੌਰ ’ਤੇ ਉਭਾਰੀ। ਕਈ ਆਗੂਆਂ ਨੇ ਰੋਹ ’ਚ ਕਿਹਾ ਕਿ ਪੱਛੜੇ ਸਮਾਜ ਵੱਲੋਂ ਸਿਆਸੀ ਰੈਲੀਆਂ ਵਿੱਚ ਵਧ-ਚੜ੍ਹ ਕੇ ਯੋਗਦਾਨ ਪਾਇਆ ਜਾਂਦਾ ਹੈ ਪਰ ਮਗਰੋਂ ਉਨ੍ਹਾਂ ਦੀ ਪੁੱਛਗਿੱਛ ਵੀ ਨਹੀਂ ਹੁੰਦੀ। ਇਸ ’ਤੇ ਸ੍ਰੀ ਸਿੱਧੂ ਨੇ ਭਰੋਸਾ ਦਿਵਾਇਆ ਕਿ ਪੱਛੜੇ ਸਮਾਜ ਨੂੰ ਪਾਰਟੀ ਵਿੱਚ ਢੁਕਵੀਂ ਨੁਮਾਇੰਦਗੀ ਮਿਲੇਗੀ। ਇਸ ਸਬੰਧੀ ਉਨ੍ਹਾਂ ਮੁੱਖ ਮੰਤਰੀ ਨਾਲ ਵਿਚਾਰ-ਚਰਚਾ ਕਰਨ ਦੀ ਵੀ ਗੱਲ ਆਖੀ।

# ਭਾਰਤ ਨੂੰ ਜਿੱਤ ਦਿਵਾਉਣ ਵਾਲੇ ਪੰਜ ਪੰਜਾਬੀ ਹਾਕੀ ਖਿਡਾਰੀ

**ਪਹਿਲਾ ਗੋਲ: ਸਿਮਰਨਜੀਤ ਸਿੰਘ**



ਪਹਿਲੇ ਕੁਆਰਟਰ 'ਚ ਭਾਰਤ 1-0 ਨਾਲ ਪਿੱਛੇ ਚੱਲ ਰਿਹਾ ਸੀ। ਜਰਮਨੀ ਵੀ ਹਾਵੀ ਹੋਣ ਲੱਗਾ ਸੀ। ਤਦ ਫਾਰਵਰਡ ਸਿਮਰਨਜੀਤ ਸਿੰਘ ਨੇ ਭਾਰਤ ਲਈ ਪਹਿਲਾ ਗੋਲ ਕਰਕੇ ਟੀਮ ਨੂੰ ਬਰਾਬਰੀ ਦਿਵਾਈ। ਮੂਲ ਤੌਰ 'ਤੇ ਬਟਾਲੇ ਦੇ ਸਿਮਰਨਜੀਤ ਦਾ ਪਰਿਵਾਰ ਹੁਣ ਉਤਰ ਪ੍ਰਦੇਸ਼ ਵਿਚ ਰਹਿੰਦਾ ਹੈ।

**ਦੂਜਾ ਗੋਲ: ਹਾਰਦਿਕ ਸਿੰਘ**



ਭਾਰਤ ਨੇ 1-1 ਦੀ ਬਰਾਬਰੀ ਕਰ ਲਈ ਸੀ ਪਰ ਦੂਜੇ ਕੁਆਰਟਰ 'ਚ ਜਰਮਨੀ ਨੇ ਚੰਗਾ ਖੇਡ ਦਿਖਾਉਣਾ ਜਾਰੀ ਰੱਖਿਆ। ਵਿਰੋਧੀ ਟੀਮ ਨੇ ਇਕ ਤੋਂ ਬਾਦ ਇਕ ਗੋਲ ਕਰਕੇ 3-1 ਦੀ ਬੜਤ ਬਣਾ ਲਈ। ਤਦ ਭਾਰਤ ਨੂੰ ਪੈਨਲਟੀ ਕਾਰਨਰ ਮਿਲਿਆ। ਹਰਮਨਪ੍ਰੀਤ ਨੇ ਡ੍ਰੈਗ ਫਲਿਕ ਕੀਤਾ ਪਰ ਉਹ ਖੁੰਝ ਗਏ। ਤਦ ਗੇਂਦ ਡਿਫਲੈਕਟ ਹੋ ਕੇ ਹਾਰਦਿਕ ਕੋਲ ਪਹੁੰਚੀ ਤੇ ਉਹਨਾਂ ਨੇ ਉਸ ਨੂੰ ਗੋਲ 'ਚ ਬਦਲ ਦਿੱਤਾ। ਹਾਰਦਿਕ ਜਲੰਧਰ ਦੇ ਰਹਿਣ ਵਾਲੇ ਹਨ।

**ਤੀਜਾ ਗੋਲ: ਹਰਮਨਪ੍ਰੀਤ ਸਿੰਘ**

ਦੋ ਮਿੰਟ ਬਾਅਦ ਹੀ ਹਰਮਨਪ੍ਰੀਤ ਸਿੰਘ ਨੇ ਪੈਨਲਟੀ ਕਾਰਨਰ ਨੂੰ ਗੋਲ 'ਚ ਬਦਲ ਕੇ ਭਾਰਤ ਨੂੰ 3-3 ਦੀ ਬਰਾਬਰੀ 'ਤੇ ਲਿਆ ਦਿੱਤਾ। ਹਰਮਨਪ੍ਰੀਤ ਸਿੰਘ ਅੰਮ੍ਰਿਤਸਰ ਦੇ ਜੰਡਿਆਲਾ ਗੁਰੂ ਦੇ ਛੋਟੇ ਜਿਹੇ ਪਿੰਡ ਤੀਮੋਵਾਲ ਦੇ ਰਹਿਣ ਵਾਲੇ ਹਨ।



**ਚੌਥਾ ਗੋਲ: ਰੁਪਿੰਦਰ ਪਾਲ ਸਿੰਘ**

ਤੀਜੇ ਕੁਆਰਟਰ 'ਚ ਭਾਰਤ ਨੇ ਸ਼ੁਰੂਆਤ ਤੋਂ ਸ਼ਾਨਦਾਰ ਖੇਡ ਦਿਖਾਈ ਤੇ ਇਸੇ ਦੀ ਬਦੌਲਤ ਟੀਮ ਨੂੰ ਪੈਨਲਟੀ ਸਟ੍ਰੋਕ ਮਿ-ਲਿਆ। ਫਰੀਦਕੋਟ ਦੇ ਰਹਿਣ ਵਾਲੇ ਰੁਪਿੰਦਰਪਾਲ ਸਿੰਘ ਇਸ ਨੂੰ ਗੋਲ 'ਚ ਬਦਲਣ ਤੋਂ ਨਹੀਂ ਖੁੰਝੇ। ਹੁਣ ਭਾਰਤ ਨੇ ਪਹਿਲੀ ਵਾਰੀ ਬੜਤ ਬਣਾ ਲਈ ਸੀ।



**ਪੰਜਵਾਂ ਗੋਲ: ਗੁਰਜੰਟ ਸਿੰਘ**

ਤੀਜੇ ਕੁਆਰਟਰ 'ਚ ਹੀ ਰੁਪਿੰਦਰ ਪਾਲ ਸਿੰਘ ਦੇ ਗੋਲ ਦੇ ਕੁਝ ਦੇਰ ਬਾਅਦ ਹੀ ਭਾਰਤ ਨੇ ਮੁੜ ਜਰਮਨੀ 'ਤੇ ਹਮਲਾ ਕੀਤਾ। ਅੰਮ੍ਰਿਤਸਰ ਦੇ ਗੁਰਜੰਟ ਡ੍ਰਿਬਲ ਕਰਦੇ ਹੋਏ ਵਿਰੋਧੀ ਖੇਮੇ 'ਚ ਦਾਖਲ ਹੋ ਗਏ। ਉਹਨਾਂ ਦੇ ਨਾਲ ਗੋਲ ਦੇ ਅੱਗੇ ਖੜ੍ਹੇ ਸਿਮਰਨਜੀਤ ਸਿੰਘ ਨੇ ਪੰਜਵਾਂ ਗੋਲ ਕਰ ਦਿੱਤਾ।








| Rank | Country | Gold | Silver | Bronze |
|---|---|---|---|---|
| 1 | ਅਮਰੀਕਾ | 39 | 41 | 33 |
| 2 | ਚੀਨ | 38 | 32 | 18 |
| 3 | ਜਾਪਾਨ | 27 | 14 | 17 |
| 4 | ਇੰਗਲੈਂਡ | 22 | 21 | 22 |
| 5 | ਆਰ ਓ ਸੀ | 20 | 28 | 23 |
| 6 | ਆਸਟ੍ਰੇਲੀਆ | 17 | 7 | 22 |
| 7 | ਨੀਦਰਲੈਂਡ | 10 | 12 | 14 |
| 8 | ਫਰਾਂਸ | 10 | 12 | 11 |
| 9 | ਜਰਮਨੀ | 10 | 11 | 16 |
| 10 | ਇਟਲੀ | 10 | 10 | 20 |
| 11 | ਕੈਨੇਡਾ | 7 | 6 | 11 |
| 12 | ਬ੍ਰਾਜ਼ੀਲ | 7 | 6 | 8 |
| 13 | ਨਿਊਜ਼ੀਲੈਂਡ | 7 | 6 | 7 |
| 14 | ਕਿਊਬਾ | 7 | 3 | 5 |
| 15 | ਹੰਗਰੀ | 6 | 7 | 7 |
| 48 | ਭਾਰਤ | 1 | 2 | 4 |

# ਜਨਮ ਦਿਨ ਦੀਆਂ ਮੁਬਾਰਕਾਂ



Sonia Mehmi Tripta Devi Mehmi Faqira Mehmi Vineet Mehmi

**ਸ਼੍ਰੀਮਤੀ ਤ੍ਰਿਪਤਾ ਦੇਵੀ ਮਹਿਮੀ ਅਤੇ ਸ਼੍ਰੀ ਫਕੀਰਾ ਮਹਿਮੀ ਨੂੰ ਉਹਨਾਂ ਦੀ ਬੇਟੀ ਸੋਨੀਆ ਮਹਿਮੀ ਅਤੇ ਬੇਟਾ ਵਿਨੀਤ ਮਹਿਮੀ ਨੂੰ ਅਦਾਰਾ 'ਦੇਸ਼ ਦੁਆਬਾ' ਵੱਲੋਂ ਜਨਮ ਦਿਨ ਮੁਬਾਰਕ**

ਜਿਹਨਾਂ ਦਾ ਜਨਮ ਦੋ ਸਾਲ ਦੇ ਵਕਫੇ 'ਤੇ 12 ਅਗਸਤ ਨੂੰ ਇਕੋ ਹੀ ਡਾਕਟਰ ਅਤੇ ਇਕੋ ਹੀ ਹਸਪਤਾਲ ਵਿਚ ਹੋਇਆ।

# ਪੰਜਾਬ ਦੇ ਖੇਤ ਮਜ਼ਦੂਰਾਂ ਦੀਆਂ ਹਾਲਤਾਂ : ਖੀਸੇ ਖਾਲ਼ੀ, ਢਿੱਡ ਭੁੱਖੇ ਅਤੇ ਤਨ ਉੱਤੇ ਲੀਰਾਂ

9 ਤੋਂ 11 ਅਗਸਤ ਤੱਕ ਪੰਜਾਬ ਦੀਆਂ ਪੇਂਡੂ ਅਤੇ ਖੇਤ ਮਜ਼ਦੂਰ ਜੱਥੇਬੰਦੀਆਂ ਦਾ ਸਾਂਝਾ ਮੋਰਚਾ ਪਟਿਆਲਾ ਵਿਚ ਰੋਸ ਧਰਨਾ ਕਰ ਰਿਹਾ ਹੈ। ਇਨ੍ਹਾਂ ਜੱਥੇਬੰਦੀਆਂ ਦੀਆਂ ਮੁੱਖ ਮੰਗਾਂ ਵਿਚ ਕੇਂਦਰ ਸਰਕਾਰ ਵੱਲੋਂ ਮੜ੍ਹੇ ਲੋਕ ਵਿਰੋਧੀ ਖੇਤੀਬਾੜੀ ਕਾਨੂੰਨ ਅਤੇ ਬਿਜਲੀ ਸੋਧ ਬਿਲ 2020 ਨੂੰ ਰੱਦ ਕੀਤਾ ਜਾਣਾ, ਜਨਤਕ ਵੰਡ ਪ੍ਰਣਾਲੀ ਨੂੰ ਮਜਬੂਤ ਕਰਕੇ ਪੇਂਡੂ ਅਤੇ ਖੇਤ ਮਜ਼ਦੂਰਾਂ ਸਮੇਤ ਸ਼ਹਿਰੀ ਗ਼ਰੀਬਾਂ ਅਤੇ ਸਭਨਾਂ ਲੋੜਵੰਦਾਂ ਲਈ ਸਸਤੇ ਰਾਸ਼ਨ ਅਤੇ ਰਸੋਈ ਵਰਤੋਂ ਦੀਆਂ ਸਾਰੀਆਂ ਵਸਤਾਂ ਸਸਤੀਆਂ ਕੀਮਤਾਂ ਉੱਤੇ ਮੁਹਈਆ ਕਰਵਾਉਣੀਆਂ, ਕਿਰਤ ਕਾਨੂੰਨਾਂ ਵਿਚ ਕੀਤੀਆਂ ਮਜ਼ਦੂਰ ਵਿਰੋਧੀ ਸੋਧਾਂ ਨੂੰ ਰੱਦ ਕਰਨਾ, ਮਜ਼ਦੂਰਾਂ ਅਤੇ ਗ਼ਰੀਬ ਕਿਸਾਨਾਂ ਦੇ ਸਿਰ ਖੜ੍ਹੇ ਸਾਰੇ ਸੰਸਥਾਗਤ ਅਤੇ ਗ਼ੈਰ-ਸੰਸਥਾਗਤ ਕਰਜ਼ੇ ਮੁਆਫ਼ ਕਰਨਾ ਅਤੇ ਉਨ੍ਹਾਂ ਨੂੰ ਬਿਨਾਂ ਵਿਆਜ ਅਤੇ ਬਿਨਾਂ ਗਰੰਟੀ ਲੰਮੀ ਮਿਆਦ ਦੇ ਕਰਜ਼ੇ ਦੇਣ ਦੀ ਵਿਵਸਥਾ ਕਰਨਾ, ਸਹਿਕਾਰੀ ਸਭਾਵਾਂ ਵਿਚ ਬੇਜ਼ਮੀਨੇ ਮਜ਼ਦੂਰਾਂ ਦੇ ਹਿੱਸੇ ਪੁਆਉਣਾ, ਖ਼ੁਦਕੁਸ਼ੀ ਪੀੜਤਾਂ ਨੂੰ ਮੁਅਵਜੇ ਅਤੇ ਨੌਕਰੀਆਂ ਦੇਣ ਦਾ ਪ੍ਰਬੰਧ ਕਰਨਾ, ਲੋੜਵੰਦ ਸਾਰੇ ਮਜ਼ਦੂਰਾਂ ਨੂੰ 10-10 ਮਰਲੇ ਦੇ ਪਲਾਟ ਅਤੇ ਮਕਾਨ ਉਸਾਰੀ ਲਈ ਪੰਜ ਲੱਖ ਰੁਪਏ ਦੀ ਗਰਾਂਟ ਦੇਣਾ, ਪਹਿਲਾਂ ਪਲਾਟ ਕੀਤੇ ਹੋਏ ਪਲਾਟਾਂ ਦੇ ਕਬਜੇ ਦਿੱਤੇ ਜਾਣਾ, ਮਜ਼ਦੂਰਾਂ ਲਈ ਪੱਕੇ ਰੁਜ਼ਗਾਰ ਦਾ ਪ੍ਰਬੰਧ ਕਰਨਾ, ਸਰਕਾਰੀ ਅਦਾਰਿਆਂ ਦਾ ਨਿੱਜੀਕਰਨ ਬੰਦ ਕਰਨਾ, ਮਗਨਰੇਗਾ ਅਧੀਨ ਪੂਰੇ ਪਰਿਵਾਰ ਨੂੰ ਸਾਲ ਭਰ ਲਈ ਕੰਮ ਅਤੇ ਮਜ਼ਦੂਰੀ 600 ਰੁਪਏ ਪ੍ਰਤਿ ਦਿਨ ਕਰਨਾ, ਸਿਹਤ ਸੇਵਾਵਾਂ ਵਿਚ ਸੁਧਾਰ ਕਰਨਾ, ਜ਼ਮੀਨ ਹੱਦ ਬੰਦੀ ਕਾਨੂੰਨ ਨੂੰ ਲਾਗੂ ਕਰਕੇ ਵਾਧੂ ਨਿਕਲਦੀਆਂ ਜ਼ਮੀਨਾਂ ਬੇਜ਼ਮੀਨੇ ਥੁੜ੍ਹ ਦੇ ਮਾਰੇ ਲੋਕਾਂ ਵਿਚ ਵੰਡਣੀਆਂ, ਪੰਚਾਇਤੀ ਜ਼ਮੀਨਾਂ ਵਿਚੋਂ ਤੀਜੇ ਹਿੱਸੇ ਦੀ ਜ਼ਮੀਨ ਦਲਿਤਾਂ ਨੂੰ ਠੇਕੇ ਉੱਪਰ ਦੇਣ ਨੂੰ ਯਕੀਨੀ ਬਣਾਉਣਾ, ਦਲਿਤਾਂ ਉੱਪਰ ਜਾਤਪਾਤੀ ਦਾਬੇ ਤਹਿਤ ਕੀਤਾ ਜਾਂਦਾ ਸਮਾਜਿਕ ਅਤੇ ਸਰਕਾਰੀ ਜਬਰ ਬੰਦ ਕਰਨਾ, ਅਤੇ ਲੋੜਵੰਦਾਂ ਲਈ ਸਮਾਜਿਕ ਸੁਰੱਖਿਆ ਨੂੰ ਵਧਾਉਣਾ ਸ਼ਾਮਲ ਹਨ।

ਲੇਖਕ ਦੀ ਅਗਵਾਈ ਵਿਚ ਪੰਜਾਬ ਦੇ ਸਾਰੇ ਤਿੰਨ ਖੇਤੀਬਾੜੀ-ਜਲਵਾਯੂ ਖੇਤਰਾਂ ਵਿਚ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਸਿਰ ਕਰਜ਼ੇ ਅਤੇ ਗ਼ਰੀਬੀ ਦਾ ਅਧਿਐਨ ਕਰਨ ਲਈ ਸਾਲ 2014-15 ਲਈ 27 ਵਿਕਾਸ ਖੰਡਾਂ ਦੇ 27 ਪਿੰਡਾਂ ਵਿਚੋਂ 1007 ਕਿਸਾਨ ਅਤੇ 301 ਖੇਤ ਮਜ਼ਦੂਰ ਪਰਿਵਾਰਾਂ ਦਾ ਸਰਵੇਖਣ ਕੀਤਾ ਗਿਆ। ਇਸ ਸਰਵੇਖਣ ਤੋਂ ਇਹ ਸਾਹਮਣੇ ਆਇਆ ਕਿ ਕਿਸਾਨਾਂ ਦੇ ਸੰਬੰਧ ਵਿਚ ਜਿਵੇਂ ਅਸੀਂ ਵੱਡੇ ਕਿਸਾਨ ਸ਼੍ਰੇਣੀ ਤੋਂ ਸੀਮਾਂਤ ਕਿਸਾਨ ਸ਼੍ਰੇਣੀ ਵੱਲ ਹੇਠਾਂ ਨੂੰ ਆਉਂਦੇ ਹਾਂ ਤਾਂ ਉਨ੍ਹਾਂ ਦੀਆਂ ਕਰਜ਼ੇ ਅਤੇ ਗ਼ਰੀਬੀ ਦੇ ਸੰਬੰਧ ਵਿਚ ਹਾਲਤਾਂ ਮਾੜੀਆਂ ਹੁੰਦੀਆਂ ਜਾਂਦੀਆਂ ਹਨ। ਖੇਤ ਮਜ਼ਦੂਰਾਂ ਦੇ ਸੰਬੰਧ ਵਿਚ ਜਿਹੜੇ ਤੱਥ ਉੱਭਰਕੇ ਸਾਹਮਣੇ ਆਏ ਉਨ੍ਹਾਂ ਅਨੁਸਾਰ ਪੇਂਡੂ ਖੇਤੀਬਾੜੀ ਆਰਥਿਕਤਾ ਦੀ ਪੌੜੀ ਦਾ ਇਹ ਸਭ ਤੋਂ ਹੇਠਲਾ ਡੰਡਾ ਜੋ ਘਸਦਾ ਵੀ ਜ਼ਿਆਦਾ, ਟੁੱਟਦਾ ਵੀ ਜ਼ਿਆਦਾ, ਅਤੇ ਜਿਸ ਨੂੰ ਠੁੱਡੇ ਵੀ ਜ਼ਿਆਦਾ ਮਾਰੇ ਜਾਂਦੇ ਹਨ ਜੇਕਰ ਇਨ੍ਹਾਂ ਦੀ ਵੱਖ ਵੱਖ ਹਾਲਤਾਂ ਦਾ ਬਿਆਨ ਘੱਟੋ-ਘੱਟ ਸ਼ਬਦਾਂ ਵਿਚ ਕਰਨਾ ਹੋਵੇ ਤਾਂ ਅੰਕੜੇ ਅਤੇ ਤੱਥ ਬੋਲਦੇ ਹਨ ਕਿ ਪੰਜਾਬ ਦੇ ਖੇਤ ਮਜ਼ਦੂਰਾਂ ਦੇ ਖੀਸੇ ਖਾਲ਼ੀ, ਢਿੱਡ ਭੁੱਖੇ ਅਤੇ ਉਨ੍ਹਾਂ ਦੇ ਤਨ ਉੱਤੇ ਲੀਰਾਂ ਹਨ।

ਖੇਤ ਮਜ਼ਦੂਰ ਪਰਿਵਾਰਾਂ ਦੇ 31 ਫ਼ੀਸਦ ਦੇ ਕਰੀਬ ਜੀਅ ਕਮਾਉ, 27 ਫ਼ੀਸਦ ਦੇ ਕਰੀਬ ਅਰਧ-ਕਮਾਊ ਅਤੇ ਬਾਕੀ ਦੇ 48 ਫ਼ੀਸਦ ਨਿਰਭਰ ਸ਼੍ਰੇਣੀਆਂ ਵਿਚ ਆਉਂਦੇ ਹਨ। ਖੇਤ ਮਜ਼ਦੂਰ ਪਰਿਵਾਰਾਂ ਵਿਚੋਂ 94.68 ਫ਼ੀਸਦ ਅਨੁਸੂਚਿਤ ਜਾਤੀਆਂ, 4.32 ਫ਼ੀਸਦ ਪਛੜੀਆਂ ਜਾਤੀਆਂ ਅਤੇ ਸਿਰਫ਼ 1 ਫ਼ੀਸਦ ਜਨਰਲ ਜਾਤੀਆਂ ਨਾਲ ਸੰਬੰਧਿਤ ਹਨ। ਖੇਤ ਮਜ਼ਦੂਰਾਂ ਵਿਚੋਂ 19.6 ਫ਼ੀਸਦ ਕੱਚੇ ਮਕਾਨਾਂ, 72.43 ਫ਼ੀਸਦ ਅਰਧ-ਪੱਕੇ ਮਕਾਨਾਂ ਅਤੇ ਸਿਰਫ਼ 7.79 ਫ਼ੀਸਦ ਪੱਕੇ ਮਕਾਨਾਂ ਵਿਚ ਰਹਿੰਦੇ ਹਨ। ਇਨ੍ਹਾਂ ਮਜ਼ਦੂਰਾਂ ਦੇ 41.2 ਫ਼ੀਸਦ ਪਰਿਵਾਰ ਅਜਿਹੇ ਹਨ ਜਿਨ੍ਹਾਂ ਕੋਲ ਨਹਾਉਣ ਲਈ ਕੋਈ ਵੀ ਗੁਸਲਖਾਨਾ ਨਹੀਂ ਹੈ ਜੋ ਨਹਾਉਣ ਲਈ ਜਨਤਕ ਥਾਵਾਂ ਦੀ ਵਰਤੋਂ ਕਰਨ ਲਈ ਮਜ਼ਬੂਰ ਹਨ। ਇਨ੍ਹਾਂ ਪਰਿਵਾਰਾਂ ਦੇ 42.06 ਫ਼ੀਸਦ ਜੀਅ ਕੋਰੇ ਅਨਪੜ੍ਹ ਹਨ ਅਤੇ ਸਿਰਫ਼ 2.7 ਫ਼ੀਸਦ ਨੇ ਗ੍ਰੈਜੂਏਸ਼ਨ, 0.7 ਫ਼ੀਸਦ ਨੇ ਪੋਸਟ-ਗ੍ਰੈਜੂਏਸ਼ਨ ਪੱਧਰ ਤੱਕ ਦੀ ਵਿੱਦਿਆ ਪ੍ਰਾਪਤ ਕੀਤੀ ਹੋਈ ਹੈ। ਇਨ੍ਹਾਂ ਪਰਿਵਾਰਾਂ ਦੇ 23.28 ਫ਼ੀਸਦ ਜੀਅ 15 ਸਾਲ ਤੱਕ ਉਮਰ ਅਤੇ 7.03 ਫ਼ੀਸਦ ਜੀਅ 60 ਸਾਲ ਤੋਂ ਵਧੇਰੇ ਉਮਰ ਦੇ ਹਨ। ਖੇਤ ਮਜ਼ਦੂਰਾਂ ਦੇ ਸਰਵੇ ਕੀਤੇ ਗਏ ਸਾਰੇ ਪਰਿਵਾਰ ਬੇਜ਼ਮੀਨੇ ਹਨ।

ਜੇਕਰ ਖੇਤ ਮਜ਼ਦੂਰਾਂ ਪਰਿਵਾਰਾਂ ਦੇ ਖੀਸਿਆਂ ਵੱਲ ਦੇਖਿਆ ਜਾਵੇ ਤਾ ਪਤਾ ਲਗਦਾ ਹੈ ਕਿ ਪੰਜਾਬ ਦੇ ਇਕ ਔਸਤਨ ਖੇਤ ਮਜ਼ਦੂਰ ਪਰਿਵਾਰ ਦੀ ਸਲਾਨਾ ਆਮਦਨ 81452 ਰੁਪਏ ਜਿਸ ਵਿਚੋਂ 90.89 ਫ਼ੀਸਦ ਖੇਤੀਬਾੜੀ ਖੇਤਰ ਵਿਚ ਮਜ਼ਦੂਰੀ, 5.39 ਫ਼ੀਸਦ ਗ਼ੈਰ-ਖੇਤੀਬਾੜੀ ਵਿਚ ਮਜ਼ਦੂਰੀ, 0.93 ਫ਼ੀਸਦ ਦੁੱਧ ਅਤੇ ਦੁੱਧ ਪਦਾਰਥ ਵੇਚਣ ਅਤੇ ਬਾਕੀ ਦੀ ਥੋੜ੍ਹੀ ਜਿਹੀ ਆਮਦਨ ਹੋਰ ਸ੍ਰੋਤਾਂ ਤੋਂ ਪ੍ਰਾਪਤ ਹੋਈ ਹੈ। ਖੇਤ ਮਜ਼ਦੂਰ



ਪਰਿਵਾਰਾਂ ਦੀ ਸਲਾਨਾ ਪ੍ਰਤਿ ਜੀਅ ਆਮਦਨ 16735 ਰੁਪਏ ਜੋ 1395 ਰੁਪਏ ਪ੍ਰਤਿ ਮਹੀਨਾ ਅਤੇ 46 ਰੁਪਏ ਦੇ ਕਰੀਬ ਪ੍ਰਤਿ ਦਿਨ ਬਣਦੀ ਹੈ, ਇਨ੍ਹਾਂ ਅੰਕੜਿਆਂ ਤੋਂ ਸਹਿਜੇ ਹੀ ਸਮਝਿਆ ਜਾ ਸਕਦਾ ਹੈ ਕਿ ਖੇਤ ਮਜ਼ਦੂਰਾਂ ਦੇ ਖੀਸੇ ਖਾਲ਼ੀ ਹਨ।

ਖੇਤ ਮਜ਼ਦੂਰਾਂ ਦੇ ਭੁੱਖੇ ਢਿੱਡਾਂ ਅਤੇ ਉਨ੍ਹਾਂ ਦੇ ਤਨ ਉੱਤੇ ਲੀਰਾਂ ਲਈ ਉਪਰੋਕਤ ਸਰਵੇਖਣ ਦੇ ਅੰਕੜੇ, ਤੱਥ, ਅਤੇ ਉਨ੍ਹਾਂ ਵਿਚਲੇ ਲੁਕਵੇਂ ਸੱਚ ਨੂੰ ਸਮਝਣ ਲਈ ਸਾਨੂੰ ਉਨ੍ਹਾਂ ਦੇ ਉਪਭੋਗ (ਖ਼ਪਤ) ਖ਼ਰਚ ਦੇ ਪੱਧਰ ਅਤੇ ਬਣਤਰ, ਉਨ੍ਹਾਂ ਵਿਚ ਪਸਰੀ ਗ਼ਰੀਬੀ, ਅਤੇ ਉਨ੍ਹਾਂ ਸਿਰ ਖੜ੍ਹੇ ਕਰਜ਼ੇ ਦੇ ਪੱਧਰ, ਸਰੋਤਾਂ, ਵਿਆਜ ਦਰਾਂ ਅਤੇ ਇਸ ਨਾ਼ਲ ਸੰਬੰਧਿਤ ਕੁਝ ਹੋਰ ਪੱਖਾਂ ਨੂੰ ਵਿਚਾਰਨਾਂ ਲਾਹੇਵੰਦ ਹੋਵੇਗਾ।

ਪੰਜਾਬ ਦੇ ਖੇਤ ਮਜ਼ਦੂਰ ਪਰਿਵਾਰਾਂ ਦਾ ਸਲਾਨਾ ਉਪਭੋਗ ਖ਼ਰਚ 90897 ਰੁਪਏ ਬਣਦਾ ਹੈ। ਖੇਤ ਮਜ਼ਦੂਰ ਪਰਿਵਾਰ ਗ਼ੈਰ-ਟਿਕਾਊ ਵਸਤਾਂ ਉੱਪਰ ਸਭ ਤੋਂ ਵੱਧ (51477 ਰੁਪਏ) ਖ਼ਰਚ ਕਰਦੇ ਹਨ। ਇਸ ਤੋਂ ਬਾਅਦ ਸੇਵਾਵਾਂ, ਸਮਾਜਿਕ-ਧਾਰਮਿਕ ਰਸਮਾਂ, ਅਤੇ ਟਿਕਾਊ ਵਸਤਾਂ ਉੱਪਰ ਖ਼ਰਚ ਆਉਂਦਾ ਹੈ। ਜੇਕਰ ਖੇਤ ਮਜ਼ਦੂਰ ਪਰਿਵਾਰਾਂ ਦੇ ਉਪਭੋਗ ਖ਼ਰਚ ਦੀ ਬਣਤਰ ਦੇ ਅੰਕੜੇ ਦੇਖੀਏ ਤਾਂ ਪਤਾ ਲੱਗਦਾ ਹੈ ਕਿ ਉਹ ਕੁੱਲ ਖ਼ਰਚ ਦਾ 56.63 ਫ਼ੀਸਦ ਗ਼ੈਰ-ਟਿਕਾਊ ਵਸਤਾਂ ਉੱਪਰ ਖ਼ਰਚ ਕੀਤਾ ਗਿਆ ਹੈ, ਗ਼ੈਰ-ਟਿਕਾਊ ਵਸਤਾਂ ਵਿਚ ਭੋਜਨ ਸਭ ਤੋਂ ਮਹੱਤਵਪੂਰਨ ਵਸਤ ਹੈ ਅਤੇ ਇਕ ਔਸਤਨ ਖੇਤ ਮਜ਼ਦੂਰ ਪਰਿਵਾਰ ਵੱਲੋਂ ਕੁੱਲ ਉਪਭੋਗ ਖ਼ਰਚ ਦਾ 14.06 ਫ਼ੀਸਦ ਭੋਜਨ ਪਦਾਰਥਾਂ ਉੱਪਰ ਖ਼ਰਚ ਕੀਤਾ ਗਿਆ ਹੈ। ਇਸ ਤੋਂ ਬਾਅਦ ਦੁੱਧ ਅਤੇ ਦੁੱਧ ਪਦਾਰਥਾਂ, ਅਤੇ ਕੱਪੜਿਆਂ ਉੱਪਰ ਕ੍ਰਮਵਾਰ 11.56 ਫ਼ੀਸਦ, ਅਤੇ 5.58 ਫ਼ੀਸਦ ਖ਼ਰਚ ਕੀਤਾ ਗਿਆ ਹੈ। ਇਕ ਔਸਤਨ ਖੇਤ ਮਜ਼ਦੂਰ ਪਰਿਵਾਰ ਵੱਲੋਂ ਕੁੱਲ ਉਪਭੋਗ ਖ਼ਰਚ ਦਾ 18.62 ਫ਼ੀਸਦ ਸੇਵਾਵਾਂ ਉੱਪਰ ਖ਼ਰਚ ਕੀਤਾ ਗਿਆ ਹੈ। ਸੇਵਾਵਾਂ ਵਿਚ, ਇਕ ਔਸਤਨ ਖੇਤ ਮਜ਼ਦੂਰ ਪਰਿਵਾਰ ਦੇ ਉਪਭੋਗ ਖ਼ਰਚ ਵਿਚ ਸਭ ਤੋਂ ਵੱਡਾ ਹਿੱਸਾ (8.72 ਫ਼ੀਸਦ) ਸਿਹਤ-ਸੇਵਾਵਾਂ ਉੱਪਰ ਖ਼ਰਚ ਦਾ ਹੈ। ਇਕ ਔਸਤਨ ਖੇਤ ਪਰਿਵਾਰ ਵੱਲੋਂ ਸਿੱਖਿਆ ਉੱਪਰ ਸਿਰਫ਼ 4.39 ਫ਼ੀਸਦ ਖ਼ਰਚ ਕੀਤਾ ਗਿਆ ਹੈ। ਇਸ ਤੋਂ ਬਾਅਦ ਆਵਾਜਾਈ, ਮਨੋਰੰਜਨ, ਅਤੇ ਸੰਚਾਰ ਉੱਪਰ ਖ਼ਰਚ ਕੀਤਾ ਗਿਆ ਹੈ।

ਇਕ ਔਸਤਨ ਖੇਤ ਮਜ਼ਦੂਰ ਪਰਿਵਾਰ ਵੱਲੋਂ ਕੁੱਲ ਉਪਭੋਗ ਖ਼ਰਚ ਦਾ 16.43 ਫ਼ੀਸਦ ਸਮਾਜਿਕ-ਧਾਰਮਿਕ ਰਸਮਾਂ ਉੱਪਰ ਖ਼ਰਚ ਕੀਤਾ ਗਿਆ ਹੈ। ਸਮਾਜਿਕ-ਧਾਰਮਿਕ ਰਸਮਾਂ ਵਿਚੋਂ ਸਭ ਤੋਂ ਵੱਧ ਹਿੱਸਾ (13.92 ਫ਼ੀਸਦ) ਵਿਆਹਾਂ ਉੱਤੇ ਖ਼ਰਚਿਆਂ ਗਿਆ ਹੈ। ਇਕ ਔਸਤਨ ਖੇਤ ਮਜ਼ਦੂਰ ਪਰਿਵਾਰ ਵੱਲੋਂ ਕੁਲ ਉਪਭੋਗ ਖ਼ਰਚ ਦਾ 8.32 ਫ਼ੀਸਦ ਟਿਕਾਊ ਵਸਤਾਂ ਉੱਪਰ ਖ਼ਰਚਿਆਂ ਗਿਆ ਹੈ। ਟਿਕਾਊ ਵਸਤਾਂ ਵਿਚ ਸਭ ਤੋਂ ਵੱਧ ਹਿੱਸਾ (5.67 ਫ਼ੀਸਦ) ਘਰ ਦੀ ਉਸਾਰੀ, ਨਵੇਂ ਕਮਰੇ ਦੀ ਉਸਾਰੀ ਅਤੇ ਘਰ ਦੀ ਮੁਰੰਮਤ ਉੱਪਰ ਖ਼ਰਚਿਆ ਗਿਆ ਹੈ।

ਪੰਜਾਬ ਦੇ ਖੇਤ ਮਜ਼ਦੂਰ ਪਰਿਵਾਰਾਂ ਦਾ ਪ੍ਰਤਿ ਵਿਅਕਤੀ ਸਲਾਨਾ ਉਪਭੋਗ ਖ਼ਰਚ 18676 ਰੁਪਏ ਹੈ। ਇਹ ਪਰਿਵਾਰ ਗ਼ੈਰ-ਟਿਕਾਊ ਵਸਤਾਂ ਉੱਪਰ 10576 ਰੁਪਏ ਪ੍ਰਤਿ ਜੀਅ ਖ਼ਰਚ ਕਰਦੇ ਹਨ ਜੋ 1556 ਰੁਪਏ ਪ੍ਰਤਿ ਮਹੀਨਾ ਅਤੇ 51 ਰੁਪਏ ਪ੍ਰਤਿ ਦਿਨ ਬਣਦਾ ਹੈ।

ਇਨ੍ਹਾਂ ਅੰਕੜਿਆਂ ਤੋਂ ਸਪਸ਼ਟ ਹੋ ਜਾਂਦਾ ਹੈ ਪੰਜਾਬ ਦੇ ਖੇਤ ਮਜ਼ਦੂਰ ਪਰਿਵਾਰਾਂ ਦੇ ਉਪਭੋਗ ਖ਼ਰਚ ਦਾ ਪੱਧਰ ਬਹੁਤ ਹੀ ਨੀਵਾ ਹੈ। ਫੀਲਡ ਸਰਵੇਖਣ ਤੋਂ ਪਤਾ ਲੱਗਿਆ ਹੈ ਕਿ ਇਹ ਪਰਿਵਾਰ ਕਿਸਾਨਾਂ ਵੱਲੋਂ ਕੰਮ ਕਰਾਉਣ ਦੇ ਬਦਲੇ ਦਿੱਤੀਆਂ ਹੋਈਆਂ ਕਈ ਵਸਤਾਂ ਆਪਣੇ ਉਪਭੋਗ ਲਈ ਵਰਤਦੇ ਹਨ। ਕਈ ਵਾਰ ਤਾਂ ਇਹ ਵਸਤਾਂ ਕਿਸਾਨਾਂ ਵੱਲੋਂ ਵਰਤਕੇ ਬਾਅਦ ਵਿਚ ਖੇਤ ਮਜ਼ਦੂਰਾਂ ਨੂੰ ਦਿੱਤੀਆਂ ਜਾਂਦੀਆਂ ਹਨ। ਇਸ ਸੰਬੰਧ ਵਿਚ ਸਭ ਤੋਂ ਵੱਧ ਤੰਗ ਕਰਨ ਵਾਲਾ ਤੱਥ ਇਹ ਹੈ ਕਿ ਕਿਸਾਨ ਪਰਿਵਾਰ ਆਪਣੇ ਵੱਲੋਂ ਵਰਤੇ ਗਏ ਕੱਪੜੇ ਅਤੇ ਹੋਰ ਵਸਤਾਂ ਖੇਤ ਮਜ਼ਦੂਰਾਂ ਨੂੰ ਦੇ ਦਿੰਦੇ ਹਨ। ਇਨ੍ਹਾਂ ਪਰਿਵਾਰਾਂ ਦੁਆਰਾ ਵਰਤੀਆਂ ਜਾ ਰਹੀਆਂ ਬਹੁਤ ਟਿਕਾਊ ਵਸਤਾਂ ਪਹਿਲਾਂ ਹੀ ਵਰਤੀਆਂ (ਛਕਫਰਅਦ ੀ ਹੁੰਦੀਆਂ ਹਨ ਜਿਵੇਂ ਪੁਰਾਣੇ ਸਾਈਕਲ, ਮੋਪਡ, ਸਕੂਟਰ, ਕੁਰਸੀਆਂ, ਬਰਤਨ ਆਦਿ। ਖੇਤ ਮਜ਼ਦੂਰਾਂ ਦਾ ਉਪਭੋਗ ਦੀਆਂ ਗ਼ੈਰ-ਟਿਕਾਊ ਉੱਪਰ ਸਭ ਤੋਂ ਵੱਧ ਖ਼ਰਚ ਇਹ ਸਪਸ਼ਟ ਕਰਦਾ ਹੈ ਕਿ ਇਨ੍ਹਾਂ ਦਾ ਉਪਭੋਗ ਖ਼ਰਚ ਜ਼ਿਆਦਾਤਰ ਜਿਊਂਦੇ ਰਹਿਣ ਵਾਲਾ ਹੈ।



ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

ਗ਼ਰੀਬੀ ਦੀ ਰੇਖਾ ਦੀਆਂ ਵੱਖ ਵੱਖ ਪਰਿਭਾਸ਼ਾਵਾਂ ਹਨ। ਇਕ ਪਰਿਭਾਸ਼ਾ ਜਿਸ ਬਾਰੇ ਕਿਸੇ ਵੀ ਸਿਆਣੇ ਇਨਸਾਨ ਦੀ ਅਸਿਹਮਤੀ ਨਹੀਂ ਹੋ ਸਕਦੀ ਉਹ ਹੈ ਕਿ ਉਹ ਵਿਅਕਤੀ ਜਿਹੜੇ ਆਪਣੀਆਂ ਮੁਢਲੀਆਂ ਲੋੜਾਂ ਪੂਰਾ ਨਹੀਂ ਕਰ ਸਕਦੇ ਉਨ੍ਹਾਂ ਨੂੰ ਗ਼ਰੀਬ ਮੰਨਿਆ ਜਾਵੇ। ਇਸ ਪਰਿਭਾਸ਼ਾ ਨੂੰ ਅਪਣਾਉਣ ਲਈ ਬਹੁਤੇ ਜ਼ਿਅਦਾ ਸਰਮਾਏਦਾਰ ਮੁਲਕਾਂ ਦੀਆਂ ਸਰਕਾਰਾਂ ਤਿਆਰ ਨਹੀਂ ਹਨ। ਭਾਰਤ ਵਿਚ ਆਮਦਨ ਅਤੇ ਉਪਭੋਗ ਖ਼ਰਚ ਦੇ ਆਧਾਰ ਉੱਤੇ ਅਪਣਾਈਆਂ ਗਈਆਂ ਗ਼ਰੀਬੀ ਦੀ ਰੇਖਾ ਦੀਆਂ ਪਰਿਭਾਸ਼ਾਵਾਂ ਵਿਚੋਂ ਮਾਹਰ ਗਰੁੱਪ, ਰਾਜ ਦੀ ਪ੍ਰਤਿ ਵਿਅਕਤੀ ਆਮਦਨ ਦਾ 50 ਫ਼ੀਸਦ, ਅਤੇ ਰਾਜ ਦੀ ਪ੍ਰਤਿ ਵਿਅਕਤੀ ਆਮਦਨ ਦਾ 40 ਫ਼ੀਸਦ ਮਾਪਦੰਡਾਂ ਅਨੁਸਾਰ ਪ੍ਰਤਿ ਵਿਅਕਤੀ ਆਮਦਨ ਦੇ ਆਧਾਰ ਉੱਪਰ ਪੰਜਾਬ ਦੇ ਖੇਤ ਮਜ਼ਦੂਰ ਪਰਿਵਾਰਾਂ ਦੇ ਕ੍ਰਮਵਾਰ 82.06 ਫ਼ੀਸਦ, 99.67 ਫ਼ੀਸਦ, ਅਤੇ 98.34 ਫ਼ੀਸਦ ਅਤੇ ਪ੍ਰਤਿ ਵਿਅਕਤੀ ਉਪਭੋਗ ਦੇ ਆਧਾਰ ਉੱਪਰ ਕ੍ਰਮਵਾਰ 80.07 ਫ਼ੀਸਦ, 98.01 ਫ਼ੀਸਦ, ਅਤੇ 96.01 ਫ਼ੀਸਦ ਜੀਅ ਗ਼ਰੀਬੀ ਦਾ ਸੰਤਾਪ ਹੰਢਾਉਣ ਲਈ ਮਜ਼ਬੂਰ ਹਨ।

ਪੰਜਾਬ ਦੇ ਖੇਤ ਮਜ਼ਦੂਰ ਪਰਿਵਾਰਾਂ ਨੂੰ ਆਪਣੇ ਉਪਭੋਗ ਦੇ ਇਕ ਘੱਟੋ-ਘੱਟ ਪੱਧਰ ਨੂੰ ਬਣਾਈ ਰੱਖਣ ਲਈ 100 ਰੁਪਏ ਦੀ ਆਮਦਨ ਪਿੱਛੇ 112 ਰੁਪਏ ਖ਼ਰਚ ਕਰਨੇ ਪੈ ਰਹੇ ਹਨ ਜਿਸ ਲਈ ਉਨ੍ਹਾਂ ਨੂੰ ਉਧਾਰ ਲੈਣਾ ਪੈਂਦਾ ਹੈ ਜਿਸ ਨੂੰ ਸਮੇਂ ਸਿਰ ਨਾ ਮੋੜਨ ਕਰਕੇ ਉਹ ਕਰਜ਼ੇ ਦਾ ਰੂਪ ਧਾਰਨ ਕਰ ਜਾਂਦਾ ਹੈ। ਇਕ ਔਸਤਨ ਕਰਜ਼ਈ ਖੇਤ ਮਜ਼ਦੂਰ ਪਰਿਵਾਰ ਸਿਰ 68330 ਰੁਪਏ ਦਾ ਕਰਜ਼ਾ ਹੈ ਜਿਸ ਵਿਚੋਂ 92 ਫ਼ੀਸਦ ਦੇ ਕਰੀਬ ਗ਼ੈਰ-ਸੰਸਥਾਗਤ ਸਰੋਤਾਂ ਅਤੇ ਬਾਕੀ ਦਾ 8 ਫ਼ੀਸਦ ਸੰਸਥਾਗਤ ਸਰੋਤਾਂ ਦਾ ਹੈ। ਇਨ੍ਹਾਂ ਪਰਿਵਾਰਾਂ ਦੁਆਰਾ ਜ਼ਿਆਦਾਤਰ ਉਧਾਰ ਆਪਣੀਆਂ ਉਪਭੋਗ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਲਿਆ ਜਾਂਦਾ ਹੈ। ਖੇਤ ਮਜ਼ਦੂਰ ਪਰਿਵਾਰਾਂ ਸਿਰ 52.11 ਫ਼ੀਸਦ ਕਰਜ਼ਾ 22 ਤੋਂ 28 ਫ਼ੀਸਦ ਵਿਆਜ ਦਰਾਂ ਅਤੇ 3.86 ਫ਼ੀਸਦ ਕਰਜ਼ਾ 29 ਫ਼ੀਸਦ ਜਾਂ ਜ਼ਿਆਦਾ ਵਿਆਜ ਦਰਾਂ ਉੱਪਰ ਹੈ।

ਭਾਵੇਂ ਖੇਤ ਮਜ਼ਦੂਰਾਂ ਸਿਰ ਖੜ੍ਹਾ ਕਰਜ਼ਾ ਦੇਖਣ ਨੂੰ ਥੋੜ੍ਹਾ ਲੱਗਦਾ ਹੈ, ਪਰ ਇਸ ਵਰਗ ਦੀ ਆਮਦਨ ਦੇ ਨੀਵੇਂ ਪੱਧਰ ਨੂੰ ਦੇਖਦੇ ਹੋਏ ਇਹ ਕਰਜ਼ਾ ਇਸ ਕਿਰਤੀ ਵਰਗ ਲਈ ਅਨੇਕਾਂ ਅਸਿਹ ਸਮੱਸਿਆਵਾਂ ਖੜ੍ਹੀਆਂ ਕਰ ਰਿਹਾ ਹੈ। ਇਨ੍ਹਾਂ ਸਮੱਸਿਆਵਾਂ ਵਿਚ ਘੱਟ ਦਰਾਂ ਉੱਪਰ ਮਜ਼ਦੂਰੀ, ਬੰਧੂਆਂ ਮਜ਼ਦੂਰੀ, ਔਰਤਾਂ ਦਾ ਸਰੀਰਕ ਨਪੀੜਨ, ਖ਼ੁਦਕੁਸ਼ੀਆਂ, ਰਾਜਸੀ ਗੁਲਾਮੀ ਪ੍ਰਮੁੱਖ ਹਨ।

ਪੰਜਾਬ ਵਿਚ ਖੇਤ ਮਜ਼ਦੂਰ ਪਰਿਵਾਰਾਂ ਦੀਆਂ ਸਮਾਜਿਕ-ਆਰਥਿਕ ਹਾਲਤਾਂ ਅਤੇ ਇਸ ਵਰਗ ਦੇ ਖੇਤੀਬਾੜੀ ਖੇਤਰ ਵਿਚ ਯੋਗਦਾਨ ਨੂੰ ਦੇਖਦੇ ਹੋਏ ਕੋਈ ਵੀ ਠੀਕ ਸੋਚ ਵਾਲਾ ਇਨਸਾਨ ਇਸ ਨਤੀਜੇ ਉੱਪਰ ਪਹੁੰਚੇਗਾ ਕਿ ਇਸ ਵਰਗ ਦੀਆਂ ਮੰਗਾਂ ਬਿਲਕੁਲ ਜਾਇਜ਼ ਹਨ ਜਿਨ੍ਹਾਂ ਨੂੰ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਤੁਰੰਤ ਮੰਨਣਾ ਅਤੇ ਸਮਾਜ ਦੇ ਬਾਕੀ ਦੇ ਵਰਗਾਂ ਨੂੰ ਕਿਰਤੀ ਵਰਗ ਨਾ਼ਲ ਠੀਕ ਸਲੂਕ ਕਰਨਾ ਬਣਦਾ ਹੈ।

## ਕਵਿਤਾ/ ਚੀਰਹਰਨ

ਉਹ ਆਦਿ ਵਾਸਣ
ਜੰਗਲ਼ 'ਚੋਂ ਆਈ ਹੈ
ਭੀਲਣੀ ਦੀ ਗੁਆਂਢਣ ਹੈ
ਨਾ ਉਸਨੇ ਕੌੜੇ ਬੇਰ ਖਾਧੇ ਨੇ
ਨਾ ਹੀ ਮਿੱਠੇ ਬੇਰ ਖਿਲਾਏ ਨੇ

ਉਸ ਦਸਤੀ ਕਰਾਮਾਤਾਂ ਨਾਲ
ਆਪਣੀਆਂ ਹਸਤ-ਰੇਖਾਵਾਂ
ਮਨ-ਮਰਜ਼ੀ ਅਨੁਸਾਰ
ਬਦਲ ਲਈਆਂ ਨੇ

ਤੁਲਸੀਦਾਸ ਦੇ ਰਾਜਦੂਤਾਂ ਨਾਲ
ਦਸਤਪੰਜਾ ਲੈਣ
ਉਹ ਜੰਗਲ਼ ਤੋਂ ਬਾਹਰ
ਪਾਰ ਦੇਸ ਦੁਆਬ ਗਈ ਹੈ

ਉਹ ਚੁਰਸਤੇ 'ਚ ਕਰੇ
ਸਭ ਟੂਣਿਆਂ ਨੂੰ ਟੱਪ ਗਈ ਹੈ

ਉਸਨੇ ਰਸਤੇ ਵਿਚਲਾ
ਮੋਟਾ ਮੋਛਾ ਚੁੱਕ ਕੇ
ਪਰ੍ਹਾਂ ਵਗਾਹ ਮਾਰਿਆ ਹੈ

ਰਹਿੰਦੇ ਮੋਛਿਆਂ ਨੂੰ ਚੁੱਕ ਕੇ
ਉਕਤ ਥਾਂ ਸਿਰ ਕਰਨ ਦਾ
ਉਸ ਜੰਗਲ਼-ਬੇਲਿਆਂ 'ਚੋਂ
ਬਾਕੀਆਂ ਨੂੰ ਵੀ ਸੁਨੇਹਾ ਲਾ ਦਿੱਤਾ ਹੈ

ਸ਼ੀਗਰ ਹੀ ਉਸਨੇ
ਭੀਮ-ਵੰਸ਼ੀਆਂ ਨੂੰ ਵੀ
ਛਿੰਝ ਦੇ ਅਖਾੜੇ ਲਈ
ਸੱਦਾ-ਪੱਤਰ ਘੱਲਿਆ ਹੈ

ਉਸਨੇ ਗ੍ਰਹਿ-ਚਾਲਾਂ 'ਤੇ
ਲਕੀਰਾਂ ਖਿੱਚ ਦਿੱਤੀਆਂ ਨੇ
ਤੇ ਗ੍ਰਹਿ-ਨਛੱਤਰਾਂ 'ਤੇ ਫੇਰੀਆਂ ਲੀਕਾਂ ਨੂੰ
ਗੂੜ੍ਹਾ ਵੀ ਕਰ ਰਹੀ ਹੈ

ਮੰਨੂ ਦੀ ਰਾਜਧਾਨੀ 'ਚ
ਹੋ ਹੱਲਾ ਵਾਪਰ ਗਿਆ ਹੈ

ਟੇਵੇ-ਪੱਤਰੇ ਬਣਾਉਣ ਵਾਲੇ
ਬਾਬੇ ਬੋਹੜ ਦੀ ਦਾਹੜੀ ਥੱਲੇ
ਹੈਰਾਨ ਹੋ ਦੰਦ ਘਰੋੜ ਰਹੇ ਨੇ
ਉਂਗਲਾਂ ਚੱਬ ਰਹੇ ਰਹੇ ਨੇ

ਰਾਹੂ-ਕੇਤੂ 'ਚ ਪਾਟਕ ਪੈ ਗਿਆ ਹੈ
ਪੰਚਕਾਂ-ਗੰਢਮੂਲਾਂ 'ਚ ਫਾਟਕ ਪੈ ਗਿਆ ਹੈ

ਉਹ ਮੰਗਲ਼, ਬੁੱਧ, ਸ਼ੁੱਕਰ, ਸ਼ਨੀ ਦੀ
ਕੱਲਰ ਧਰਤੀ ਉੱਤੇ
ਪਿੱਪਲ਼ ਬਣਕੇ ਉੱਗ ਖਲੋਤੀ ਹੈ

ਬੋਧੀਆਂ-ਭਿਕਸ਼ੂਆਂ ਦੇ ਭਰੇ ਸ਼ਹਿਰ 'ਚ
ਉਸ ਮੰਨੂ ਦੀ ਸਿਮਰਤੀ ਦਾ
ਚੀਰਹਰਨ ਕਰ ਦਿੱਤਾ ਹੈ

'ਢੋਰ, ਗੰਵਾਰ, ਸੂਦਰ, ਪਸੂ, ਨਾਰੀ
ਇਹ ਸਭ ਤਾੜਨ ਦੇ ਅਧਿਕਾਰੀ'
ਜਿਹੇ ਕਪਟੀ ਕਥਨ 'ਤੇ



ਉਸ ਸਦਾ ਲਈ ਕਾਂਟਾ ਮਾਰ
ਪ੍ਰਸ਼ਨ ਚਿੰਨ੍ਹ ਲਾ ਦਿੱਤਾ ਹੈ

ਹੁਣ ਉਸ ਕੈਲਾਸ਼ ਪਰਬਤ ਦੀ ਚੋਟੀ 'ਤੇ
ਜਿੱਤ ਦਾ ਪਰਚਮ ਵੀ ਲਹਿਰਾ ਦਿੱਤਾ ਹੈ
ਫਲਸਰੂਪ ਟੀਸੀ ਦੀ ਬਰਫ਼ ਪਿਘਲ਼ ਗਈ ਹੈ
ਤੇ ਰਾਮ ਸੇਤੂ ਹੜ੍ਹ ਪ੍ਰਭਾਵਿਤ ਹੋ ਗਿਆ ਹੈ

ਖ਼ੈਰ! ਸਮੁੰਦਰ ਮੰਥਨ ਅਸਫ਼ਲ ਹੋ ਗਿਆ ਹੈ
ਮੰਦਰਾਚਲ ਡੁੱਬਣ ਜਾ ਰਿਹਾ ਹੈ

ਇੰਝ ਜਾਪ ਰਿਹੈ



ਜਿਵੇਂ ਦੂਰ ਕਿਤੇ
ਇਕਾਂਤਵਾਸ ਬੈਠਾ ਰਿਸ਼ੀ ਸ਼ੰਬੂਕ
ਜਾਨਲੇਵਾ ਹਮਲਾ ਹੋਣ ਤੋਂ ਤੁਰਤ ਪਹਿਲੋਂ
ਆਪਣੀ ਭਗਤੀ 'ਚੋਂ ਜਾਗ ਪਿਆ ਹੈ
ਤੇ ਫੀਨ੍ਹੇ ਨੱਕ ਵਾਲਿਆਂ ਨੂੰ ਨਾਲ ਲੈ ਕੇ
ਨਾਗਾਂ ਦੇ ਵਤਨ ਦੀ ਤਰਫ਼ ਤੁਰ ਪਿਆ ਹੈ।



-ਮਨੀਸ਼ ਮਸਾਣੀ
91-
98151-30986

# ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਡਕਰ

**ਲੇਖਕ : ਸੰਤੋਖ ਸਿੰਘ ਜੱਸੀ**
**ਪ੍ਰਕਾਸ਼ਕ : ਸੰਗਮ ਪਬਲੀਕੇਸ਼ਨ, ਸਮਾਣਾ**
**ਮੁੱਲ : 150 ਰੁਪਏ, ਸਫੇ 128**
**ਸੰਪਰਕ : 91-70876-19800**

ਵਿਸ਼ਵ ਦੀ ਅਜ਼ੀਮ ਸਖਸ਼ੀਅਤ ਡਾ. ਭੀਮ ਰਾਓ ਅੰਬੇਡਕਰ ਦੇ ਜੀਵਨ, ਸੰਘਰਸ਼ ਅਤੇ ਉਪਲਬਧੀਆਂ ਦੇ ਸਬੰਧ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਪੁਸਤਕਾਂ ਦਾ ਸਿਰਜਣ ਕੀਤਾ ਗਿਆ ਹੈ।ਨੌਜਵਾਨ ਲੇਖਕ ਸੰਤੋਖ ਸਿੰਘ ਜੱਸੀ ਵਲੋਂ 'ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਯੂ.ਐਨ.ਓ.ਤੱਕਤ।' ਇਸੇ ਲੜੀ ਵਿੱਚ ਇੱਕ ਸ਼ਲਾਘਾਯੋਗ ਉੱਦਮ ਹੈ।ਡਾ.ਅੰਬੇਡਕਰ ਦੇ ਜੀਵਨ ਦਰਸ਼ਨ ਅਤੇ ਸਮਾਜ ਨੂੰ ਵੱਡਮੁੱਲੀ ਦੇਣ ਤੋਂ ਪ੍ਰਭਾਵਿਤ ਹੋ ਕੇ ਲੇਖਕ ਨੇ ਅਲੱਗ-ਅਲੱਗ ਲੇਖਾਂ ਵਿੱਚ ਆਜ਼ਾਦ ਭਾਰਤ ਦੇ ਸੰਵਿਧਾਨ ਨਿਮਰਾਤਾ ਡਾ.ਅੰਬੇਡਕਰ ਦੇ ਸੰਪੂਰਨ ਜੀਵਨ, ਵਿਅਕਤੀਤਵ ਅਤੇ ਉਨ੍ਹਾਂ ਦੀ ਵਿਚਾਰਧਾਰਾ ਨੂੰ ਪੇਸ਼ ਕਰਨ ਦਾ ਉਪਾਰਲਾ ਕੀਤਾ ਹੈ।ਇਨ੍ਹਾਂ ਵਿੱਚ ਡਾ ਅੰਬੇਡਕਰ ਦੇ ਸਾਧਾਰਨ ਪੱਧਰ ਤੋਂ ਉੱਠ ਕੇ ਉੱਚ ਸਿੱਖਿਆ ਪ੍ਰਾਪਤ ਕਰਨੀ, ਭਾਰਤੀ ਹੀ ਨਹੀਂ ਸਮੁੱਚੇ ਵਿਸ਼ਵ ਸਮਾਜ ਦਾ ਅਧਿਐਨ, ਚਿੰਤਕ, ਮਨਨ ਕਰਨਾ ਤੇ ਆਪਣੀ ਵਿਲੱਖਣ ਪ੍ਰਤਿਭਾ ਦੇ ਸਿਰ 'ਤੇ ਵਿਸ਼ਵ ਭਾਈਚਾਰੇ ਵਿੱਚ ਆਪਣੀ ਜ਼ਿਕਰਯੋਗ ਪਛਾਣ ਸਥਾਪਤ ਕਰਨੀ



ਤੇ ਯੂ.ਐਨ.ਓ ਵਰਗੀ ਵਿਸ਼ਵ ਪੱਧਰੀ ਸਰਬਉੱਚ ਸੰਸਥਾ ਵਿੱਚ ਆਪਣੀ ਉਪਸਥਿਤੀ ਦਰਜ ਕਰਾਉਣੀ ਬਹੁਤ ਹੀ ਮਾਣਮੱਤੀ ਉਪਲੱਬਧੀ ਹੈ, ਜਿਸ ਕਾਰਨ ਡਾ. ਅੰਬੇਡਕਰ ਨਾ ਸਿਰਫ ਦਲਿਤ ਸਮਾਜ, ਸਗੋਂ ਸਮੁਚੇ ਭਾਰਤੀ ਸਮਾਜ ਅਤੇ ਸੰਸਾਰ ਦੇ ਵੀ ਮਾਰਗ ਦਰਸ਼ਕ, ਵਿਚਾਰਧਾਰਕ ਤੌਰ 'ਤੇ ਮਹਾਨ ਚਿੰਤਕ ਬਣੇ ਹਨ।

ਲੇਖਕ ਡਾ. ਅੰਬੇਡਕਰ ਦੇ ਜੀਵਨ ਦੇ ਲਗਭਗ ਹਰੇਕ ਪਹਿਲੂ ਨੂੰ ਚੇਤੇ ਕਰਦਿਆਂ ਉਹਨਾਂ ਦਾ ਮਨੁੱਖੀ ਵੇਦਨਾ ਵਾਲਾ ਸਰੂਪ, ਦੇਸ਼ ਦੇ ਨਿਰਮਾਤਾ, ਔਰਤਾ ਦੇ ਹੱਕ ਵਿੱਚ ਲੜਨ ਤੇ ਖੜਨ ਵਾਲੇ ਦਲਿਤ ਸਮਾਜ ਦੀ ਸ਼ਕਤੀ ਬਣੇ ਡਾ.ਅੰਬੇਡਕਰ ਵਲੋਂ ਜਲੰਧਰ, ਲੁਧਿਆਣਾ, ਫਿਲੌਰ, ਪਟਿਆਲਾ, ਅੰਮ੍ਰਿਤਸਰ ਆਦਿ ਥਾਵਾ 'ਤੇ ਦਿੱਤੇ ਭਾਸ਼ਨਾ ਦੇ ਅੰਸ਼ਾ ਆਦਿ ਨੂੰ ਦਰਜ ਕੀਤਾ ਹੈ।ਲੇਖਕ ਨੇ ਡਾ.ਅੰਬੇਡਕਰ ਦੀ ਵਿਚਾਰਧਾਰਾ ਤੇ ਭਰਮਾਉ ਹਮਲਿਆ ਅਤੇ ਉਨ੍ਹਾਂ ਦੇ ਜੀਵਨ ਦੀਆਂ ਪ੍ਰਮੁੱਖ ਘਟਨਾਵਾਂ ਨੂੰ ਵੀ ਤਰਤੀਬਵਾਰ ਪੇਸ਼ ਕੀਤਾ ਹੈ।ਲੇਖਕ ਵਲੋਂ ਡਾ.ਅੰਬੇਡਕਰ ਦੀ ਮਹਾਨ ਸ਼ਖਸ਼ੀਅਤ ਨੂੰ ਸਾਹਿਤ ਵਿੱਚ ਮਿਲੇ ਮਾਣ-ਸਨਮਾਨ ਅਤੇ ਉਚੇਰੇ ਤੌਰ ਤੇ ਪੰਜਾਬੀ ਦਲਿਤਾਂ ਨੂੰ ਦੇਣ ਬਾਰੇ ਵੀ ਚਾਨਣਾ ਪਾਇਆ ਹੈ। ਪੁਸਤਕ ਸਰਲ ਭਾਸ਼ਾ ਵਿੱਚ ਰੌਚਕ ਢੰਗ ਨਾਲ ਪੜਾਅ-ਦਰ-ਪੜਾਅ ਡਾ. ਅੰਬੇਡਕਰ ਦੀ ਸਮੁੱਚੀ ਸਖਸ਼ੀਅਤ 'ਤੇ ਚਾਨਣਾ ਪਾਉਂਦੀ ਜਾਂਦੀ ਹੈ।

ਪੁਸਤਕ ਜਿੱਥੇ ਆਮ ਪਾਠਕ ਦੇ ਗਿਆਨ ਵਿੱਚ (ਡਾ.ਅੰਬੇਡਕਰ ਦੇ ਸਬੰਧ ਵਿੱਚ ) ਢੇਰ ਸਾਰਾ ਵਾਧਾ ਕਰਦੀ ਹੈ, ਉੱਥੇ ਉਸ ਨੂੰ ਅੰਬੇਡਕਰ ਦੀ ਵਿਚਾਰਧਾਰਾ, ਸਿੱਖਿਆਵਾ ਅਤੇ ਜੀਵਨ ਆਦਰਸ਼ਾ ਨੂੰ ਅਪਣਾਉਣ ਲਈ ਪ੍ਰੇਰਿਤ ਵੀ ਕਰਦੀ ਹੈ, ਜਿਸ ਤੇ ਚੱਲ ਕਿ ਆਪਣੀ ਨਿੱਜੀ ਜੀਵਨ, ਪਰਿਵਾਰ, ਸਮਾਜ ਅਤੇ ਦੇਸ਼ ਦਾ ਸਹੀ ਦਿਸ਼ਾ ਵਿੱਚ, ਸਹੀ ਢੰਗ ਨਾਲ, ਸਹੀ ਵਿਕਾਸ ਕਰਨਾ ਸੰਭਵ ਹੋ ਸਕੇਗਾ। ਲੇਖਕ ਸੰਤੋਖ ਸਿੰਘ ਜੱਸੀ ਇਸ ਉੱਦਮ ਲਈ ਵਧਾਈ ਦਾ ਹੱਕਦਾਰ ਹੈ।



ਸੰਤੋਖ ਸਿੰਘ ਜੱਸੀ
91-70876-19800

**- ਡਾ. ਧਰਮ ਪਾਲ ਸਾਹਿਲ**

# ਡਾ ਰਤਨ ਸਿੰਘ ਜੱਗੀ ਦੀ ਪੁਸਤਕ ਗੁਰੂ ਨਾਨਕ ਬਾਣੀ ਪਾਠ ਤੇ ਵਿਆਖਿਆ ਸੱਚੀ ਸ਼ਰਧਾਂਜ਼ਲੀ


ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਉਤਸਵ ਦੇ ਮੌਕੇ 'ਤੇ ਪੰਜਾਬ ਸਰਕਾਰ, ਕੇਂਦਰ ਸਰਕਾਰ ਅਤੇ ਅਨੇਕਾਂ ਨਾਨਕ ਨਾਮ ਲੇਵਾ ਸੰਸਥਾਵਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਯਾਦ ਨੂੰ ਚਿਰ ਸਥਾਈ ਬਣਾਈ ਰੱਖਣ ਲਈ ਆਪੋ ਆਪਣੇ ਢੰਗ ਤਰੀਕਿਆਂ ਨਾਲ ਸਮਾਗਮ ਆਯੋਜਤ ਕਰਕੇ ਆਪਣੀ ਸ਼ਰਧਾ ਦੇ ਫੁਲ ਭੇਂਟ ਕੀਤੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਰਮ ਭੂਮੀ ਕਰਤਾਰਪੁਰ ਸਾਹਿਬ ਦੇ ਜਾਣ ਲਈ ਭਾਰਤ ਸਰਕਾਰ ਨੇ ਪਾਕਿਸਤਾਨ ਸਰਕਾਰ ਦੇ ਸਹਿਯੋਗ ਨਾਲ 'ਕਰਤਾਰਪੁਰ ਲਾਂਘਾ' ਸ਼ਰਧਾਲੂਆਂ ਨੂੰ ਗੁਰਦੁਆਰਾ ਕਰਤਾਰਪੁਰ ਸਾਹਿਬ ਵਿਖੇ ਨਤਮਸਤਕ ਹੋਣ ਲਈ ਖੋਲ੍ਹਿਆ ਗਿਆ। ਸਾਰੇ ਸੰਸਾਰ ਵਿਚ ਜਿਥੇ ਵੀ ਗੁਰੂ ਨਾਨਕ ਨਾਮ ਲੇਵਾ ਵਸਦੇ ਹਨ, ਉਨ੍ਹਾਂ ਵੱਲੋਂ ਵੀ ਉਥੇ ਪ੍ਰਕਾਸ਼ ਪੁਰਬ ਮਨਾਇਆ ਗਿਆ। ਜਿਤਨੇ ਵੀ ਪ੍ਰੋਗਰਾਮ ਅਤੇ ਸਮਾਗਮ ਹੋਏ, ਉਨ੍ਹਾਂ ਸਾਰਿਆਂ ਦੀ ਆਪੋ ਆਪਣੀ ਮਹੱਤਤਾ ਹੈ। ਬਹੁਤਿਆਂ ਖਾਸ ਤੌਰ ਤੇ ਸਰਕਾਰਾਂ ਨੇ ਤਾਂ ਕਾਰਵਾਈਆਂ ਪਾ ਕੇ ਵਾਹਵਾ ਸ਼ਾਹਵਾ ਖੱਟਣ ਦੇ ਉਪਰਾਲੇ ਕੀਤੇ ਹਨ, ਪ੍ਰੰਤੂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਸੰਸਾਰ ਵਿਚ ਫ਼ੈਲਾਉਣ ਅਰਥਾਤ ਲੋਕਾਂ ਨੂੰ ਉਸ ਵਿਚਾਰਧਾਰਾ ਦੀ ਜਾਣਕਾਰੀ ਦੇਣ ਦਾ ਇਕੋ ਇਕ ਸਾਧਨ ਸ਼ਬਦ ਹੁੰਦੇ ਹਨ, ਜੋ ਪੁਸਤਕਾਂ ਦੇ ਰੂਪ ਪ੍ਰਕਾਸ਼ਤ ਹੋਣੇ ਚਾਹੀਦੇ ਹਨ। ਪੁਸਤਕਾਂ ਇਤਿਹਾਸ ਦਾ ਹਿੱਸਾ ਬਣਦੀਆਂ ਹਨ। ਪੰਜਾਬ ਦੇ ਸਿੱਖ ਵਿਦਵਾਨਾ ਦੀ ਜ਼ਿੰਮੇਵਾਰੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਸੌਖੇ ਢੰਗ ਨਾਲ ਲੋਕਾਂ ਤੱਕ ਪਹੁੰਚਾਉਣ ਦੀ ਬਣਦੀ ਹੈ। ਪ੍ਰੰਤੂ ਦੁੱਖ ਦੀ ਗੱਲ ਹੈ ਕਿ ਅਜੇ ਤੱਕ ਸਿੱਖ ਵਿਦਵਾਨ ਸੌਖੀ ਸ਼ਬਦਾਵਲੀ ਵਿਚ ਪੰਜਾਬੀਆਂ ਨੂੰ ਹੀ ਜਾਣੂ ਨਹੀਂ ਕਰਵਾ ਸਕੇ। ਹੋਰ ਭਾਸ਼ਾਵਾਂ ਜਾਨਣ ਵਾਲੇ ਲੋਕਾਂ ਤੱਕ ਪਹੁੰਚਾਉਣਾ ਤਾਂ ਦੂਰ ਦੀ ਗੱਲ ਹੈ। ਇਹ ਵੀ ਸ਼ੁਭ ਸੰਕੇਤ ਹਨ ਕਿ 550ਵੇਂ ਪ੍ਰਕਾਸ਼ ਉਤਸਵ ਦੇ ਮੌਕੇ ਬਹੁਤ ਸਾਰੇ ਵਿਦਵਾਨਾ ਨੇ ਪੁਸਤਕਾਂ ਪ੍ਰਕਾਸ਼ਤ ਕਰਵਾਈਆਂ ਸਨ। ਪ੍ਰੰਤੂ ਕੁਝ ਕੁ ਅਖੌਤੀ ਵਿਦਵਾਨਾ ਦੀ ਹਉਮੈ ਨੇ ਆਪਣੀ ਵਿਦਵਾਨੀ ਦਾ ਰੋਹਬ ਪਾਉਣ ਲਈ ਔਖੀ ਸ਼ਬਦਾਵਲੀ ਨੂੰ ਤਰਜੀਹ ਦਿੱਤੀ ਹੈ। ਡਾ ਰਤਨ ਸਿੰਘ ਜੱਗੀ ਦੀ 'ਗੁਰੂ ਨਾਨਕ ਬਾਣੀ ਪਾਠ ਤੇ ਵਿਆਖਿਆ' ਪੁਸਤਕ ਨਵੇਕਲੀ ਕਿਸਮ ਦੀ ਹੈ, ਜਿਸ ਵਿਚ ਉਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪ੍ਰਮਾਣਿਤ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਪ੍ਰਥਾ ਤੇ ਰਾਗ-ਕ੍ਰਮ ਅਨੁਸਾਰ ਸੰਕਲਿਤ ਕਰਕੇ ਸਰਲ ਸ਼ਬਦਾਂ ਵਿਚ ਆਮ ਸਾਧਰਨ ਲੋਕਾਂ ਦੇ ਸਮਝ ਵਿਚ ਅਉਣ ਵਾਲੇ ਅਰਥ ਕੀਤੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ 20 ਰਾਗਾਂ ਵਿਚ ਹੈ। ਜਪੁਜੀ ਸਾਹਿਬ, ਚਉਪਦੇ, ਅਸਟਪਦੀਆਂ, ਪਹਰੇ, ਸਲੋਕ, ਵਾਰਾਂ, ਪਉੜੀਆਂ, ਛੰਤ, ਅਲਾਹਣੀਆਂ, ਕੁਚਜੀ-ਸੁਚਜੀ, ਪਦੇ ਅਤੇ ਸੋਲਹੇ, ਜਿਨ੍ਹਾਂ ਦੀ ਗਿਣਤੀ 958 ਬਣਦੀ ਹੈ, ਦੀ ਵਿਆਖਿਆ ਭਾਵ ਅਰਥ ਅਜਿਹੇ ਢੰਗ ਨਾਲ ਕੀਤੇ ਗਏ ਹਨ ਤਾਂ ਜੋ ਆਮ ਪਾਠਕ ਦੇ ਸਮਝ ਵਿਚ ਆ ਸਕਣ। 556 ਪੰਨਿਆਂ ਵਾਲੀ ਵੱਡ ਅਕਾਰੀ ਅਤੇ ਰੂਹ ਨੂੰ ਸਕੂਨ ਦੇਣ ਵਾਲੀ ਇਹ ਅਧਿਆਤਮਵਾਦ ਵਿਚ ਪਰੁਚੀ ਇਹ ਪੁਸਤਕ, ਪੰਜਾਬ ਸਰਕਾਰ ਦੇ ਸਭਿਆਚਾਰਕ ਮਾਮਲੇ ਤੇ ਸੈਰ ਸਪਾਟਾ ਵਿਭਾਗ, ਉਚੇਰੀ ਸਿਖਿਆ ਵਿਭਾਗ ਅਤੇ ਪੰਜਾਬੀ ਯੂਨੀਵਰਸਿਟੀ ਨੇ ਪ੍ਰਕਾਸ਼ਤ ਕਰਵਾਈ ਹੈ। ਪੰਜਾਬ ਸਰਕਾਰ ਦੇ ਇਸ ਉਦਮ ਦੀ ਪ੍ਰਸੰਸਾ ਕਰਨੀ ਬਣਦੀ ਹੈ। ਇਸ ਪੁਸਤਕ ਦੀ ਕੀਮਤ 1930 ਰੁਪਏ ਰੱਖੀ ਗਈ ਹੈ। ਇਹ ਸਹੀ ਅਰਥਾਂ ਵਿਚ ਪੰਜਾਬ ਸਰਕਾਰ ਅਤੇ ਡਾ ਰਤਨ ਸਿੰਘ ਜੱਗੀ ਵੱਲੋਂ ਸੱਚੀ ਸੁੱਚੀ ਸ਼ਰਧਾਂਜ਼ਲੀ ਹੈ। ਇਹ ਕੰਮ ਕਿਸੇ ਇਕ ਵਿਅਕਤੀ ਲਈ ਇਕ ਨਿਸਚਤ ਸਮੇਂ ਵਿਚ ਮੁਕੰਮਲ ਕਰਨਾ ਅਸੰਭਵ ਅਤੇ ਅਤਿਅੰਤ ਕਠਨ ਸੀ। ਪ੍ਰੰਤੂ ਡਾ ਰਤਨ ਸਿੰਘ ਜੱਗੀ ਅਤੇ ਉਨ੍ਹਾਂ ਦੀ ਅਰਧਾਂਗਣੀ ਡਾ ਗੁਰਸ਼ਰਨ ਕੌਰ ਜੱਗੀ ਦੀ ਦ੍ਰਿੜ੍ਹਤਾ, ਸੂਝ, ਲਗਨ ਅਤੇ ਪ੍ਰਤੀਬੱਧਤਾ ਨੇ ਇਹ ਸੰਭਵ ਕਰਕੇ ਵਿਖਾਇਆ ਹੈ। ਅਜਿਹਾ ਵੱਡਾ ਅਤੇ ਵਿਦਵਤਾ ਵਾਲਾ ਕੰਮ ਇਕ ਧਰਮ ਅਤੇ ਭਾਸ਼ਾ ਦੀ ਜਾਣਕਾਰੀ ਰੱਖਣ ਵਾਲਾ ਵਿਅਕਤੀ ਨਹੀਂ ਕਰ ਸਕਦਾ ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਜਾਬੀ, ਪਾਲੀ, ਸੰਸਕ੍ਰਿਤ, ਬ੍ਰਜ, ਫਾਰਸੀ ਅਤੇ ਉਰਦੂ ਭਾਸ਼ਾਵਾਂ ਦੀ ਵਰਤੋਂ ਕੀਤੀ ਗਈ ਹੈ। ਡਾ ਰਤਨ ਸੰਘ ਜੱਗੀ ਅਤੇ ਇਸ ਕੰਮ ਵਿਚ ਉਨ੍ਹਾਂ ਨਾਲ ਸਹਾਇਕ ਦੇ ਤੌਰ ਤੇ ਕੰਮ ਕਰਨ ਵਾਲੇ ਡਾ ਗੁਰਸ਼ਰਨ ਕੌਰ ਜੱਗੀ ਦੋਵੇਂ ਹੀ ਪੰਜਾਬੀ, ਹਿੰਦੀ, ਸੰਸਕ੍ਰਿਤ, ਉਰਦੂ ਅਤੇ ਅੰਗਰੇਜ਼ੀ ਭਾਸ਼ਾਵਾਂ ਦੇ ਮਾਹਿਰ ਹਨ। ਸੰਸਾਰ ਦੇ ਬਾਕੀ ਧਰਮਾ ਦਾ ਵੀ ਉਨ੍ਹਾਂ ਨੇ ਅਧਿਐਨ ਕੀਤਾ ਹੋਇਆ ਹੈ। ਉਹ ਦੋਵੇਂ ਅਧਿਆਤਮਕਤਾ ਦੇ ਰੰਗ ਵਿਚ ਰੰਗੇ ਹੋਏ ਹਨ, ਜਿਸ ਕਰਕੇ ਭਾਸ਼ਾ ਦੀ ਉਨ੍ਹਾਂ ਨੂੰ ਕੋਈ ਮੁਸ਼ਕਲ ਨਹੀਂ ਆਈ। ਇਸ ਸਮੇਂ ਜਦੋਂ ਸੰਸਾਰ ਵਿਚ ਲੋਕ ਕੁਰਾਹੇ ਪਏ ਹੋਏ ਹਨ। ਸਾਰੇ ਪਾਸੇ ਅੰਧਕਾਰ ਫ਼ੈਲਿਆ ਹੋਇਆ ਹੈ। ਜ਼ਾਤ ਪਾਤ ਦਾ ਬੋਲਬਾਲਾ ਹੈ। ਝੂਠ, ਫ਼ਰੇਬ ਕਰਕੇ ਇਨਸਾਨਾਂ ਵਿਚ ਆਪੋਧਾਪੀ ਫ਼ੈਲੀ ਹੋਈ ਹੈ। ਸ੍ਰੀ ਗੁਰੂ ਨਾਨਕ ਦੇਵ ਵੱਲੋਂ ਕ੍ਰਿਤ ਕਰਨ, ਨਾਮ ਜਪਣ ਅਤੇ ਵੰਡ ਛਕੇ ਦੇ ਦਿੱਤੇ ਮਾਰਗ ਦਰਸ਼ਨ ਤੇ ਚਲਣ ਦੀ ਥਾਂ ਲੋਕ ਵਿਹਲੜ ਬਣ ਗਏ ਹਨ। ਨਾਮ ਜਪਣ ਤੋਂ ਵੀ ਮੁਨਕਰ ਹੋ ਗਏ ਹਨ। ਅਜਿਹੇ ਸਮੇਂ ਇਕ ਅਜਿਹੀ ਪੁਸਤਕ ਦੀ ਲੋੜ ਸੀ, ਜਿਸਨੂੰ ਪੜ੍ਹਕੇ ਗੁਰੂ ਦੀ ਦਿੱਤੀ ਨਸੀਅਤ ਉਪਰ ਪਹਿਰਾ ਦੇ ਸਕਣ। ਪ੍ਰੰਤੂ ਇਸ ਪੁਸਤਕ ਦੀ ਕੀਮਤ ਬਹੁਤ ਜ਼ਿਆਦਾ ਰੱਖੀ ਗਈ ਹੈ। ਪੰਜਾਬ ਸਰਕਾਰ ਨੂੰ ਅਜਿਹੀਆਂ ਪੁਸਤਕਾਂ ਨਾ ਮਾਤਰ ਮੁੱਲ ਉਪਰ ਦੇਣੀਆਂ ਚਾਹੀਦੀਆਂ ਹਨ ਤਾਂ ਜੋ ਡਾ ਰਤਨ ਸਿੰਘ ਜੱਗੀ ਵਰਗੇ ਵਿਦਵਾਨ ਦੀ ਮਿਹਨਤ ਦਾ ਲਾਭ ਉਠਾਇਆ ਜਾ ਸਕੇ ਅਤੇ ਗੁਰੂ ਦੀ ਵਿਚਾਰਧਾਰਾ ਆਮ ਲੋਕਾਂ ਵਿਚ ਪਹੁੰਚ ਸਕੇ। ਇਸ ਪੁਸਤਕ ਦੇ ਆਕਾਰ ਅਤੇ ਕੀਤੇ ਕੰਮ ਨੂੰ ਵੇਖਕੇ ਡਾ ਰਤਨ ਸਿੰਘ ਜੱਗੀ ਦੀ ਘਾਲਣਾ ਅੱਗੇ ਸਿਰ ਝੁਕ ਜਾਂਦਾ ਹੈ ਕਿ ਗੁਰੂ ਨੇ ਇਤਨੀ ਵੱਡੀ ਉਮਰ ਹੋਣ ਦੇ ਬਾਵਜੂਦ, ਉਨ੍ਹਾਂ ਨੂੰ ਇਸ ਪੁਸਤਕ ਨੂੰ ਲਿਖਣ ਦੀ ਅਥਾਹ ਸਮਰੱਥਾ ਬਖ਼ਸ਼ੀ ਹੈ। ਡਾ ਰਤਨ ਸਿੰਘ ਜੱਗੀ ਨੇ ਬੜੀ ਸਰਲ ਭਾਸ਼ਾ ਵਿਚ ਅਰਥ ਕੀਤੇ ਹਨ, ਜਿਹੜੇ ਆਮ ਪਾਠਕ ਦੇ ਸਮਝ ਵਿਚ ਆ ਜਾਂਦੇ ਹਨ। ਉਦਾਹਰਣ ਲਈ ਸਿਰੀ ਰਾਗੁ ਵਿਚ ਪੁਸਤਕ ਦੇ ਪੰਨਾ 79 'ਤੇ ਸਲੋਕ ਹੈ-

ਚਉਥੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਬਿਰਧਿ ਭਇਆ ਤਨੁ ਖੀਣੁ॥
ਅਖੀ ਅੰਧੁ ਨ ਦੀਸਈ ਵਣਜਾਰਿਆ ਮਿਤ੍ਰਾ ਕੰਨੀ ਸੁਣੈ ਨ ਵੈਣ॥
ਅਖੀ ਅੰਧੁ ਜੀਭ ਰਸੁ ਨਾਹੀ ਰਹੇ ਪਰਾਕਉ ਤਾਣਾ॥
ਗੁਣ ਅੰਤਰਿ ਨਾਹੀ ਕਿਉ ਸੁਖੁ ਪਾਵੈ ਮਨਮੁਖ ਆਵਣ ਜਾਣਾ॥
ਖੜੁ ਪਕੀ ਕੁੜਿ ਭਜੈ ਬਿਨਸੈ ਆਇ ਚਲੈ ਕਿਆ ਮਾਣੁ॥
ਕਹੁ ਨਾਨਕ ਪ੍ਰਾਣੀ ਚਉਥੈ ਪਹਰੈ ਗੁਰਮੁਖਿ ਸਬਦ ਪਛਾਣ॥4॥

ਇਸਦੇ ਅਰਥ ਇਸ ਪ੍ਰਕਾਰ ਹਨ-ਹੇ ਵਣਜਾਰੇ ਮਿਤਰ! ਉਮਰ ਦੇ ਚੌਥੇ ਪਹਿਰ ਵਿਚ (ਜੀਵ) ਬਿਰਧ ਹੋ ਜਾਂਦਾ ਹੈ ਅਤੇ ਸਰੀਰ ਕਮਜ਼ੋਰ ਹੋ ਜਾਂਦਾ ਹੈ। ਹੇ ਵਣਜਾਰੇ ਮਿਤਰ! ਅੱਖਾਂ ਅਗੇ ਹਨੇਰਾ ਆ ਜਾਣ ਕਾਰਣ ਦਿਸਦਾ ਨਹੀਂ ਅਤੇ ਕੰਨਾਂ ਰਾਹੀਂ ਬੋਲ ਵੀ ਨਹੀਂ ਸੁਣ ਸਕਦਾ। ਅੱਖਾਂ ਤੋਂ ਅੰਨ੍ਹਾ (ਹੋ ਜਾਂਦਾ ਹੈ) ਅਤੇ ਜੀਭ ਰਸ ਮਾਣਨ (ਦੀ ਰੁਚੀ) ਨਹੀਂ ਰਹਿੰਦੀ, ਸ਼ਕਤੀ ਅਤੇ ਪਰਾਕ੍ਰਮ/ ਉਦਮ ਮੁਕ ਜਾਂਦੇ ਹਨ। ਹਿਰਦੇ ਵਿਚ ਗੁਣ ਨਹੀਂ ਹੁੰਦੇ, (ਫਿਰ) ਉਹ ਮਨਮੁਖ ਕਿਵੇਂ ਸੁਖ ਪ੍ਰਾਪਤ ਕਰ ਸਕਦਾ ਹੈ, (ਬਸ) ਆਵਾਗਵਣ ਦੇ ਚੱਕਰ ਵਿਚ (ਪਿਆ ਰਹਿੰਦਾ ਹੈ)। (ਉਮਰ ਰੂਪ) ਖੇਤੀ ਦੇ ਪਕ ਜਾਣ 'ਤੇ ਕੁੜਕ ਕੇ ਟੁੱਟ ਜਾਂਦਾ ਹੈ (ਭਾਵ ਮ੍ਰਿਤੂ ਹੋ ਜਾਂਦੀ ਹੈ)। (ਸੰਸਾਰ ਵਿਚ) ਜਨਮ ਲੈ ਕੇ ਫਿਰ ਚਲੇ ਜਾਣ ਵਿਚ ਕੋਈ ਮਾਣ ਦੀ ਗੱਲ ਨਹੀਂ ਹੁੰਦੀ। ਨਾਨਕ ਦਾ ਕਥਨ ਹੈ ਕਿ ਹੇ ਪ੍ਰਣੀ! (ਜੀਵਨ ਦੇ) ਚੌਥੇ ਪਹਿਰ ਵਿਚ ਗੁਰੂ ਦੀ ਸਿਖਿਆ ਅਨੁਸਾਰ ਸ਼ਬਦ ਦੀ ਪਛਾਣ ਕਰ।4।

ਡਾ ਰਤਨ ਸਿੰਘ ਜੱਗੀ ਨੇ ਸਰਲ ਢੰਗ ਨਾਲ ਅਰਥ ਦੱਸੇ ਹਨ। ਇਤਨੇ ਵੱਡੇ ਵਿਦਵਾਨ ਦਾ ਆਮ ਪਾਠਕਾਂ ਦੇ ਪੱਧਰ ਤੇ ਪਹੁੰਚਕੇ ਲਿਖਣਾ ਮੁਸ਼ਕਲ ਹੁੰਦਾ ਹੈ ਪ੍ਰੰਤੂ ਡਾ ਜੱਗੀ ਆਮ ਪਾਠਕ ਦੀ ਨਬਜ਼ ਨੂੰ ਸਮਝਦੇ ਹਨ। ਇਸ ਕਰਕੇ ਉਨ੍ਹਾਂ ਨੇ ਉਨ੍ਹਾਂ ਦੀ ਲੋੜ ਅਨੁਸਾਰ ਸਾਧਨਾ ਕਰਕੇ ਸਫਲਤਾ ਪ੍ਰਾਪਤ








ਡਾ. ਰਤਨ ਸਿੰਘ ਜੱਗੀ



ਉਜਾਗਰ ਸਿੰਘ
91-94178-13072

# ਵੀਰ ਕੁਲਵੰਤ ਸਿੰਘ ਸੂਬਾ ਪ੍ਰਧਾਨ ਨਿਯੁਕਤ

**ਸ਼ਾਹਕੋਟ-** ਸ਼੍ਰੋਮਣੀ ਰੰਘਰੇਟਾ ਦਲ ਪੰਜਾਬ ਵੱਲੋਂ ਸਨਮਾਨ ਸਮਾਰੋਹ ਕਰਵਾਇਆ ਗਿਆ। ਸਮਾਗਮ ਦੀ ਸ਼ੁਰੂਆਤ ਨਿਰਮਲ ਢੰਡੋਵਾਲੀਆ ਨੇ ਧਾਰਮਿਕ ਗੀਤ ਰਾਹੀਂ ਕੀਤੀ। ਇਸ ਮੌਕੇ ਜਸਵੰਤ ਸਿੰਘ ਅਤੇ ਸੰਦੀਪ ਸਿੰਘ ਨੇ ਵੀ ਸ਼ਬਦ ਗਾਹਿਨ ਕੀਤਾ। ਇਸ ਮੌਕੇ ਡਾ. ਰਾਗਨੀ ਸ਼ਰਮਾ (ਪੀ. ਐਚ. ਡੀ. ਸ਼ਹੀਦ ਭਾਈ ਜੀਵਨ ਸਿੰਘ), ਪ੍ਰੋਫੈਸਰ ਰਵਿੰਦਰ ਕੁਮਾਰ (ਵਾਲਮੀਕ ਚੇਅਰ ਪਟਿਆਲਾ ਯੂਨੀਵਰਸਿਟੀ), ਭਾਈ ਜਸਵੀਰ ਸਿੰਘ ਖਾਲਸਾ (ਹਜ਼ੂਰੀ ਰਾਗੀ), ਇਨਕਲਾਬੀ ਕਵੀ ਸੋਹਣ ਸਿੰਘ ਕਲਿਆਣ, ਪਰਨੀਤ ਸਿੰਘ (ਡਾਇਰੈਕਟਰ ਡਿਫੈਂਸ ਮਨਿਸਟਰੀ ਬਠਿੰਡਾ) ਨੇ ਸੰਬੋਧਨ ਕੀਤਾ।

ਇਸ ਮੌਕੇ ਸ਼੍ਰੋਮਣੀ ਰੰਘਰੇਟਾ ਦਲ ਪੰਜਾਬ ਵੱਲੋਂ ਵੀਰ ਕੁਲਵੰਤ ਸਿੰਘ ਕੰਤਾ ਢੰਡੋਵਾਲ ਨੂੰ ਸਟੇਜ 'ਤੇ ਪੱਗ ਬੰਨ੍ਹ ਕੇ ਸ਼੍ਰੋਮਣੀ ਰੰਘਰੇਟਾ ਦਲ ਯੂਥ ਵਿੰਗ ਦਾ ਸੂਬਾ ਪ੍ਰਧਾਨ, ਲਾਲਾ ਕੁਰਾਲੀ ਅਤੇ ਲਖਵੀਰ ਸਿੰਘ ਲੱਖਾ ਨੂੰ ਵਾਈਸ ਪ੍ਰਧਾਨ ਬਣਾਇਆ ਗਿਆ। ਇਸ ਮੌਕੇ ਯੂਥ ਵਿੰਗ ਦੇ ਨਵ-ਨਿਯੁਕਤ ਕੀਤੇ ਪ੍ਰਧਾਨ ਕੁਲਵੰਤ ਸਿੰਘ ਕੰਤਾ ਨੇ ਸੰਬੋਧਨ ਕਰਦਿਆਂ ਕਿਹਾ ਕਿ



ਸ਼੍ਰੋਮਣੀ ਰੰਘਰੇਟਾ ਦਲ ਪੰਜਾਬ ਵੱਲੋਂ ਦਿੱਤੀ ਗਈ ਜ਼ਿੰਮੇਵਾਰੀ ਨੂੰ ਇਮਾਨਦਾਰੀ ਨਾਲ ਨਿਭਾਵਾਂਗੇ ਅਤੇ ਸਮਾਜ ਦੇ ਨਾਲ ਹਰ ਦੁੱਖ ਸੁੱਖ ਵਿਚ ਸ਼ਾਮਲ ਹੋਵਾਂਗੇ। ਇਸ ਮੌਕੇ ਬਲਬੀਰ ਸਿੰਘ ਚੀਮਾ ਸੂਬਾ ਪ੍ਰਧਾਨ ਸ਼੍ਰੋਮਣੀ ਰੰਘਰੇਟਾ ਦਲ, ਸੁਰਜੀਤ ਸਿੰਘ ਸਾਬਕਾ ਸਰਪੰਚ ਢੰਡੋਵਾਲ, ਸੁਖਦੇਵ ਰਾਜ ਸਰਪੰਚ ਨੰਗਲ ਅੰਬੀਆਂ, ਅਮਰਜੀਤ ਸਿੰਘ ਸਰਪੰਚ ਹਾਜ਼ੀਪੁਰ, ਜੋਗਿੰਦਰ ਸਿੰਘ ਟਾਈਗਰ ਸਰਪੰਚ ਕੋਟਲੀ ਗਾਜਰਾਂ, ਡਾ. ਵਲੀਅਮ ਜੌਨ ਮੀਤ ਪ੍ਰਧਾਨ ਕ੍ਰਿਸਚੀਅਨ ਮੂਵਮੈਂਟ, ਭਾਈ ਸਤਨਾਮ ਸਿੰਘ ਹੁਸੈਨਪੁਰ ਵਾਲੇ, ਰੋਮੀ ਗਿੱਲ ਕੌਂਸਲਰ, ਠੇਕੇਦਾਰ ਮੰਗਾ ਸਾਬਕਾ ਕੌਂਸਲਰ, ਭੂਸ਼ਣ ਸਿੱਧੂ ਨਕੋਦਰ, ਸਾਈਂ ਤਿਲਕ ਰਾਜ ਕੰਨੀਆਂ, ਠਾਕੁਰ ਸਾਈਂ, ਸੁੱਚਾ ਗਿੱਲ, ਜੱਸਾ ਨਾਹਰ ਜਸਵਿੰਦਰ ਗਿੱਲ ਨੰਬਰਦਾਰ, ਸਾਜਨ ਬੰਗਾ, ਮੰਗਾ ਮੱਟੂ, ਚਰਨਜੀਤ ਸਲੈਚਾ, ਪਵਨ ਮੀਂਏਵਾਲ, ਜਗਦੀਸ਼ ਸਾਂਦਾ, ਨਰੇਸ਼ ਸੱਭਰਵਾਲ, ਕੁਲਵੰਤ ਕੰਤੀ, ਕਪਿਲ ਚੋਪੜਾ, ਅਮਨਦੀਪ ਸੈਦਪੁਰੀ, ਮਹਿਤਪੁਰ, ਲੋਹੀਆਂ ਤੋਂ ਯੂਥ ਆਗੂ ਅਤੇ ਨਿਹੰਗ ਸਿੰਘ ਵੱਡੀ ਗਿਣਤੀ ਵਿਚ ਹਾਜ਼ਰ ਸਨ।

# ਵਿਚਰਨ ਯੋਗ ਮੁੱਦਿਆਂ ਤੋਂ ਮੂੰਹ ਮੋੜੀ ਬੈਠੀ ਮੌਜੂਦਾ ਭਾਰਤੀ ਸੰਸਦ



ਗੁਰਮੀਤ ਪਲਾਹੀ
91-98158-02070

ਭਾਰਤੀ ਸੰਸਦ ਵਿਚ ਵਿਚਾਰਨਯੋਗ ਮੁੱਦਿਆਂ ਨੂੰ ਛੱਡ ਕੇ ਦੇਸ਼ ਦੀ ਵਿਰੋਧੀ ਧਿਰ, ਪੈਗਾਸਸ ਜਾਸੂਸੀ ਨੂੰ ਲੈ ਕੇ ਲੋਕ ਸਭਾ ਅਤੇ ਰਾਜ ਸਭਾ ਦਾ ਕੰਮ ਰੋਕੀ ਬੈਠੀ ਹੈ। ਕੰਮ ਰੋਕਣ ਦੀ ਆੜ ਵਿਚ ਹਾਕਮ ਧਿਰ ਕਈ ਇਹੋ ਜਿਹੇ ਬਿੱਲ ਲੋਕ ਸਭਾ, ਰਾਜ ਸਭਾ 'ਚ ਬਿਨਾਂ ਬਹਿਸ ਪਾਸ ਕਰਵਾ ਗਈ, ਜਿਹਨਾ ਉੱਤੇ ਵੱਡੀ ਬਹਿਸ ਦੀ ਲੋੜ ਸੀ।

ਸੰਸਦ ਵਿਚ ਕੋਵਿਡ ਨੂੰ ਰੋਕਣ ਲਈ ਮੋਦੀ ਸਰਕਾਰ ਨੇ ਕੀ ਗਲਤੀਆਂ ਕੀਤੀਆਂ, ਟੀਕਿਆਂ ਦੀ ਕਮੀ ਕਿਵੇਂ ਰਹੀ, ਆਰਥਿਕ ਮੰਦੀ ਦਾ ਦੇਸ਼ ਉੱਤੇ ਕੀ ਪ੍ਰਭਾਵ ਪਿਆ, ਬੇਰੁਜ਼ਗਾਰੀ ਵਾਧੇ ਦੇ ਖ਼ਤਰਨਾਕ ਰੁਝਾਨ ਬਾਰੇ ਸੰਸਦ ਵਿੱਚ ਗੰਭੀਰ ਚਰਚਾ ਦੀ ਲੋੜ ਸੀ। ਖੇਤੀ ਦੇ ਕਾਲੇ ਕਾਨੂੰਨ, ਜਿਹਨਾ ਨੂੰ ਤੱਟ-ਫੱਟ ਸੰਸਦ ਦੇ ਦੋਵੇਂ ਸਦਨਾਂ 'ਚ ਪਾਸ ਕਰਵਾ ਲਿਆ ਗਿਆ ਸੀ ਅਤੇ ਜਿਸ ਸਬੰਧੀ 8 ਮਹੀਨਿਆਂ ਤੋਂ ਕਿਸਾਨ ਦਿੱਲੀ ਦੀਆਂ ਬਰੂਹਾਂ ਉੱਤੇ ਹੀ ਨਹੀਂ ਬੈਠੇ ਸਗੋਂ ਬਰਾਬਰ ਕਿਸਾਨ ਸੰਸਦ ਦਿੱਲੀ ਦੇ ਜੰਤਰ ਮੰਤਰ 'ਚ ਲਗਾਈ ਬੈਠੇ ਹਨ, ਬਾਰੇ ਵਿਸ਼ੇਸ਼ ਚਰਚਾ ਦੀ ਵੀ ਲੋੜ ਸੀ।

ਪਰ ਜਾਪਦਾ ਹੈ ਕਿ ਜਿਵੇਂ 2019 ਦੇ ਲੋਕ ਸਭਾ ਚੋਣਾਂ ਤੋਂ ਪਹਿਲਾਂ ਰੀਫੇਲ ਜਹਾਜ਼ਾਂ ਦੀ ਖਰੀਦਦਾਰੀ ਦਾ ਕਥਿਤ ਘੋਟਾਲਾ ਬੇਮਤਲਬ ਸਾਬਤ ਹੋਇਆ ਇਵੇਂ ਹੀ ਪੈਗਾਸਸ ਜਾਸੂਸੀ ਮਾਮਲੇ ਸਬੰਧੀ ਵਿਰੋਧੀ ਧਿਰ ਦੀ ਰੁਕਾਵਟ ਵੀ ਠੁਸ ਹੋ ਕੇ ਰਹਿ ਜਾਏਗੀ ਅਤੇ ਇਸ ਸਭ ਕੁਝ ਦਾ ਲਾਹਾ ਲੈ ਕੇ ਮੋਦੀ ਸਰਕਾਰ ਲੋਕ ਸਭਾ, ਰਾਜ ਸਭਾ 'ਚ ਆਪਣੇ ਉਲੀਕੇ ਟੀਚੇ ਅਨੁਸਾਰ ਬਿੱਲ ਪਾਸ ਕਰਵਾ ਲਵੇਗੀ। ਜਿਹੜੀ ਇਸੇ ਤਾਕ ਵਿੱਚ ਬੈਠੀ ਹੈ ਕਿ ਹਨ੍ਹੇਰੇ ਵਿੱਚ ਰੱਖਕੇ ਹੀ ਕਾਲੇ ਨੂੰ ਚਿੱਟਾ ਕਰ ਲਿਆ ਜਾਵੇ।

ਖ਼ਾਸ ਕਰਕੇ ਉਤਰ ਪ੍ਰਦੇਸ਼ ਵਿਚ ਕੋਵਿਡ ਦੀ ਦੂਜੀ ਲਹਿਰ ਦੇ ਸਮੇਂ ਹਸਪਤਾਲਾਂ 'ਚ ਬਿਸਤਰਿਆਂ ਦੀ ਕਮੀ ਰਹੀ। ਆਕਸੀਜਨ ਦੀ ਸਪਲਾਈ 'ਚ ਰੁਕਾਵਟ ਵੇਖਣ ਨੂੰ ਮਿਲੀ। ਨਦੀ "ਗੰਗਾ" ਦੇ ਕਿਨਾਰੇ ਸੈਂਕੜੇ ਲਾਸ਼ਾਂ ਦਫਨਾਈਆਂ ਗਈਆਂ। ਯੂ ਪੀ ਦਾ ਕੋਈ ਵੀ ਪਿੰਡ ਸ਼ਹਿਰ ਕੋਵਿਡ ਦੇ ਪ੍ਰਛਾਵੇਂ ਤੋਂ ਬਚ ਨਹੀਂ ਸਕਿਆ। ਯੂ ਪੀ 'ਚ ਹੀ ਨਹੀਂ ਪੂਰੇ ਦੇਸ਼ ਵਿਚ ਥਾਂ-ਥਾਂ ਆਕਸੀਜਨ ਦੀ ਕਮੀ, ਹਸਪਤਾਲਾਂ 'ਚ ਬਿਸਤਰਿਆਂ ਦੀ ਕਮੀ ਅਤੇ ਪ੍ਰਾਈਵੇਟ ਹਸਪਤਾਲਾਂ ਵਲੋਂ ਮਰੀਜ਼ਾਂ ਦੀ ਲੁੱਟ ਦੇ ਦਰਦਨਾਕ ਦ੍ਰਿਸ਼ ਵੇਖਣ ਨੂੰ ਮਿਲੇ।

ਦੇਸ਼ ਦੀ ਸਰਕਾਰ, ਸੁਪਰੀਮ ਕੋਰਟ 'ਚ ਕੋਵਿਡ-19 ਨਾਲ ਮਰਨ ਵਾਲਿਆਂ ਦੇ ਅਧਿਕਾਰਤ ਅੰਕੜੇ ਪੇਸ਼ ਨਹੀਂ ਕਰ ਸਕੀ। ਸਰਕਾਰ ਤਾਂ ਇਹ ਵੀ ਵਾਅਦਾ ਭਾਰਤੀ ਸੁਪਰੀਮ ਕੋਰਟ 'ਚ ਨਹੀਂ ਕਰ ਸਕੀ ਕਿ ਕੋਵਿਡ ਮਹਾਂਮਾਰੀ ਜੋ ਰਾਸ਼ਟਰੀ ਬਿਪਤਾ ਸੀ ਉਸ ਨਾਲ ਮਰਨ ਵਾਲਿਆਂ ਦੇ ਪਰਿਵਾਰਾਂ ਨੂੰ ਕਿੰਨੀ ਰਾਹਤ ਦੇਣੀ ਹੈ? ਅਤੇ ਕਿੰਨੇ ਇਸ ਮਹਾਂਮਾਰੀ ਦੀ ਭੇਂਟ ਚੜ੍ਹੇ ਹਨ। ਸਰਕਾਰੀ ਗਿਣਤੀ ਹਜ਼ਾਰਾ 'ਚ ਹੈ ਜਦਕਿ ਇੱਕ ਅਮਰੀਕੀ ਏਜੰਸੀ ਸਰਵੇ ਅਨੁਸਾਰ ਮਰਨ ਵਾਲਿਆਂ ਦੀ ਗਿਣਤੀ ਲੱਖਾਂ 'ਚ ਹੈ।

ਇਹ ਮਸਲਾ ਲੋਕ ਸਭਾ, ਰਾਜ ਸਭਾ 'ਚ ਵਿਰੋਧੀ ਧਿਰ ਦੇ ਮੈਂਬਰਾਂ ਵਲੋਂ ਤੱਥਾਂ ਸਹਿਤ ਵਿਚਾਰਿਆ ਜਾਣ ਵਾਲਾ ਸੀ। ਸਰਕਾਰ ਦੀਆਂ ਕੋਵਿਡ-19 ਨਾਲ ਨਿਪਟਣ ਦੀਆਂ ਨਾਕਾਮੀਆਂ ਨੂੰ ਲੋਕਾਂ ਸਾਹਮਣੇ ਦਰਸਾਉਣ ਦੀ ਲੋੜ ਸੀ। ਆਮ ਆਦਮੀ ਦੇ ਦਰਦ ਨੂੰ ਲੋਕਾਂ ਸਾਹਮਣੇ ਲਿਆਉਣ ਦਾ ਇਹ ਸਮਾਂ ਸੀ। ਪਰ ਇਹਨਾ ਨਾਕਾਮੀਆਂ ਨੂੰ ਜਿਵੇਂ ਮੋਦੀ ਸਰਕਾਰ ਦੀ ਨਕਲ ਕਰਦਿਆਂ ਯੋਗੀ ਨਾਥ ਨੇ ਝੂਠ ਨੂੰ ਸੱਚ 'ਚ ਬਦਲਣ ਦਾ ਯਤਨ ਕੀਤਾ ਹੈ। ਤੇ ਇਹ ਦੱਸਣ ਦਾ ਯਤਨ ਕੀਤਾ ਹੈ ਕਿ ਯੂਪੀ ਕੋਵਿਡ-19 ਨੂੰ ਰੋਕਣ 'ਚ ਕਾਮਯਾਬ ਹੋਇਆ ਹੈ, ਉਵੇਂ ਹੀ ਕੁਝ ਹੋਰ ਰਾਜ ਸਰਕਾਰਾ ਨੇ ਵੀ ਇੰਜ ਹੀ ਕੀਤਾ ਹੈ। ਕੀ ਇਹ ਸੱਚ ਲੋਕਾਂ ਸਾਹਮਣੇ ਨਹੀਂ ਆਉਣਾ ਚਾਹੀਦਾ?

ਸੰਸਦ ਵਿਚ ਇਹ ਤਾਂ ਪੁੱਛਿਆ ਹੀ ਜਾਣਾ ਚਾਹੀਦਾ ਸੀ ਕਿ ਲੋਕਾਂ ਨੂੰ ਲਗਵਾਉਣ ਵਾਲੇ ਕੋਵਾਸ਼ੀਲਡ ਟੀਕੇ ਆਖ਼ਰ ਕਿਥੇ ਹਨ? ਦੇਸ਼ ਵਾਸੀਆਂ ਨੂੰ ਛੱਡਕੇ ਇਹ ਟੀਕੇ ਵਿਦੇਸ਼ਾਂ ਨੂੰ ਕਿਉਂ ਵੇਚੇ ਗਏ? ਲੋਕ ਟੀਕੇ ਉਡੀਕ ਰਹੇ ਹਨ, ਪਰ ਟੀਕਾ ਕਰਨ ਦੀ ਰਫਤਾਰ ਢਿੱਲੀ ਕਿਉਂ ਹੈ?

ਥਾਂ-ਥਾਂ ਮੋਦੀ ਦੀ ਮੁਸਕਰਾਉਂਦੇ ਹੋਈ ਕੋਵਿਡ ਫ਼ਤਿਹ ਦੀ ਤਸਵੀਰ ਵੇਖਣ ਤੋਂ ਬਾਅਦ ਇਹ ਵੀ ਤਾਂ ਪੁੱਛਿਆ ਜਾਣਾ ਬਣਦਾ ਹੈ ਕਿ ਕੋਵਿਡ- 19 ਦੀ ਤੀਜੀ ਲਹਿਰ ਨੂੰ ਨਿਪਟਣ ਦਾ ਕੀ ਪ੍ਰਬੰਧ ਹੈ, ਪਹਿਲੀਆਂ ਦੋ ਲਹਿਰਾਂ 'ਚ ਤਾਂ ਮੋਦੀ ਫੇਲ੍ਹ ਹੋਏ ਹਨ? ਪਰ ਜਾਪਦਾ ਹੈ ਕਿ ਵਿਰੋਧੀ ਨੇਤਾ ਲੋਕਾਂ ਦੇ ਮੁੱਦੇ ਹੀ ਭੁੱਲ ਗਏ ਹਨ।

ਦੇਸ਼ ਦੇ ਸਾਹਮਣੇ ਕੋਵਿਡ-19 ਨਾਲ ਜੁੜਿਆ ਇਕ ਵੱਡਾ ਸਵਾਲ ਆਨਲਾਈਨ ਪੜ੍ਹਾਈ ਦਾ ਹੈ ਜੋ ਕਰੋਨਾ ਦੇ ਕਾਰਨ ਸਿੱਖਿਆ ਦਾ ਬਦਲ ਬਣੀ ਹੈ।ਪਰ ਪੇਂਡੂ ਭਾਰਤ ਅਤੇ ਸਲੱਮ ਭਾਰਤ ਵਿਚ ਵੱਡੀ ਆਬਾਦੀ ਆਨਲਾਈਨ ਪੜ੍ਹਾਈ ਤੋਂ ਵਿਰਵੀ ਹੈ, ਕਿਉਂਕਿ ਗਰੀਬ ਬੱਚਿਆਂ ਕੋਲ ਨਾ ਹੀ ਇੰਟਰਨੈਟ ਹੈ ਅਤੇ ਨਾ ਹੀ ਸਮਾਰਟ ਫੋਨ ਹਨ। ਸਾਲ 2017-18 ਦੇ ਸਰਵੇ ਅਨੁਸਾਰ ਦੇਸ਼ ਵਿੱਚ ਕੇਵਲ 24 ਫ਼ੀਸਦੀ ਪਰਿਵਾਰਾਂ ਕੋਲ ਹੀ ਇੰਟਰਨੈਟ ਕੁਨੈਕਸ਼ਨ ਹੈ। 2019-20 ਦੀ ਇੱਕ ਰਿਪੋਰਟ ਅਨੁਸਾਰ ਦੇਸ਼ ਦੇ 15 ਲੱਖ ਸਕੂਲਾਂ ਵਿਚੋਂ ਸਿਰਫ਼ 38.54 ਫ਼ੀਸਦੀ ਸਕੂਲਾਂ ਕੋਲ ਕੰਪਿਊਟਰ ਉਪਲੱਬਧ ਹਨ। ਹਕੀਕਤ ਇਹ ਹੈ ਕਿ ਦੇਸ਼ ਦੇ ਸਰਕਾਰੀ ਸਕੂਲਾਂ 'ਚ ਪੜ੍ਹਨ ਵਾਲੇ ਬੱਚੇ ਸਮਾਜ ਦੇ ਘੱਟ ਆਮਦਨ ਗਰੁੱਪ ਨਾਲ ਸਬੰਧਤ ਹਨ। ਕੋਵਿਡ-19 ਕਾਰਨ ਬੱਚਿਆਂ ਗਰੀਬ ਬੱਚਿਆਂ ਦਾ ਸਕੂਲ ਜਾਣਾ ਬੰਦ ਹੋਇਆ। ਉਹਨਾਂ ਦਾ ਦੁਪਿਹਰ ਦਾ ਭੋਜਨ ਉਹਨਾ ਨੂੰ ਨਹੀਂ ਮਿਲਿਆ।

ਅਨਪੜ੍ਹਤਾ ਦਾ ਇੱਕ ਡੰਡਾ ਅਤੇ ਭੁੱਖ ਉਹਨਾ ਦੇ ਪੱਲੇ ਪਈ। ਕਰੋਨਾ ਨੇ ਕਈ ਗਰੀਬ ਬੱਚਿਆਂ ਦੇ ਮਾਪੇ ਉਹਨਾ ਤੋਂ ਖੋਹ ਲਏ, ਕਿਉਂਕਿ ਇਲਾਜ ਦਾ ਕੋਈ ਪ੍ਰਬੰਧ ਨਹੀਂ ਸੀ ਅਤੇ ਸਭ ਤੋਂ ਵੱਡੀ ਗੱਲ ਇਹ ਕਿ ਸਰਕਾਰ ਬੇਬਸ ਹੋਈ, ਆਪਣਾ ਮੂੰਹ ਛੁਪਾਈ, ਆਪਣੇ ਦਫ਼ਤਰਾਂ 'ਚ ਬੈਠੀ ਸੀ। ਇਹ ਸਭ ਕੁਝ ਕੀ ਵਿਰੋਧੀ ਧਿਰ ਸਮਝ ਨਹੀਂ ਸਕੀ? ਕੀ ਉਹ ਇਹ ਵੀ ਨਹੀਂ ਸਮਝ ਸਕੀ ਕਿ ਭਾਰਤ ਦੀ ਅਰਥ ਵਿਵਸਥਾ ਕੋਵਿਡ ਕਾਰਨ ਬਦ ਤੋਂ ਬਦਤਰ ਹੋਈ ਤੇ ਸਰਕਾਰ ਲੋਕਾਂ ਨੂੰ ਅੰਕੜਿਆਂ 'ਚ ਉਲਝਾਕੇ ਗੱਲੀਂ-ਬਾਤੀਂ ਸਹਾਇਤਾ ਦੇਣ ਦੇ ਨਾਮ ਉੱਤੇ ਉਹਨਾ ਨੂੰ ਭਰਮ ਜਾਲ 'ਚ ਫਸਾਉਂਦੀ ਰਹੀ।

ਅਰਬਾਂ ਖਰਬਾਂ ਦੇ ਰਿਆਇਤ ਪੈਕਜਾਂ ਨਾਲ ਲੋਕਾਂ ਦੇ ਢਿੱਡ ਭਰਦੀ ਰਹੀ। ਕੀ ਵਿਰੋਧੀ ਧਿਰ ਇਹ ਨਹੀਂ ਜਾਣ ਸਕੀ ਕਿ ਭੈੜੀ ਅਰਥ ਵਿਵਸਥਾ ਦੇ ਚਲਦਿਆਂ, ਲੋਕਾਂ ਨੂੰ ਨੌਕਰੀਆਂ ਦੇ ਘੱਟ ਮੌਕੇ ਮਿਲੇ ਹਨ। ਬੇਰੁਜ਼ਗਾਰੀ 'ਚ ਵਾਧਾ ਹੋਇਆ। ਇਸ ਵਿੱਚ ਵੀ ਪੜ੍ਹੇ-ਲਿਖੇ ਲੋਕਾਂ ਦਾ ਬੁਰਾ ਹਾਲ ਹੈ। ਇਕ ਸਰਵੇ ਅਨੁਸਾਰ ਜਿਹਨਾ ਰਾਜਾਂ 'ਚ ਬੇਰੁਜ਼ਗਾਰੀ ਸਭ ਤੋਂ ਵੱਧ ਵਧੀ ਹੈ, ਉਹਨਾ ਦੀ ਅਗਵਾਈ ਭਾਜਪਾ ਸਰਕਾਰਾਂ ਰਾਜ ਕਰਦੀਆਂ ਹਨ।

ਅੰਕੜਿਆਂ ਮੁਤਾਬਿਕ ਸਾਰੇ ਰਾਜਾਂ 'ਚ ਔਸਤ ਬੇਰੁਜ਼ਗਾਰੀ ਦਰ 4.8 ਫੀਸਦੀ ਰਹੀ। ਇਹਨਾ ਵਿਚ ਗਰੇਜੂਏਟਾਂ ਦੀ ਬੇਰੁਜ਼ਗਾਰੀ ਦਰ 17.2 ਫੀਸਦੀ ਹੈ। ਪੋਸਟ ਗਰੇਜੂਏਟਾਂ ਦੀ ਬੇਰੁਜ਼ਗਾਰੀ ਦਰ 12.9 ਫੀਸਦੀ ਹੈ। ਇਸ ਤੋਂ ਪਹਿਲਾਂ ਇੰਡੀਆ ਸਕਿੱਲਜ਼ ਰਿਪੋਰਟ 2021 ਵਿਚ ਕਿਹਾ ਗਿਆ ਸੀ ਕਿ 50 ਫੀਸਦੀ ਤੋਂ ਵੱਧ ਗਰੇਜੁਏਟ ਨੌਕਰੀ ਦੇ ਲਾਇਕ ਨਹੀਂ ਹਨ।ਇਹ ਅੰਕੜਾ ਤਿੰਨ ਸਾਲ ਵਿਚ ਸਭ ਤੋਂ ਹੇਠਲੀ ਪੱਧਰ ਦਾ ਹੈ। ਕੀ ਕਾਂਗਰਸ ਪਾਰਟੀ ਜੋ ਰਾਸ਼ਟਰੀ ਪੱਧਰ ਦੀ ਪਾਰਟੀ ਹੈ, ਇਹੋ ਜਿਹੇ ਮੁੱਦੇ ਆਪਣੇ ਏਜੰਡੇ 'ਚ ਨਹੀਂ ਲਿਆ ਸਕਦੀ, ਕਿਉਂਕਿ ਦੇਸ਼ 'ਚ ਹੋਰ ਕੋਈ ਵੀ ਵਿਰੋਧੀ ਧਿਰ ਦੇ ਲੋਕ, ਰਾਸ਼ਟਰੀ ਪੱਧਰ ਉੱਤੇ ਆਪਣੀ ਹੋਂਦ ਦਰਸਾ ਨਹੀਂ ਸਕੇ।

ਪਿਛਲੇ ਲੰਮੇ ਸਮੇਂ ਤੋਂ ਦੇਸ਼ ਦੀ ਹਕੂਮਤ ਤਾਨਾਸ਼ਾਹ ਸਰਕਾਰ ਵਜੋਂ ਕੰਮ ਕਰ ਰਹੀ ਹੈ। ਨੋਟਬੰਦੀ ਕਾਰਨ ਹੋਈ ਖਜ਼ਲਖੁਆਰੀ, 370 ਧਾਰਾ ਦਾ ਖਤਮ ਕਰਨਾ, ਖੇਤੀ ਦੇ ਤਿੰਨ ਕਾਲੇ ਕਾਨੂੰਨਾਂ ਦਾ ਪਾਸ ਕਰਨਾ ਆਦਿ ਇਹੋ ਜਿਹੇ ਮੁੱਦੇ ਹਨ, ਜਿਹੜੇ ਕੇਂਦਰੀ ਭਾਜਪਾ ਸਰਕਾਰ ਨੇ ਵੱਡੇ ਬਹੁਮਤ ਨਾਲ ਪਾਸ ਕੀਤੇ ਅਤੇ ਲਾਗੂ ਕਰਨ ਦਾ ਯਤਨ ਕੀਤਾ। ਇਹਨਾ ਸਬੰਧੀ ਦੇਸ਼ ਦੀ ਵਿਰੋਧੀ ਧਿਰ ਵਲੋਂ ਨਾ ਤਾਂ ਸੰਸਦ ਵਿਚ ਅਤੇ ਨਾ ਹੀ ਸੰਸਦ ਤੋਂ ਬਾਹਰ ਕੋਈ ਵਿਆਪਕ ਵਿਰੋਧ ਦਰਜ਼ ਕੀਤਾ ਜਾ ਸਕਿਆ।

ਹੁਣ ਜਦੋਂ ਸੰਸਦ ਦਾ ਇਜਲਾਸ ਚੱਲ ਰਿਹਾ ਸੀ ਤਾਂ ਲੋੜ ਇਸ ਗੱਲ ਦੀ ਸੀ ਕਿ ਉਪਰੋਕਤ ਮੁੱਦਿਆਂ ਸਮੇਤ ਕੋਵਿਡ-19 ਦੇ ਪਹਿਲੇ ਦੂਜੇ ਪੜ੍ਹਾਅ ਨੂੰ ਸੰਭਾਲਣ ਤੇ ਨਜਿੱਠਣ 'ਚ ਨਾਕਮਯਾਬੀ ਨੂੰ ਲੋਕਾਂ ਸਮੇਂ ਲਿਆਂਦਾ ਜਾਂਦਾ। ਸੰਸਦ ਹੀ ਇਕੋ ਇਕ ਅਜਿਹਾ ਪਲੇਟਫਾਰਮ ਹੈ ਜਿਥੇ ਦੇਸ਼ ਦੁਨੀਆਂ ਸਾਹਮਣੇ ਹਕੂਮਤੀ ਕਾਲੇ-ਕਾਰਨਾਮੇ ਲਿਆਂਦੇ ਜਾ ਸਕਦੇ ਹਨ। ਇਸ ਤੋਂ ਬਾਅਦ ਹੀ ਲੋਕ ਕਚਹਿਰੀ 'ਚ ਮਸਲੇ ਲਿਆਂਦੇ ਜਾਦੇ ਹਨ ਅਤੇ ਲੋਕ ਲਹਿਰਾਂ ਉਸਾਰੀਆਂ ਜਾਂਦੀਆਂ ਹਨ।

ਇਹ ਤਸੱਲੀ ਵਾਲੀ ਗੱਲ ਹੈ ਕਿ ਤਿੰਨੇ ਕਾਲੇ ਖੇਤੀ ਕਾਨੂੰਨਾਂ ਦੇ ਵਿਰੋਧ ਵਿਚ ਵਿਆਪਕ ਲਹਿਰ ਦੇਸ਼ ਦੀਆਂ ਕਿਸਾਨ ਜਥੇਬੰਦੀਆਂ ਨੇ ਉਸਾਰੀ ਹੈ। ਕਿਸਾਨ ਸੰਸਦ ਇਸਦੀ ਵੱਡੀ ਉਦਾਹਰਨ ਗਿਣੀ ਜਾ ਸਕਦੀ ਹੈ।

ਬਿਨਾ ਸ਼ੱਕ ਦੇਸ਼ ਦੀ ਵਿਰੋਧੀ ਧਿਰ ਇਕਮੁੱਠ ਹੋ ਕੇ ਸੰਸਦ ਦੀ ਕਾਰਵਾਈ ਚੱਲਣ ਨਹੀਂ ਦੇ ਰਹੀ ਪਰ ਚੋਰ-ਮੋਰੀ ਰਾਹੀਂ ਕੇਂਦਰੀ ਹਕੂਮਤ ਉਹ ਬਿੱਲ ਪਾਸ ਕਰਵਾ ਰਹੀ ਹੈ, ਜਿਹੜੇ ਲੋਕ ਹਿੱਤ ਵਿਚ ਨਹੀਂ ਹਨ । ਬਿਜਲੀ ਬਿੱਲ ਉਹਨਾ ਵਿਚੋਂ ਇਕ ਹੈ।ਜਿਸਦਾ ਵਿਰੋਧ ਦੇਸ਼ ਦੀ ਕਿਸਾਨ ਜਥੇਬੰਦੀਆਂ ਵਿਆਪਕ ਪੱਧਰ ਉੱਤੇ ਕਰ ਰਹੀਆਂ ਹਨ।

ਸੰਸਦ ਦੇ ਮਾਨਸੂਨ ਸੈਸ਼ਨ ਵਿਚ ਬਿਨਾਂ ਬਹਿਸ ਜਿਹੜੇ ਬਿੱਲ ਪਾਸ ਕੀਤੇ ਗਏ ਹਨ , ਉਹਨਾ ਵਿਚ ਬੱਚਿਆਂ ਦੇ ਦੇਖ ਭਾਲ ਸਬੰਧੀ ਸੋਧ ਬਿੱਲ 2021, ਐਮ ਐਸ ਐਮ ਈ ਸੈਕਟਰ ਸਬੰਧੀ ਸੋਧ ਬਿੱਲ 2021, ਜੋ ਰਾਜ ਸਭਾ 'ਚ ਪੰਦਰਾਂ ਮਿੰਟਾਂ 'ਚ ਪਾਸ ਕਰ ਦਿੱਤਾ ਗਿਆ। ਕਿਥੇ ਗਈ ਸੰਸਦੀ ਮਰਿਆਦਾ ਅਤੇ ਕਿਥੇ ਗਈਆਂ ਸੰਸਦੀ ਕਮੇਟੀਆਂ? ਜਨਰਲ ਬੀਮਾ ਬਿਜਨੈਸ (ਰਸ਼ਟਰੀਕਰਨ) ਸੋਧ ਬਿੱਲ 2021, ਜਿਸ ਵਿਚ ਸਰਕਾਰ ਨੂੰ ਬੀਮਾ ਕੰਪਨੀਆਂ 'ਚ ਆਪਣਾ ਹਿੱਸਾ ਘਟਾਉਣ ਦੀ ਖੁੱਲ੍ਹ ਦਿੱਤੀ ਗਈ ਹੈ। ਇਹ ਨਿੱਜੀਕਰਨ ਵੱਲ ਵੱਧਦੇ ਬੇਤਹਾਸ਼ਾ ਸਰਕਾਰੀ ਕਦਮ ਹਨ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਰਾਜ ਸਭਾ ਮਾਨਸੂਨ ਸੈਸ਼ਨ ਦੌਰਾਨ ਸਿਰਫ਼ ਤਿੰਨ ਘੰਟੇ ਸੈਂਤੀ ਮਿੰਟ ਹੀ ਕੰਮ ਕਰ ਸਕੀ। ਬਾਕੀ ਸਮਾਂ ਰੌਲੇ ਰੱਪੇ ਕਾਰਨ ਚੱਲ ਨਹੀਂ ਸਕੀ।

ਇਥੇ ਇਹ ਵਰਨਣ ਕਰਨਾ ਬੇਵਜਾਹ ਨਹੀਂ ਹੋਵੇਗਾ ਕਿ 2019 ਤੋਂ ਲੈ ਕੇ ਹੁਣ ਤੱਕ 135 ਬਿੱਲ ਪਾਸ ਕਰਵਾਉਣ ਲਈ ਕੇਂਦਰ ਸਰਕਾਰ ਨੇ ਲੋਕ ਸਭਾ,ਰਾਜ ਸਭਾ 'ਚ ਬਿੱਲ ਪੇਸ਼ ਕੀਤੇ ਹਨ, ਜਿਹਨਾ ਵਿਚੋਂ ਕੁਝ ਪਾਸ ਹੋਏ ਹਨ।

ਇਹਨਾਂ ਵਿਚ ਜੰਮੂ ਕਸ਼ਮੀਰ ਨਾਲ ਸਬੰਧਤ ਭਾਸ਼ਾ ਬਿੱਲ, ਜਿਸ ਵਿਚ ਪੰਜਾਬੀ ਦਾ ਦੂਜਾ ਦਰਜਾ ਖੋਹਿਆ ਗਿਆ ਅਤੇ ਜੰਮੂ ਕਸ਼ਮੀਰ ਦਾ ਰਾਜ ਦਾ ਦਰਜਾ ਖੋਹੇ ਜਾਣ ਦਾ ਬਿੱਲ ਵੀ ਸ਼ਾਮਲ ਹੈ ਅਤੇ ਜੰਮੂ,ਕਸ਼ਮੀਰ, ਲੇਹ ਲਦਾਖ ਨੂੰ ਕੇਂਦਰੀ ਸ਼ਾਸ਼ਤ ਪ੍ਰਦੇਸ਼ ਬਨਾਉਣ ਦਾ ਬਿੱਲ ਵੀ ਹੈ, ਜਿਸਦਾ ਵਿਸ਼ਵ ਪੱਧਰੀ ਵਿਰੋਧ ਹੋਇਆ।

# ਡਾ.ਅੰਬੇਡਕਰ ਦਾ ਪਾਣੀ ਲਈ ਸੱਤਿਆਗ੍ਰਹਿ

**(ਸਫਾ 16 ਦੀ ਬਾਕੀ)**

ਗੰਭੀਰ ਮੁਸ਼ਕਲ ਆਵੇਗੀ ਅਤੇ ਜੇ ਮੰਗਿਆ ਗਿਆ ਅਸਥਾਈ ਹੁਕਮ ਨਾ ਦਿੱਤਾ ਗਿਆ ਅਤੇ ਬਚਾਓ ਪੱਖਾਂ ਦੇ ਮੁਦਈਆਂ ਦੇ ਪਾਣੀ ਨੂੰ ਦੂਸ਼ਤਿ ਕਰਨ ਦੀ ਇਜਾਜ਼ਤ ਨਾ ਦਿੱਤੀ ਜਾਵੇ, ਜੇ ਉਹ ਆਖਰਕਾਰ ਵਿੱਚ ਸਫਲ ਹੋ ਜਾਂਦੇ ਹਨ, ਤਾਂ ਅਜਾਲਤ ਦੇ ਫ਼ਰਮਾਨ ਦਾ ਲਾਭ ਪ੍ਰਾਪਤ ਨਹੀਂ ਕਰ ਸਕਣਗੇ।

ਅਰਜ਼ੀ ਨੂੰ ਕਈ ਵਿਅਕਤੀਆਂ ਦੇ ਹਲਫਨਾਮੇ ਤੋਂ ਇਲਾਵਾ ਮੁਦਈ ਨੰ. 1. ਮੁਦਈਆਂ ਨੇ ਦਸਤਾਵੇਜ 4 ਦੇ ਨਾਲ ਵੀ ਪੇਸ਼ ਕੀਤਾ ਹੈ, ਇੱਕ ਦਿਵਾਕਰ ਜੋਸ਼ੀ (ਹਲਫ਼ਨਾਮਾ ਬਣਾਉਣ ਵਾਲੇ ਵਿਅਕਤੀਆਂ ਵਿੱਚੋਂ ਇੱਕ) ਦੇ ਵਿਰੁੱਧ ਨਗਰਪਾਲਿਕਾ ਦੁਆਰਾ ਇੱਕ ਨੋਟਿਸ ਜਾਰੀ ਕੀਤਾ ਗਿਆ ਸੀ, ਜਿਸ ਨੇ (ਡੈਮਾਂ) ਦੀ ਮੁਰੰਮਤ ਕਰਨ ਲਈ ਕਿਹਾ ਸੀ ਉਸਨੇ ਤਲਾਬ ਨੂੰ ਪੱਥਰ ਨਾਲ ਢੱਕਿਆ, ਜੋ ਕਿ ਚਾਵਦਰ ਟੈਂਕ ਦੇ ਨਾਲ ਲਗਦੇ ਸਨ, ਅਤੇ ਧਾਰਪ ਪਰਿਵਾਰ ਦੀ ਵੰਡ ਦਾ ਸੌਦਾ ਵੀ ਸੌ ਸਾਲ ਤੋਂ ਵੱਧ ਪੁਰਾਣਾ ਦੱਸਿਆ ਜਾਂਦਾ ਹੈ। ਇਸ ਦਸਤਾਵੇਜ਼ ਵਿੱਚ ਸਰੋਵਰ ਦੇ ਪਾਲ ਦਾ ਇੱਕ ਸੰਦਰਭ ਹੈ ਜੋ ਕਿ ਵੰਡੀਆਂ ਹੋਈਆਂ ਸੰਪਤੀਆਂ ਵਿੱਚੋਂ ਇੱਕ ਹੈ। ਇਹ ਦੋਵੇਂ ਦਸਤਾਵੇਜ਼ ਟੈਂਕ ਦੀ ਨਿੱਜੀ ਜਾਇਦਾਦ ਹੋਣ ਦੀ 'ਪਹਿਲੀ ਨਜ਼ਰ' ਦੇ ਅਨੁਮਾਨ ਨੂੰ ਵਧਾਉਂਦੇ ਹਨ।

ਹੁਣ ਸਵਾਲ ਇਹ ਹੈ ਕਿ ਕੀ ਇਸ ਤੋਂ ਇਨਕਾਰ ਕਰਨ ਲਈ ਅਸਥਾਈ ਹੁਕਮਨਾਮਾ ਦੇਣਾ ਵਧੇਰੇ ਸਹੀ ਹੋਵੇਗਾ? ਅਸਥਾਈ ਆਦੇਸ਼ਾਂ ਬਾਰੇ ਕਾਨੂੰਨ ਸਿਵਲ ਪ੍ਰਕਿਰਿਆ ਕੋਡ ਦੇ ਆਰਡਰ 39 ਵਿੱਚ ਸ਼ਾਮਲ ਹੈ। ਇਸ ਆਦੇਸ਼ ਦਾ ਨਿਯਮ ਇਸ ਪ੍ਰਕਾਰ ਹੈ: - ਜਿੱਥੇ ਕਿਸੇ ਵੀ ਮੁਕੱਦਮੇ ਵਿੱਚ ਇਹ ਹਲਫਨਾਮੇ ਦੁਆਰਾ ਜਾਂ ਹੋਰ ਰੂਪ ਵਿੱਚ ਸਾਬਤ ਕੀਤਾ ਜਾਂਦਾ ਹੈ (ਏ) ਕਿ ਮੁਕੱਦਮੇ ਵਿੱਚ ਵਿਵਾਦ ਵਾਲੀ ਕੋਈ ਵੀ ਜਾਇਦਾਦ, ਕਿਸੇ ਵੀ ਧਿਰ ਦੁਆਰਾ ਮੁਕੱਦਮੇ ਵਿੱਚ ਬਰਬਾਦ, ਨੁਕਸਾਨੇ ਜਾਣ ਜਾਂ ਅਲੱਗ ਹੋਣ ਦੇ ਖਤਰੇ ਵਿੱਚ ਹੈ, ਜਾਂ ਗਲਤ ਤਰੀਕੇ ਨਾਲ ਇੱਕ ਫ਼ਰਮਾਨ ਜਾਂ (ਬੀ) ਦੇ ਅਮਲ ਵਿੱਚ ਕਿਹਾ ਗਿਆ ਹੈ ਕਿ ਬਚਾਅਕਰਤਾ ਆਪਣੇ ਲੈਣਦਾਰਾਂ ਨੂੰ ਧੋਖਾ ਦੇਣ ਦੇ ਮਕਸਦ ਨਾਲ ਆਪਣੀ ਜਾਇਦਾਦ ਨੂੰ ਹਟਾਉਣ ਜਾਂ ਨਿਪਟਾਉਣ ਦੀ ਧਮਕੀ ਦਿੰਦਾ ਹੈ, ਜਾਂ ਇਰਾਦਾ ਰੱਖਦਾ ਹੈ, ਅਦਾਲਤ ਆਰਜ਼ੀ ਹੁਕਮ ਜਾਰੀ ਕਰ ਸਕਦੀ ਹੈ। ਧਾਰਾ (ਬੀ) ਸਪੱਸ਼ਟ ਹੈ, ਮੌਜੂਦਾ ਕੇਸ ਲਈ ਕੋਈ ਅਰਜ਼ੀ ਨਹੀਂ ਹੈ। ਮੌਜੂਦਾ ਕੇਸ ਧਾਰਾ (ਏ) ਦੇ ਅੰਦਰ ਆਉਂਦਾ ਜਾਪਦਾ ਹੈ।

ਇੱਥੇ ਇੱਕ ਟੈਂਕ ਹੈ ਜੋ ਸਾਲਾਂ ਤੋਂ, ਛੋਹਣ ਯੋਗ ਕਲਾਸਾਂ ਦੇ ਵਿਸ਼ੇਸ਼ ਅਧਿਕਾਰ ਵਿੱਚ ਰਿਹਾ ਹੈ। ਡਿਫੈਂਡੈਂਟ (1) ਅਤੇ ਹੋਰਾਂ ਦੇ ਦਸਤਖਤਾਂ ਉੱਤੇ ਜਾਰੀ ਮੈਨੀਫੈਸਟੋ ਇਹ ਵੀ ਦਰਸਾਉਂਦਾ ਹੈ ਕਿ ਅਛੂਤ ਵਰਗ ਹੁਣ ਤੱਕ ਇਸ ਪ੍ਰਭਾਵ ਅਧੀਨ ਸਨ ਕਿ ਉਨ੍ਹਾਂ ਨੂੰ ਸਰੋਵਰ ਤੱਕ ਪਹੁੰਚ ਦਾ ਕੋਈ ਅਧਿਕਾਰ ਨਹੀਂ ਸੀ। ਇਸ ਤਰ੍ਹਾਂ ਇਹ ਪ੍ਰਤੀਤ ਹੁੰਦਾ ਹੈ ਕਿ ਟੈਂਕ ਹੁਣ ਤੱਕ ਸਵਰਣ ਕਲਾਸਾਂ ਦੇ ਵਿਸ਼ੇਸ਼ ਅਧਿਕਾਰ ਵਿੱਚ ਰਿਹਾ ਹੈ। ਹੁਣ ਸਵਾਲ ਇਹ ਹੈ ਕਿ ਕੀ ਇਸ ਪੁਰਾਣੀ ਸਥਿਤੀ ਨੂੰ ਬਦਲ ਕਰਕੇ ਜਾਂ ਨਿਆਂ ਦੇ ਅੰਤ ਨੂੰ ਬਿਹਤਰ ਢੰਗ ਨਾਲ ਪੂਰਾ ਕੀਤਾ ਜਾਏਗਾ ਜਾਂ ਜਦੋਂ ਤੱਕ ਪਾਰਟੀਆਂ ਦੇ ਅਧਿਕਾਰਾਂ ਦਾ ਫੈਸਲਾ ਨਹੀਂ ਹੋ ਜਾਂਦਾ, ਇਸ ਨੂੰ ਜਾਰੀ ਰੱਖਣ ਦੀ ਇਜਾਜ਼ਤ ਦੇ ਕੇ।

ਅਸਥਾਈ ਆਦੇਸ਼ਾਂ ਦੇ ਸੰਚਾਲਨ ਦੇ ਸਿਧਾਂਤਾਂ ਦਾ ਮੁੱਲਾ ਦੀ ਸਿਵਲ ਪ੍ਰੋਸੀਜਰ ਕੋਡ, 8 ਵੇਂ ਸੰਸਕਰਣ ਦੇ ਪੰਨੇ 892 'ਤੇ ਟਿੱਪਣੀ ਦੇ ਭਾਗ 2 ਦੇ ਅਧੀਨ ਸੰਖੇਪ ਕੀਤਾ ਗਿਆ ਹੈ। ਇਹਨਾਂ ਵਿੱਚੋਂ ਇੱਕ ਇਹ ਹੈ ਕਿ ਅਦਾਲਤ ਨੂੰ ਇਹ ਵੇਖਣਾ ਚਾਹੀਦਾ ਹੈ ਕਿ ਦੋਵਾਂ ਧਿਰਾਂ ਵਿੱਚ ਇੱਕ ਭਰੋਸੇਯੋਗ ਵਿਵਾਦ ਹੈ। ਇਸ ਬਾਰੇ ਮੈਨੂੰ ਬਹੁਤ ਘੱਟ ਸ਼ੱਕ ਜਾਪਦਾ ਹੈ। ਦੂਜਾ ਸਿਧਾਂਤ ਇਹ ਹੈ ਕਿ, "ਸਫਲਤਾ ਦੀ ਸਥਿਤੀ ਵਿੱਚ, ਜੇ ਹੁਕਮ ਜਾਰੀ ਨਹੀਂ ਹੁੰਦਾ ਤਾਂ ਅਸੁਵਿਧਾ ਦਾ ਸੰਤੁਲਨ ਕਿਸ ਪਾਸੇ ਰਹੇਗਾ।" ਮੇਰੇ ਲਈ ਇਹ ਜਾਪਦਾ ਹੈ ਕਿ ਅਸੁਵਿਧਾ ਦਾ ਸੰਤੁਲਨ ਹੋਣ ਗਲਤ ਹੈ, ਅਤੇ ਬਹੁਤ ਜ਼ਿਆਦਾ ਗਲਤ ਹੈ, ਜੇ ਹੁਕਮ ਜਾਰੀ ਨਹੀਂ ਕੀਤੇ ਜਾਂਦੇ। ਬਿੰਦੂ ਇੰਨਾ ਸਪਸ਼ਟ ਹੈ ਕਿ ਮੈਨੂੰ ਨਹੀਂ ਲਗਦਾ ਕਿ ਮੈਨੂੰ ਇਸ ਦੀ ਕੰਮ ਦੀ ਬਿਲਕੁਲ ਜ਼ਰੂਰਤ ਹੈ।

ਜੇ ਬਚਾਅ ਪੱਖਾਂ ਨੂੰ ਸਰੋਵਰ ਵਿੱਚ ਦਾਖਲ ਹੋਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ ਅਤੇ ਇਸ ਤਰ੍ਹਾਂ (ਮੁਦਈਆਂ ਦੀਆਂ ਧਾਰਮਿਕ ਧਾਰਨਾਵਾਂ ਦੇ ਅਨੁਸਾਰ)ਪਾਣੀ ਨੂੰ ਦੂਸ਼ਤਿ ਹੋਣ ਨਾਲ ਅਤੇ ਇਸਨੂੰ ਅੱਗੇ ਵਰਤਣ ਨਾਲ, ਆਬਾਦੀ ਦੇ ਇੱਕ ਵੱਡੇ ਹਿੱਸੇ ਨੂੰ ਮੁਸ਼ਕਲ ਆਵੇਗੀ ਅਤੇ ਅਸੁਵਿਧਾ ਦਾ ਸਾਹਮਣਾ ਕਰਨਾ ਪਏਗਾ ਜੋ ਕਿ ਬਹੁਤ ਗੰਭੀਰ ਹੋਵੇਗਾ। ਕਿ ਸਿਰਫ ਉਹ ਲੋਕ ਹੀ ਉਨ੍ਹਾਂ ਥਾਵਾਂ ਤੇ ਰਹਿ ਰਹੇ ਹਨ ਜਿੱਥੇ ਪਾਣੀ ਦੀ ਬਹੁਤ ਜਿਆਦਾ ਸਪਲਾਈ ਨਹੀਂ ਹੈ, ਉਹ ਇਸ ਨੂੰ ਮਹਿਸੂਸ ਕਰ ਸਕਦੇ ਹਨ। ਦੂਜੇ ਪਾਸੇ, ਬਚਾਅ ਪੱਖ ਨੂੰ ਕਦੇ ਵੀ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਨਹੀਂ ਹੋਵੇਗੀ, ਜੇ ਉਨ੍ਹਾਂ ਨੂੰ ਮੁਕੱਦਮੇ ਦੇ ਪਹਿਲੇ ਫੈਸਲੇ ਤੱਕ ਉਨ੍ਹਾਂ ਦੇ ਅਧਿਕਾਰਾਂ ਦੀ ਵਰਤੋਂ ਕਰਨ ਤੋਂ ਵਰਜਿਤ ਕਰਨ ਲਈ ਕਿਹਾ ਜਾਂਦਾ ਹੈ। ਇਹ ਕੋਰਸ ਮੇਰੇ ਲਈ ਨਾ ਸਿਰਫ ਸਹੀ ਅਤੇ ਬਰਾਬਰੀ ਵਾਲਾ ਜਾਪਦਾ ਹੈ, ਬਲਕਿ ਸਥਿਤੀਆਂ ਨੂੰ ਕਾਇਮ ਰੱਖਣ ਲਈ ਸਥਿਤੀਆਂ ਵਿੱਚ ਇਕੋ ਇਕ ਸਹੀ ਕੋਰਸ ਹੈ, ਜਿਸ ਨੂੰ ਕਰਨਾ ਲਾਜ਼ਮੀ ਹੈ। ਆਈ ਐਲ ਆਰ 46, ਕਲਕੱਤਾ, ਪੰਨਾ 1030 'ਤੇ ਦਿਖਾਈ ਗਈ ਟਿੱਪਣੀ ਦੇ ਨਾਲ, ਬਿਨੈਕਾਰਾਂ (ਮੁਦਈ) ਦੁਆਰਾ ਇਹ ਦਲੀਲ ਵੀ ਦਿੱਤੀ ਗਈ ਹੈ ਕਿ ਜੇ ਮੰਗਿਆ ਗਿਆ ਅਸਥਾਈ ਹੁਕਮ ਨਾ ਦਿੱਤਾ ਗਿਆ ਅਤੇ ਟੈਂਕ ਦੇ ਪਾਣੀ ਨੂੰ ਦੂਸ਼ਤਿ ਹੋਣ ਦਿੱਤਾ ਗਿਆ, ਤਾਂ ਮੁਦਈ ਨੂੰ ਨਾ ਪੂਰਾ ਹੋਣ ਵਾਲਾ ਨੁਕਸਾਨ ਕਰ ਸਕਦੀ ਹੈ। ਇਸ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ, ਸਵਰਣ ਵਰਗ ਆਮ ਤੌਰ 'ਤੇ ਇਸ ਮੁੱਦੇ' ਤੇ ਕਿੰਨੇ ਸੰਵੇਦਨਸ਼ੀਲ ਹੁੰਦੇ ਹਨ, ਦੋਵੇਂ ਉਨ੍ਹਾਂ ਦੀ ਧਾਰਮਿਕ ਸੰਵੇਦਨਸ਼ੀਲਤਾ ਦੇ ਕਾਰਨ, ਅਤੇ ਨਾਲ ਹੀ ਵਿਸ਼ਾਲ ਤਲਾਬ ਜੋ ਦੋ ਵਰਗਾ ਦੇ ਵਿਚਕਾਰ ਪੁਰਾਣੇ ਸਮੇਂ ਤੋਂ ਮੌਜੂਦ ਹੈ, ਮੈਂ ਇਸ ਹਾਲਤ ਨਾਲ ਬਹੁਤ ਸਹੀ ਢੰਗ ਨਾਲ ਬਣਾਕੇ ਰਖਣ ਲਈ ਤਿਆਰ ਹਾਂ । ਮੈਨੂੰ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਸਿੱਖਿਆ ਦਾ ਪ੍ਰਸਾਰ, ਸਮੇਂ ਦੇ ਨਾਲ, ਇਨ੍ਹਾਂ ਸਥਿਤੀਆਂ ਨੂੰ ਭੌਤਿਕ ਰੂਪ ਤੋਂ ਬਦਲ ਦੇਵੇਗਾ ਅਤੇ ਦੋਵਾਂ ਭਾਈਚਾਰਿਆਂ ਨੂੰ ਇੱਕ ਦੂਜੇ ਦੇ ਨਾਲ ਸਪਸ਼ਟ ਅਤੇ ਦੋਸਤਾਨਾ ਸੰਪਰਕ ਵਿੱਚ ਲਿਆਏਗਾ ਅਤੇ ਇਹ ਕਿ ਅਛੂਤਤਾ ਬੀਤੇ ਦੀ ਗੱਲ ਹੋਵੇਗੀ। ਪਰ ਜਿਵੇਂ ਕਿ ਮੌਜੂਦਾ ਸਮੇਂ ਦੀਆਂ ਸਥਿਤੀਆਂ ਹਨ, ਮੈਂ ਉਨ੍ਹਾਂ ਬਿਨੈਕਾਰਾਂ ਦੀ ਭਾਵਨਾ ਨਾਲ ਬਹੁਤ ਜਿਆਦਾ ਭਾਰ ਪਾਉਣ ਲਈ ਪਾਬੰਦ ਹਾਂ ਜੋ ਇਹ ਮਹਿਸੂਸ ਕਰਦੇ ਹਨ ਕਿ ਜੇ ਪਾਣੀ ਨੂੰ ਦੂਸ਼ਤਿ ਹੋਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ ਤਾਂ ਉਹ ਸੱਟ ਇਸ ਲਈ ਬਰਕਰਾਰ ਰਹੇਗੀ ਕਿ ਉਹ ਇਸ ਦੁਆਰਾ ਨੁਕਸਾਨ ਦਾ ਢੁਕਵਾਂ ਮੁਆਵਜ਼ਾ ਨਾ ਦੇਣ ਨਾਲ ਵੀ ਠੀਕ ਨਹੀਂ ਕਰ ਪਾਵੇਗੀ। ਇਨ੍ਹਾਂ ਸਾਰੀਆਂ ਸਥਿਤੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ, ਮੈਂ ਮਹਿਸੂਸ ਕਰਦਾ ਹਾਂ ਕਿ ਜੇਕਰ ਮੈਂ ਡਿਊਟੀ ਵਿੱਚ ਅਸਫਲ ਰਿਹਾ ਹੁੰਦਾ ਜੇ ਮੈਂ ਉਸ ਹੁਕਮ ਨੂੰ ਰੱਦ ਨਾ ਕਰਦਾ ਜਿਸ ਲਈ ਮੈਂ ਪ੍ਰਾਰਥਨਾ ਕੀਤੀ ਸੀ। ਇਹ ਬਹੁਤ ਹੀ ਮੁਸ਼ਕਿਲ ਡਿਊਟੀ ਹੈ ਜਿਸ ਨੂੰ ਨਿਭਾਉਣ ਲਈ ਮੈਨੂੰ ਲਗਾਇਆ ਗਿਆ ਹੈ, ਪਰ ਡਿਊਟੀ ਚੋਣ ਲਈ ਕੋਈ ਜਗ੍ਹਾ ਨਹੀਂ ਛੱਡਦੀ। ਇਸ ਲਈ ਮੈਂ ਆਦੇਸ਼ ਦਿੰਦਾ ਹਾਂ ਕਿ ਇੱਕ ਅਸਥਾਈ ਹੁਕਮਨਾਮਾ, ਜਿਵੇਂ ਕਿ ਕਿਹਾ ਗਿਆ ਹੈ, ਨੋਟਿਸ ਦੇ ਨਾਲ ਜਾਰੀ ਕੀਤਾ ਜਾਵੇ।

(ਦਸਤਖਤ.) - ਜੀ. ਵੀ. ਵੈਦਿਆ।

ਕਿਸੇ ਵੀ ਅੰਦੋਲਨ ਲਈ ਪੈਸੇ ਦਾ ਖਾਸ ਮਹਤਵ ਹੁੰਦਾ ਹੈ। 30 ਅਕਤੂਬਰ ਅਕਤੂਬਰ ਦੀ ਦੁਪਹਿਰ ਨੂੰ ਡਾ: ਬੀ ਆਰ ਅੰਬੇਡਕਰ ਦੀ ਪ੍ਰਧਾਨਗੀ ਹੇਠ ਸਰ ਕਾਵਸਜੀ ਜਹਾਂਗੀਰ ਹਾਲ ਵਿਖੇ ਲਗਭਗ ਇੱਕ ਹਜ਼ਾਰ ਅਛੂਤਾਂ ਦੀ ਮੀਟਿੰਗ ਹੋਈ।ਮੀਟਿੰਗ ਵਿੱਚ 570 ਰੁਪਏ ਇਕੱਠੇ ਕੀਤੇ ਗਏ ਸਨ। ਹਾਜਰ ਕਾਰਕੁਨਾਂ ਵੱਲੋਂ ਨਵੰਬਰ ਦੇ ਮੱਧ ਵਿੱਚ ਅਮਰਾਵਤੀ ਵਿਖੇ ਇੱਕ ਮੰਦਰ ਦੇ ਸਬੰਧ ਵਿੱਚ ਅਜਿਹੀ ਮੁਹਿੰਮ ਸ਼ੁਰੂ ਕਰਨ ਦਾ ਸੁਝਾਅ ਵੀ ਦਿੱਤਾ ਗਿਆ ਸੀ।" ਇਸ ਤੋਂ ਪਹਿਲਾਂ ਹੋਈ ਮੀਟਿੰਗ ਵਿੱਚ 370 ਰੁੱਪਏ ਇੱਕਠੇ ਕਰੇ ਸਨ। ਮਹਾਤਮਾ ਗਾਂਧੀ ਜੀ ਨੇ 13 ਜੁਲਾਈ, 1927 ਨੂੰ (ਬੰਗਲੌਰ) ਬਸਵਾਨਗੁੜੀ ਵਿੱਚ ਮਹਿਲਾ ਸੇਵਾ ਸਮਾਜ ਵਿਖੇ ਇੱਕ ਇਕੱਠ ਨੂੰ ਸੰਬੋਧਨ ਕੀਤਾ। ਗਾਂਧੀ ਰਵਾਇਤੀ ਤੌਰ 'ਤੇ ਔਰਤਾਂ ਦੇ ਅਧਿਕਾਰਾਂ ਦੇ ਚੈਂਪੀਅਨ ਨਹੀਂ ਸੀ, ਪਰ ਉਸ ਸਵੇਰ, ਉਨ੍ਹਾਂ ਨੇ ਔਰਤਾਂ ਨੂੰ ਉਤਸ਼ਾਹਤ ਕੀਤਾ ਕਿ ਉਹ ਪਰਿਵਰਤਨਸ਼ੀਲ ਹੋਣ ਅਤੇ ਉਨ੍ਹਾਂ ਦਾ ਇਸਤ੍ਰੀਧਨ (ਵਿਆਹ ਦੇ ਸਮੇਂ ਪ੍ਰਾਪਤ ਕੀਤੀ ਧਨ-ਦੌਲਤ ਦਾ ਹਿੱਸਾ) ਦਾਨ ਕਰਕੇ ਹਰੀਜਨ (ਐਸਸੀ/ਐਸਟੀ) ਅੰਦੋਲਨ ਵਿੱਚ ਯੋਗਦਾਨ ਪਾਉਣ।ਕਮਲਾਬਾਈ ਚੰਦੂਰ (ਰਾਜੰਮਾ), ਸੁਬਾਮਾ ਅਤੇ ਗੌਰਾਮਾ, ਪੁਰਾਣੇ ਮੈਸੂਰ ਰਾਜ ਦੇ ਆਜ਼ਾਦੀ ਘੁਲਾਟੀਆਂ, ਨੇ ਆਪਣੇ ਸਾਰੇ ਗਹਿਣਿਆਂ ਵਿੱਚ ਯੋਗਦਾਨ ਪਾਉਣ ਵਾਲੇ ਪਹਿਲੇ ਵਿਅਕਤੀ ਸਨ।

ਦੂਜਿਆਂ ਨੇ ਇਸਦਾ ਪਾਲਣ ਕੀਤ। ਅੱਜ ਸਵੇਰੇ, ਲਗਭਗ 92 ਸਾਲ ਪਹਿਲਾਂ, ਮਹਾਤਮਾ 90,000 ਰੁਪਏ ਦੇ ਗਹਿਣੇ ਇਕੱਠੇ ਕਰਨ ਵਿੱਚ ਕਾਮਯਾਬ ਹੋਏ। ਗਾਂਧੀ ਜੀ ਨੇ ਅਛੂਤਾਂ ਨੂੰ ਮਾਨਵਤਾ ਦਾ ਹੱਕ ਦਵਾਉਣ ਲਈ ਕੋਈ ਅੰਦੋਲਨ ਨਹੀਂ ਕੀਤਾ, ਉਸ ਇਕੱਠੇ ਕੀਤੇ ਦਾਨ ਦੇ ਪੈਸਾ ਦਾ ਐਸਸੀ ਐਸਟੀ ਸਮਾਜ ਨੂੰ&; ਕਿੰਨਾ ਕੁ ਲਾਭ ਹੋਇਆ, ਇਹ ਅਲੱਗ ਵਿਸ਼ਾ ਹੈ। ਡਾ. ਅੰਬੇਡਕਰ ਦਾ ਅੰਦੋਲਨ ਲਈ ਇਕਤਰ ਕੀਤਾ ਮਾਮੂਲੀ ਜਿਹਾ ਪੈਸਾ ਅਛੂਤਾ ਦੇ ਬਹੁਤ ਕੰਮ ਕਰ ਜਾਂਦਾ ਸੀ। ਅੰਦੋਲਨਕਾਰੀਆਂ ਵਿੱਚ ਜਜ਼ਬਾਤ ਭਰ ਦਿੰਦਾ ਸੀ।

**(ਚਲਦਾ)**

# ਧਰਤੀ ਦੀ ਨਾਯਾਬ ਫ਼ਬੀਲੀ ਅਮਾਨਤ : ਕਸ਼ਮੀਰ (ਸ਼੍ਰੀਨਗਰ)

ਛੈਲ ਬਾਂਕਾ ਹਿਰਦੇਗਾਮੀ ਅਤੇ ਲੋਕਿਕਤਾ ਵਿਚ ਅਲੌਕਿਕਤਾ ਦਾ ਸਰੂਪ ਹੈ, ਧਰਤੀ ਦੀ ਨਾਯਾਬ ਫ਼ਬੀਲੀ ਅਮਾਨਤ ਕਸ਼ਮੀਰ (ਸ਼੍ਰੀਨਗਰ)। ਸੁੰਦਰਤਾ ਕੁਦਰਤ ਨਾਲ ਕੀਕਲੀ ਪਾਉਂਦੀ ਹੋਈ ਕਸ਼ਮੀਰ ਸਭਿਆਚਾਰ ਦੀ ਖੁਸ਼ਬੂ ਨੂੰ ਬੁਲੰਦੀ ਦੇ ਜਾਂਦੀ ਹੈ। ਜਿੱਥੇ ਖੂਬਸੂਰਤੀਆਂ ਦੇ ਹਕੀਕੀ, ਪ੍ਰਯੋਗੀ ਪ੍ਰਤੀਕਾਤਮਿਕ, ਮੂਰਤ ਅਤੇ ਅਮੂਰਤ ਬਿੰਬਾਂ ਦੇ ਦਿਲਖਿਚਵੇਂ ਦ੍ਰਿਸ਼ ਮਨੁੱਖ ਨੂੰ ਜੰਨਤ ਦਾ ਅਹਿਸਾਸ ਕਰਵਾਉਣ ਦੇ ਅਰਥ ਬਖ਼ਸ਼ ਜਾਂਦੇ ਹਨ।

ਬਟਾਲਾ ਤੋਂ ਪ੍ਰਸਿੱਧ ਸਾਹਿਤਕਾਰ ਅਤੇ ਸਾਹਿਤਕ ਫ਼ੋਟੋਗ੍ਰਾਫ਼ਰ ਜਨਾਬ ਹਰਭਜਨ ਸਿੰਘ ਬਾਜਵਾ ਦਾ ਫ਼ੋਨ ਆਇਆ, ਕਿ 'ਕਸ਼ਮੀਰ ਚੱਲਨਾ ਏ"।' ਮੈਂ ਝੱਟ ਦੀ ਹਾਂ ਕਰ ਦਿੱਤੀ। ਸਾਡੇ ਨਾਲ ਪ੍ਰਸਿੱਧ ਸ਼ਾਇਰ ਜਨਾਬ ਜਸਵੰਤ ਹਾਂਸ, ਸੁੱਚਾ ਸਿੰਘ ਰੰਧਾਵਾ, ਸੁਖਦੇਵ ਸਿੰਘ ਕਾਹਲੋਂ, ਸੰਤੋਖ ਸਿੰਘ ਸਮਰਾ ਤੇ ਅਮਰਜੀਤ ਸਿੰਘ ਵੀ ਤਿਆਰ ਹੋ ਗਏ।

ਲੰਬੇ ਸਫ਼ਰ 'ਤੇ ਮਹਿੰਗੇ ਸ਼ਹਿਰ ਜਾਣਾ ਹੋਵੇ ਤਾਂ ਇਕ ਗਰੁੱਪ ਜ਼ਰੂਰ ਚਾਹੀਦਾ ਹੈ। ਇਸ ਨਾਲ ਪੈਸਾ ਵੀ ਬਚਦਾ ਹੈ ਅਤੇ ਮਨੋਰੰਜਨ ਵੀ ਚੋਖਾ ਹੁੰਦਾ ਹੈ ਕਿਉਂਕਿ ਟੈਕਸੀ ਵਿਚ ਲਗਭਗ 7 ਬੰਦੇ ਹੀ ਬੈਠ ਸਕਦੇ ਹਨ।

ਅਸੀਂ ਸਵੇਰੇ 9 ਵਜੇ ਦੇ ਕਰੀਬ ਸਾਰੇ ਦੋਸਤ ਗੁਰਦਾਸਪੁਰ ਦੇ ਬੱਸ ਸਟੈਂਡ ਤੋਂ ਬੱਸ ਲੈ ਕੇ ਜੰਮੂ ਵੱਲ ਰਵਾਨਾ ਹੋ ਗਏ।

ਮੈਂ ਦੱਸਣਾ ਚਾਹੁੰਦਾ ਹਾਂ ਕਿ ਗੁਰਦਾਸਪੁਰ ਸ਼ਹਿਰ ਦਾ ਨਾਂ ਬਾਬਾ ਗੁਰੀਆ ਤੋਂ ਪ੍ਰਚਲਿਤ ਹੋਇਆ। ਬਾਬਾ ਗੁਰੀਆ ਜੀ ਦਾ ਪਰਿਵਾਰ ਹੀ ਗੁਰਦਾਸਪੁਰ ਦੇ ਪਹਿਲੇ ਨਿਵਾਸੀਆਂ 'ਚੋਂ ਸੀ। ਗੁਰਦਾਸਪੁਰ ਦੀ ਹੱਦ ਪਾਕਿਸਤਾਨ ਦੀ ਹੱਦ ਨਾਲ ਲਗਦੀ ਹੈ। ਗੁਰਦਾਸਪੁਰ ਦੇ ਆਸ ਪਾਸ ਅਨੇਕਾਂ ਇਤਿਹਾਸਿਕ ਤੇ ਧਾਰਮਿਕ ਸਥਾਨ ਵੇਖਣਯੋਗ ਹਨ।

ਗੁਰਦਾਸਪੁਰ ਤੋਂ ਅਸੀਂ ਸਰਨੇ ਅਤੇ ਮਾਧੋਪੁਰ 'ਚੋਂ ਲੰਘਦੇ ਹੋਏ ਜੰਮੂ ਵੱਲ ਵਧਦੇ ਗਏ। ਕਸਬਾ ਸਰਨਾ ਇਕ ਐਸਾ ਸਥਾਨ ਹੈ ਜਿੱਥੇ ਹਿਮਾਚਲ ਪ੍ਰਦੇਸ ਅਤੇ ਜੰਮੂ ਦੇ ਵਾਹਨਾਂ ਦਾ ਸੰਗਮ ਹੁੰਦਾ ਹੈ। ਸਰਨਾ ਤੋਂ ਹੋ ਕੇ ਹੀ ਵਾਹਨ ਜੰਮੂ-ਕਸ਼ਮੀਰ ਤੇ ਹਿਮਾਚਲ ਜਾਂਦੇ ਹਨ। ਤੁਸੀਂ ਪਠਾਨਕੋਟ ਤੋਂ ਵੀ ਜੰਮੂ-ਕਸ਼ਮੀਰ ਜਾਂ ਹਿਮਾਚਲ ਜਾ ਸਕਦੇ ਹੋ।

ਮਾਧੋਪੁਰ ਕਸਬੇ ਦੇ ਬਾਗ਼ ਅਤੇ ਨਹਿਰ ਦੇ ਨਜ਼ਾਰੇ ਵੇਖਣ ਵਾਲੇ ਹਨ। ਨਹਿਰ ਦੇ ਕਿਨਾਰੇ ਸਰਕਾਰੀ ਹੋਟਲ ਹੈ ਅਤੇ ਪ੍ਰਾਈਵੇਟ ਹੋਟਲ ਵੀ ਹਨ। ਮਾਧੋਪੁਰ ਦੇ ਨਾਲ ਰਾਵੀ ਦਰਿਆ ਵਹਿੰਦਾ ਹੈ। ਰਾਵੀ ਦਰਿਆ ਦੇ ਏਧਰ ਪੰਜਾਬ ਦੀ ਹੱਦ ਹੈ ਤੇ ਪਾਰ ਉਪੱਰ ਜੰਮੂ-ਕਸ਼ਮੀਰ ਦੀ ਹੱਦ ਹੈ। ਮਾਧੋਪੁਰ ਟੱਪਦੇ ਹੀ ਮੋਬਾਇਲ ਬੰਦ ਹੋ ਜਾਂਦੇ ਹਨ। ਕੁਝ ਹੀ ਮੋਬਾਇਲ ਚਲਦੇ ਹਨ।

ਰਾਵੀ ਦਰਿਆ ਪਾਰ ਕਰਦਿਆ ਹੀ ਕੁਝ ਮਿੰਟਾਂ ਦੇ ਬਾਅਦ ਲਖਣਪੁਰ ਅਤੇ ਸਾਂਭਾ ਕਸਬੇ ਆ ਜਾਂਦੇ ਹਨ। ਲਖਣਪੁਰ ਵਿਖੇ ਜੰਮੂ ਦਾ ਬੈਰੀਅਰ ਹੈ। ਬੈਰੀਅਰ ਪਾਰ ਕਰਦੇ ਹੀ ਇਥੇ ਬੱਸਾਂ ਤੇ ਹੋਰ ਵਾਹਨ ਖੜ੍ਹੇ ਹੁੰਦੇ ਹਨ, ਜਿਥੇ ਲੋਕ ਚਾਹ ਪਾਣੀ ਨਾਸ਼ਤਾ ਭੋਜਨ ਆਦਿ ਕਰ ਸਕਦੇ ਹਨ। ਇਸ ਸਥਾਨ ਦੇ ਵੜੇ-ਭੱਲੇ, ਪਕੌੜੇ ਬਹੁਤ ਸਵਾਦੀ ਤੇ ਮਸ਼ਹੂਰ ਹਨ। ਖੱਟੀ ਮਿੱਠੀ ਚੱਟਨੀ, ਮੂਲੀਕਸ਼ ਕੀਤੀ ਮੂਲੀ, ਮਸਾਲੇਦਾਰ ਝਟਪਟੀ ਮਿਸ਼ਰਤ ਚੱਟਨੀ ਮੂੰਹ ਨੂੰ ਸਵਾਦ-ਸਵਾਦ ਕਰ ਜਾਂਦੀ। ਅਨੇਕਾਂ ਹੀ ਪਰਿਵਾਰ ਇਸ ਧੰਦੇ 'ਚੋਂ ਆਪਣੇ ਪਰਿਵਾਰ ਪਾਲ ਰਹੇ ਹਨ।

ਇਸ ਤੋਂ ਬਾਅਦ ਅਨੇਕਾਂ ਹੀ ਪੁੱਲ ਪਾਰ ਕਰਦੇ ਹੋਏ ਅਸੀਂ ਲਗਭਗ ਤਿੰਨ ਘੰਟਿਆਂ ਤੋਂ ਬਾਅਦ ਜੰਮੂ ਪਹੁੰਚ ਗਏ। ਜੰਮੂ ਬੱਸ ਸਟੈਂਡ ਦੇ ਬਾਹਰ ਅਨੇਕਾਂ ਹੀ ਟੈਕਸੀਆਂ ਵਾਲੇ ਮਿਲ ਜਾਂਦੇ ਹਨ। ਅਸੀਂ ਟੈਕਸੀ ਡਰਾਈਵਰਾਂ ਨਾਲ ਗੱਲਬਾਤ ਕੀਤੀ। ਜੰਮੂ ਤੋਂ ਕਸ਼ਮੀਰ ਦਾ ਰੇਟ ਤੈਅ ਕਰਨ ਲੱਗ ਪਏ। ਇਸ ਸਥਾਨ ਤੋਂ ਟੈਕਸੀ ਸਸਤੀ ਮਿਲ ਜਾਂਦੇ ਹੈ ਕਿਉਂਕਿ ਜੋ ਡਰਾਈਵਰ ਕਸ਼ਮੀਰ (ਸ਼੍ਰੀਨਗਰ) ਤੋਂ ਸਵਾਰੀ ਲੈ ਕੇ ਆਉਂਦੇ ਹਨ ਉਹ ਫਿਰ ਖਾਲੀ ਨਹੀਂ ਜਾਂਦੀ ਸਵਾਰੀ ਲੈ ਕੇ ਹੀ ਜਾਂਦੇ ਹਨ। ਇਸ ਕਰਕੇ ਟੈਕਸੀ ਸਸਤੀ ਪੈਂਦੀ ਹੈ। ਲਗਭਗ ਤਿੰਨ ਹਜ਼ਾਰ ਵਿਚ 7 ਸੀਟਾਂ ਵਾਲੀ ਟੈਕਸੀ ਕਰ ਲਈ। ਨੀਮ ਪਹਾੜੀ ਇਲਾਕੇ ਦਾ ਨਜ਼ਾਰਾ ਵੇਖਦੇ ਹੋਏ ਟੈਕਸੀ ਸਰਪਟ ਦੌੜਣ ਲੱਗੀ। ਕਈ ਸੁਰੰਗਾਂ ਲੰਘਦੇ ਹੋਏ ਟੈਕਸੀ ਹਵਾ ਨਾਲ ਗੱਲਾਂ ਕਰਦੀ ਜਾ ਰਹੀ ਸੀ।

ਪਟਣੀ ਟਾਪ ਦੀ ਸਭ ਤੋਂ ਵੱਡੀ ਸੁਰੰਗ ਲਗਭਗ 9 ਕਿਲੋਮੀਟਰ ਲੰਬੀ ਸੁਰੰਗ ਦਾ ਨਜ਼ਾਰਾ ਕਮਾਲ ਦਾ ਹੈ। ਇਸ ਸੁਰੰਗ ਨੂੰ ਪਾਰ ਕਰਦਿਆਂ ਲਗਭਗ 6 ਮਿੰਟ ਲਗਦੇ ਹਨ।

ਅਸੀਂ ਰਸਤੇ 'ਚੋਂ ਕਿਸੇ ਹੋਟਲ ਤੋਂ ਖਾਣਾ ਭੋਜਨ ਖਾ ਕੇ ਰਾਤ ਨੂੰ ਲਗਭਗ 8 ਵਜੇ ਦੇ ਕਰੀਬ ਡੱਲ ਝੀਲ ਸਾਹਮਣੇ ਤੁਲੀ ਹੋਟਲ ਵਿਚ ਪਹੁੰਚ ਗਏ।

ਜਦੋਂ ਵੀ ਕਸ਼ਮੀਰ ਜਾਓ ਕੋਸ਼ਿਸ਼ ਕਰੋ ਕਿ ਕਮਰਾ ਡੱਲ ਝੀਲ ਦੇ ਸਾਹਮਣੇ ਵਾਲੇ ਹੋਟਲਾਂ ਵਿਚ ਹੀ ਲਿਆ ਜਾਏ। ਡੱਲ ਝੀਲ ਦੇ ਨਾਲ ਲਗਦੀ ਸੜਕ ਦੇ ਨਾਲ ਨਾਲ ਹੋਟਲ ਹੀ ਹੋਟਲ ਹਨ। ਤੁਲੀ ਹੋਟਲ ਵਿਚ ਸਾਨੂੰ ਇਕ ਕਮਰਾ ਲਗਭਗ ਨੌਂ ਸੌ ਰੁਪਏ ਵਿਚ ਮਿਲ ਗਿਆ। ਅਸੀਂ ਤਿੰਨ ਕਮਰੇ ਲੈ ਲਏ।

ਰਾਤ ਖਾਣਾ ਖਾਣ ਤੋਂ ਬਾਅਦ ਗੱਪ ਛੱਪ ਮਾਰ ਕੇ ਸਵੇਰੇ ਤੜਕੇ ਅਸੀਂ ਡੱਲ ਝੀਲ ਦੀਆਂ ਮਨਮੋਹਿਕ ਤਸਵੀਰਾਂ ਕੈਮਰੇ ਵਿਚ ਕੈਦ ਕੀਤੀਆਂ।

ਅਸੀਂ ਘੁੰਮਣ ਫਿਰਨ ਦਾ ਸਾਰਾ ਪ੍ਰੋਗਰਾਮ ਬਣਾ ਲਿਆ। ਡੱਲ ਝੀਲ ਵਿਚ ਸ਼ਿਕਾਰੇ ਦੇ ਜ਼ਰੀਏ ਘੁੰਮਣ ਦਾ ਪ੍ਰੋਗਰਾਮ ਆਪਸ ਵਿਚ ਤੈਅ ਕਰ ਲਿਆ।

ਅਸੀਂ ਕਸ਼ਮੀਰ ਵਿਚ ਲਗਭਗ ਇਕ ਹਫ਼ਤਾ ਠਹਿਰੇ। ਅਸੀਂ ਕਸ਼ਮੀਰ ਦੇ ਪਾਸ ਪਾਸ ਜਾਂ ਦੂਰ ਦੁਰਾਡੇ ਦੇ ਸ਼ਹਿਰ ਵੇਖਣ ਲਈ ਜਾਂਦੇ ਤਾਂ ਕਿਰਾਏ 'ਤੇ ਟੈਕਸੀ ਲੈ ਲੈਂਦੇ। ਇਕ ਟੈਕਸੀ ਲਗਭਗ ਦੋ-ਢਾਈ ਹਜ਼ਾਰ ਰੁਪਏ ਵਿਚ ਪੈਂਦੀ ਸੀ।

ਕਸ਼ਮੀਰ ਦੇ ਸਾਰੇ ਮੁਗ਼ਲ ਬਾਗ਼, ਪਹਿਲਗਾਮ, ਪ੍ਰਸਿੱਧ ਸ਼ੰਕਰਾਚਾਰਿਆ ਮੰਦਿਰ, ਗੁਰਦੁਆਰੇ, ਗੁਲ ਮਰਗ, ਸੋਨ ਮਰਗ ਅਤੇ ਕਈ ਹੋਰ ਖੂਬਸੂਰਤ ਸਥਾਨਾਂ ਨੂੰ ਆਪਣੇ ਕੈਮਰੇ ਵਿਚ ਕੈਦ ਕੀਤਾ।

ਛੈਲ ਛਬੀਲਾ ਰੰਗ ਰੰਗੀਲਾ ਅਤੇ ਸੁੰਦਰਤਾ ਦਾ ਇਨਸਾਈਕਲੋਪੀਡੀਆ ਹੈ ਕਸ਼ਮੀਰ! ਕਸ਼ਮੀਰ ਦੀ ਵਿਸ਼ਵ ਪ੍ਰਸਿੱਧ ਡੱਲ ਝੀਲ ਰੁਜ਼ਗਾਰਦਾਤੀ ਹੈ। ਵੈਕੁੰਠ ਦੀ ਪਰਿਭਾਸ਼ਾ, ਅਦਭੁਤ ਕਰਿਸ਼ਮਾ, ਧਾਰਮਿਕ ਸਥਾਨਾਂ ਦਾ ਦੇਵ ਲੋਕ। ਕਸ਼ਮੀਰ ਦੀ ਧਰਤੀ ਨੂੰ ਕੁਦਰਤ ਨੇ ਦੁਲਹਨ ਵਾਂਗ ਸ਼ਿੰਗਾਰਿਆ ਹੈ। ਸੰਪੂਰਨ ਆਨੰਦ, ਖ਼ੁਸ਼ੀ ਦਾ ਖ਼ਜ਼ਾਨਾ। ਕੁਦਰਤ ਏਥੇ ਸਾਹਿਤ ਬਖ਼ਸ਼ਦੀ ਹੈ। ਸੁੰਦਰਤਾ ਦੇ ਵੱਖ-ਵੱਖ ਗਹਿਣਿਆਂ ਨਾਲ ਮਾਲਾ ਮਾਲ। ਕੁਦਰਤ ਇਥੇ ਹਜ਼ਾਰਾਂ ਹੀ ਖੂਬਸੂਰਤ ਰੰਗਾਂ ਨੂੰ ਧਰਤੀ 'ਤੇ ਅਲੰਕਾਰ ਕਰਦੀ ਹੋਈ ਵਸੀਅਤ ਲਿਖਦੀ ਹੈ। ਪ੍ਰਤੀਕ ਬਿੰਬ, ਤਸ਼ਬੀਹਾਂ, ਉਪਮਾ ਆਦਿ ਕੁਦਰਤ ਦੀ ਰਚਨਾ ਦਾ ਹੀ ਸਰੂਪ ਹਨ। ਕਸ਼ਮੀਰ ਦੀ ਧਰਤੀ ਅਦਭੁਤ ਕੀਮਤੀ ਫ਼ਸਲਾਂ ਦੀ ਜਨਮਦਾਤੀ ਹੈ। ਆਯੁਰਵੈਦ ਦੀ ਮੂੜ ਜੜ੍ਹ ਹੈ ਇਸ ਧਰਤੀ ਦੀ ਬਨਸਪਤੀ। ਕੁਦਰਤ ਦੀ ਕੋਈ ਭਾਸ਼ਾ ਨਹੀਂ ਹੁੰਦੀ ਪਰ ਇਸ ਨੂੰ ਹਰ ਪ੍ਰਾਣੀ ਮਹਿਸੂਸ ਕਰ ਸਕਦਾ ਹੈ। ਕਸ਼ਮੀਰ ਵਿਖੇ ਜਦ ਕੁਦਰਤ ਸੁੰਦਰ ਬਰਫ਼ੀਲੀ ਪਹਾੜੀਆਂ ਦੇ ਨਗਨ ਤਨ ਉਪੱਰ ਦਸਤਖ਼ਤ ਕਰਦੀ ਹੈ ਤਾਂ ਵਾਤਾਵਰਣ ਵਿਚ ਠੰਢਕ ਆਪਣੇ ਜਲਵੇ ਦਾ ਮਜ਼ਾ ਦੇ ਦਿੰਦੀ ਹੈ। ਕਸ਼ਮੀਰ (ਸ਼੍ਰੀਨਗਰ) ਵਿਖੇ ਡੱਲ ਝੀਲ ਸਭ ਤੋਂ ਖ਼ੂਬਸੂਰਤ ਵਿਸ਼ਵ ਪ੍ਰਸਿੱਧ ਦੇਖਣ ਵਾਲਾ ਸਥਾਨ ਮੰਨਿਆ ਜਾਂਦਾ ਹੈ ਜਿੱਥੇ ਕੁਦਰਤ ਨੇ ਹਰ ਸ਼ੈਅ ਵਿਚ ਸੁੰਦਰਤਾ ਭਰਕੇ ਪਰਮਾਤਮਾ ਦੇ ਰੂਪ ਦਾ ਇਕ ਹਿੱਸਾ ਅਲੰਕਾਰ ਕਰ ਦਿੱਤਾ ਹੈ। ਖ਼ੂਬਸੂਰਤੀ ਦਾ ਇਨਸਾਨੀਅਤ ਸਥਾਨ। ਕੁਦਰਤ ਆਪਣੇ ਗੁਲਫਾਮ ਅਭਿਵਾਦਨ ਵਿਚ ਜੀ ਆਇਆ ਕਹਿੰਦੀ ਪ੍ਰਤੀਤ ਹੁੰਦੀ ਹੈ।

ਡੱਲ ਝੀਲ ਦਾ ਪਾਣੀ ਕਈ ਰੰਗਾਂ ਵਿਚ ਆਪਣੇ ਰੂਪ ਬਦਲਦਾ ਹੈ। ਕੁਦਰਤ ਦਾ ਅਦਭੁਤ ਰੂਪਮਾਨ ਅਨੁਪਮ ਨਜ਼ਾਰਾ।



ਕੁਦਰਤ ਜਿਵੇਂ ਖ਼ੂਬਸੂਰਤ ਮਰਮਸਪਰਸ਼ੀ ਵੱਖ ਵੱਖ ਵਿਧਾਵਾਂ ਵਿਚ ਦ੍ਰਿਸ਼ਾਵਲੀਆਂ ਦਾ ਸਾਹਿਤ ਲਿਖ ਰਹੀ ਹੋਵੇ।

ਸਾਫ਼ ਪਾਣੀ ਦੀ ਇਹ ਭਾਰਤ ਦੀ ਸਭ ਤੋਂ ਵੱਡੀ ਝੀਲ ਹੈ ਅਤੇ ਵਿਸ਼ਵ ਪ੍ਰਸਿੱਧ ਹੈ। ਇਸਦੀ ਕੁਲ ਲੰਬਾਈ 8 ਕਿਲੋਮੀਟਰ ਅਤੇ ਚੌੜਾਈ 4 ਕਿਲੋਮੀਟਰ ਹੈ। ਡੱਲ ਝੀਲ ਨੂੰ ਸ਼੍ਰੀਨਗਰ ਸ਼ਹਿਰ ਦਾ ਦਿਲ ਵੀ ਕਿਹਾ ਜਾਂਦਾ ਹੈ। ਇਸੇ ਝੀਲ ਦੇ ਉਪੱਰ, ਝੀਲ ਦੇ ਨਾਲ ਨਾਲ ਮੁਗ਼ਲ ਬਾਗ਼ ਸ਼ੋਭਨੀਏ ਹਨ। ਜਿਸ ਤਰ੍ਹਾਂ ਚਸ਼ਮੇਸ਼ਾਹੀ, ਨਹਿਰੂ ਪਾਰਕ, ਪਰੀ ਮਹਿਲ, ਨਿਸ਼ਾਤ ਬਾਗ਼ ਅਤੇ ਸ਼ਾਲੀਮਾਰ ਬਾਗ਼। ਡੱਲ ਦੇ ਚਾਰੇ ਪਾਸੇ ਉਚੇ ਉਚੇ ਹਰਿਆਲੀ ਭਰੇ ਪਹਾੜ ਜਿਵੇਂ ਲੋਕਾਂ ਨੂੰ ਸ਼ੁਭ ਕਾਮਨਾ, ਆਸ਼ੀਰਵਾਦ ਦੇ ਰਹੇ ਹੋਣ। ਇਹ ਪ੍ਰਾਚੀਨ ਡੱਲ ਝੀਲ ਅੱਜ ਦੀ ਆਧੁਨਿਕਤਾ ਦੇ ਪਹਿਰਾਵੇ ਵਿਚ ਕਸ਼ਮੀਰ ਦੀ ਸਭਿਅਤਾ ਨੂੰ ਅਮੀਰ ਕਰਨ ਵਿਚ ਹਮੇਸ਼ਾ ਤਤਪਰ ਰਹਿੰਦੀ ਹੈ।

ਸਵੇਰੇ ਸ਼ਾਮ ਹਵਾ ਵਿਚ ਹਲਕੀ ਸੁਰਸੁਰੀ ਜਿਸਮ ਵਿਚ ਇਕ ਅਲੌਕਿਕ ਅਨੰਦ ਦਾ ਅਹਿਸਾਸ ਦਿੰਦੀ ਹੋਈ ਪ੍ਰਤੀਤ ਹੁੰਦੀ ਹੈ। ਸੁੰਦਰ ਦ੍ਰਿਸ਼ਾਵਾਲੀਆ ਨਾਲ ਮਾਲਾ ਮਾਲ ਕਸ਼ਮੀਰ।

ਰਾਤ ਦੇ ਸਮੇਂ ਸ਼ਿਕਾਰੇ (ਬੇੜੀ) ਵਿਚ ਬੈਠ ਕੇ ਘੁੰਮਣ ਦਾ ਆਪਣਾ ਹੀ ਨਜ਼ਾਰਾ ਹੁੰਦਾ ਹੈ।

ਰਾਤ ਦੇ ਸਮੇਂ ਚਮਚਮਾਤੀ ਰੌਸ਼ਨੀ ਵਿਚ, ਚੰਦਰਮੇ ਦੀ ਠੰਢੀ ਲੋਅ ਵਿਚ ਸਾਰੀ ਝੀਲ ਦੁਲਹਨ ਵਾਂਗੂੰ ਸਜੀ ਲਗਦੀ ਹੈ। ਰਾਤ ਸਮੇਂ ਜਗਦੀ ਝੀਲ ਨੂੰ ਗੋਲਡਨ ਝੀਲ ਦੇ ਨਾਂ ਨਾਲ ਪੁਕਾਰਿਆ ਜਾਂਦਾ ਹੈ। ਰਾਤ ਨੂੰ ਝੀਲ ਵਿਚ ਪੈਂਦੀ ਰੌਸ਼ਨੀ ਇੰਝ ਪ੍ਰਤੀਤ ਹੁੰਦੀ ਹੈ ਜਿਵੇਂ ਸਾਰਾ ਪਾਣੀ ਹੀ ਜਗ-ਮਗ ਜਗ-ਮਗ ਰੌਸ਼ਨੀ ਦੇ ਰਿਹਾ ਹੋਵੇ।

ਇਸ ਝੀਲ ਦੇ ਨਾਲ ਹੋਰ ਕਈ ਝੀਲਾਂ ਪੈਂਦੀਆਂ ਹਨ ਜੋ ਇਸਦਾ ਇਕ ਹਿੱਸਾ ਬਣੀਆਂ ਹਨ ਜਿਸ ਤਰ੍ਹਾਂ ਲੈਟਸ ਲੇਕ, ਗੁਲਫਾਮ ਲੇਕ ਅਤੇ ਹੋਰ ਝੀਲਾਂ।

ਝੀਲ ਦੇ ਵਿਚ ਥੋੜ੍ਹੀ ਦੂਰ ਸੱਜੇ ਖੱਬੇ ਬਹੁਤ ਵੱਡੀ ਮਾਰਕੀਟ ਬਣੀ ਹੋਈ ਹੈ। ਸਾਰੀ ਬੇੜੀ ਸਥਿਰ ਮਾਰਕੀਟ ਹੈ। ਵੱਡੇ ਆਕਾਰ ਦੀਆਂ ਬੇੜੀਆਂ ਵਿਚ ਆਪਣਾ ਹੀ ਮਜ਼ਾ ਹੁੰਦਾ ਹੈ ਜਿਵੇਂ ਮਨੁੱਖ ਜੰਨਤ ਵਿਚ ਉਤਰ ਆਇਆ ਹੋਵੇ।

ਝੀਲ ਦੇ ਪਾਣੀ ਵਿਚ ਹੀ ਕਈ ਤਰ੍ਹਾਂ ਦੀਆਂ ਸਬਜ਼ੀਆਂ ਵੀ ਪੈਦਾ ਕੀਤੀਆਂ ਜਾਂਦੀ ਹਨ। ਇਸ ਨੂੰ ਵੈਜੀਟੇਬਲ ਲੈਂਡ ਕਹਿੰਦੇ ਹਨ। ਝੀਲ ਵਿਚਲੇ ਬਾਜ਼ਾਰ ਨੂੰ ਮੀਨਾ ਬਾਜ਼ਾਰ ਕਹਿ- ਦੇ ਹਨ। ਇਹ ਲਗਭਗ 25 ਕਿਲੋਮੀਟਰ ਲੰਬਾ ਹੈ। ਇਸ ਝੀਲ ਵਿਚ ਵੈਜੀਟੇਬਲ ਲੈਂਡ ਵਿਚ ਟਮਾਟਰ, ਕੱਦੂ, ਖੀਰਾ, ਖਰਬੂਜਾ ਆਦਿ ਸਬਜ਼ੀਆਂ ਪੈਦਾ ਕੀਤੀਆਂ ਜਾਂਦੀਆਂ ਹਨ। ਇਸ ਸਾਰੀ ਝੀਲ ਨੂੰ ਵੇਖਣ ਲਈ ਲਗਭਗ ਦੋ ਦਿਨ ਲਗਦੇ ਹਨ।

ਇਸ ਝੀਲ ਦੇ ਨਜ਼ਦੀਕ ਹੀ ਜਬਰਵਾਨ ਅਤੇ ਮਹਾਂਦੇਵ ਪਰਬਤ ਹਨ ਅਤੇ ਪਹਾੜਾਂ ਦੀਆਂ ਚੋਟੀਆਂ ਉਪੱਰ ਸਾਰਾ ਸਾਲ ਬਰਫ਼ ਪਈ ਰਹਿੰਦੀ ਹੈ।

ਡੱਲ ਝੀਲ ਦੇ ਨਜ਼ਦੀਕ ਪਰੀ ਮਹਿਲ ਅਤੇ ਸੈਂਟੌਰ ਹੋਟਲ ਸਾਫ਼ ਨਜ਼ਰ ਆਉਂਦੇ ਹਨ। ਝੀਲ ਦੇ ਠੀਕ ਵਿਚਕਾਰ ਚਾਰ ਚਿਨਾਰ ਦਾ ਛੋਟਾ ਜਿਹਾ ਟਾਪੂ ਆਪਣੀ ਸੁੰਦਰਤਾ ਦਾ ਪਰਿਚੇ ਦਿੰਦਾ ਨਜ਼ਰ ਆਉਂਦਾ ਹੈ ਜਿਸ ਵਿਚ ਖੂਬਸੂਰਤ ਬਾਗ਼ ਆਪਣੀ ਪ੍ਰਤਿਭਾ ਦਰਸਾਉਂਦਾ ਨਜ਼ਰ ਆਉਂਦਾ ਹੈ। ਚਾਰ ਚਿਨਾਰ ਨੂੰ ਵੇਖਣ ਲਈ ਕੇਵਲ ਸ਼ਿਕਾਰੇ ਉਪੱਰ ਹੀ ਜਾਇਆ ਜਾ ਸਕਦਾ ਹੈ। ਨਹਿਰੂ ਪਾਰਕ ਜਾਣ ਲਈ ਵੀ ਸ਼ਿਕਾਰੇ ਦੀ ਜ਼ਰੂਰਤ ਪੈਂਦੀ ਹੈ। ਲਾਲ ਚੌਂਕ ਤੋਂ ਇਹ ਝੀਲ ਲਗਭਗ ਢਾਈ ਕਿਲੋਮੀਟਰ ਦੂਰ ਪੈਂਦੀ ਹੈ ਅਤੇ ਡੱਲ ਗੇਟ ਤੋਂ ਸ਼ੁਰੂ ਹੁੰਦੀ ਹੈ।

ਹਾਊਸ ਬੋਟਸ ਤਾਂ ਇਸ ਝੀਲ ਦੀ ਸੁੰਦਰਤਾ ਨੂੰ ਜੰਨਤ ਦਾ ਦਰਜ਼ਾ ਦੇਣ ਦੀ ਗਵਾਹੀ ਭਰਦੇ ਹਨ। ਖੂਬਸੂਰਤ, ਸਾਜ ਸੱਜਾ ਨਾਲ ਸੰਵਰੇ, ਖੂਬਸੂਰਤ ਰੰਗ ਬਰੰਗੇ, ਦਿਲਕਸ਼ ਆਧੁਨਿਕ ਨਿਰਮਾਣਸ਼ੈਲੀ ਵਿਚ ਬਣੇ ਹਾਊਸ ਬੋਟਸ ਵਾਕਈ ਜੰਨਤ ਦਾ ਪਰਾਏਵਾਚੀ ਹਨ। ਇਹ ਖੂਬਸੂਰਤ ਹਾਊਸ ਬੋਟਸ ਝੀਲ ਦੇ ਕਿਨਾਰੇ ਕਿਨਾਰੇ ਇਕ ਲੰਬੀ ਲਾਈਨ ਵਿਚ ਖੜ੍ਹੇ ਯਾਤਰੀਆਂ ਦਾ ਸੈਲਾਨੀਆਂ ਦਾ ਖ਼ਾਮੋਸ਼ ਅਭਿਵਾਨ ਕਰਦੇ ਮਹਿਸੂਸ ਹੁੰਦੇ ਹਨ। ਸੈਲਾਨੀ ਇਨ੍ਹਾਂ ਹਾਊਸ ਬੋਟਸ ਵਿਚ ਰਹਿਣਾ ਜ਼ਿਆਦਾ ਪਸੰਦ ਕਰਦੇ ਹਨ। ਇਕ ਹਾਊਸ ਬੋਟ ਵਿਚ ਕਈ ਕਮਰੇ ਹੁੰਦੇ ਹਨ। ਕਮਰੇ ਅਤੇ ਸਹੂਲਤਾਂ ਹਾਊਸ ਬੋਟ ਦੇ ਆਕਾਰ ਤੇ ਬਣਾਵਟ ਉਪੱਰ ਨਿਰਭਰ ਕਰਦੇ ਹਨ। ਇਕ ਹਾਊਸ ਬੋਟ ਵਿਚ ਦਸ ਤੋਂ ਬਾਰਾਂ ਵਿਅਕਤੀ ਰਹਿ ਸਕਦੇ ਹਨ। ਹਾਊਸ ਬੋਟ ਤੱਕ ਜਾਣ ਲਈ ਮਾਲਿਕ ਸ਼ਿਕਾਰਾ ਭੇਜਦੇ ਹਨ ਜਿਸਦਾ ਕਿਰਾਇਆ ਹਾਊਸ ਬੋਟ ਵਿਚ ਸ਼ਾਮਿਲ ਹੁੰਦਾ ਹੈ। ਸ਼ਾਮ ਨੂੰ ਹਾਊਸ ਬੋਟ ਦੀ ਬਾਲਕਾਨੀ ਜਾਂ ਛੱਤ ਉਪੱਰ ਬੈਠ ਕੇ ਡੱਲ ਝੀਲ ਦਾ ਨਜ਼ਾਰਾ ਲਿਆ ਜਾ ਸਕਦਾ ਹੈ ਜੋ ਤੁਹਾਡੇ ਮਸਤਕ ਵਿਚ ਹਮੇਸ਼ਾ ਲਈ ਅੰਕਿਤ ਹੋ ਜਾਂਦਾ ਹੈ। ਇਥੇ ਫ਼ੋਟੋਗ੍ਰਾਫ਼ੀ ਦਾ ਆਪਣਾ ਹੀ ਮਜ਼ਾ ਲੁਤਫ਼ ਨਜ਼ਾਰਾ ਹੁੰਦਾ ਹੈ। ਰਾਤ ਦਾ ਨਜ਼ਾਰਾ ਤਾਂ ਕਮਾਲ ਦਾ ਹੁੰਦਾ ਹੈ। ਕਿਸੇ ਜੰਨਤ (ਦੇਵ ਲੋਕ) ਦਾ ਅਹਿਸਾਸ ਪ੍ਰਤੀਤ ਹੁੰਦਾ ਹੈ। ਕੁਝ ਘਰ ਵੀ ਹਾਊਸ ਬੋਟ ਵਿਚ ਲੋਕਾਂ ਨੇ ਬਣਾਏ ਹੋਏ ਹਨ ਜਿਨ੍ਹਾਂ ਦਾ ਸਾਰਾ ਜੀਵਨ ਇਨ੍ਹਾਂ ਵਿਚ ਹੀ ਨਿਕਲ ਜਾਂਦਾ ਹੈ।

ਝੀਲ ਵਿਚ ਬੋਟਨੁਮਾ ਦੁਕਾਨਾਂ ਤੋਂ ਹਰ ਚੀਜ਼ ਮਿਲ ਜਾਂਦੀ ਹੈ ਜਿਸ ਤਰ੍ਹਾਂ ਕਸ਼ਮੀਰ ਕਲਾ ਦੀਆਂ ਚੀਜ਼ਾਂ, ਕਸ਼ਮੀਰੀ ਸ਼ਾਲ, ਕਾਲੀਨ, ਕੇਸਰ ਅਤੇ ਪੇਪਰਕਾਸ਼ੀ ਦਾ ਸਾਮਾਨ ਦੁਕਾਨਦਾਰ ਸ਼ਿਕਾਰੇ ਵਿਚ ਭਰਕੇ ਤੁਹਾਡੇ ਹਾਊਸ ਬੋਟ ਵਿਚ ਹੀ ਆ ਜਾਂਦੇ ਹਨ। ਸ਼ਿਕਾਰਿਆਂ ਵਿਚ ਹੀ ਸਾਮਾਨ ਮਿਲਦਾ ਹੈ ਜੋ ਤੈਰਦੇ ਸ਼ਿਕਾਰਿਆਂ ਵਿਚ ਵੇਚਿਆ ਜਾਂਦਾ ਹੈ।

ਡੱਲ ਝੀਲ ਵਿਚ ਲਗਭਗ 300 ਕੁਦਰਤੀ ਝਰਨੇ ਫੁੱਟਦੇ ਹਨ ਜੋ ਆਪਣੇ ਆਪ ਜ਼ਮੀਨ ਵਿਚੋਂ ਫੁੱਟਦੇ ਹਨ। ਝੀਲ ਵਿਚ ਅਨੇਕਾਂ ਹੀ ਤਰਤੀਬਮਈ ਦਿਲਕਸ਼ ਫ਼ੁਆਰਿਆਂ ਦਾ ਨਜ਼ਾਰਾ ਵੀ ਵੇਖਣਯੋਗ ਹੁੰਦਾ ਹੈ ਜੋ ਡੱਲ ਝੀਲ ਦੇ ਆਸ ਪਾਸ ਅਤੇ ਇਸ ਅੰਦਰ ਸੁੰਦਰ ਦ੍ਰਿਸ਼ਵਾਲੀਆਂ ਦਾ ਅਦਭੁਤ ਨਜ਼ਾਰਾ ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਜੰਨਤ ਦੇ ਮਾਲਿਕ ਨੇ ਕਿਸੇ ਹਰਕਾਰੇ ਦੇ ਹੱਥ ਜੰਨਤ ਕਸ਼ਮੀਰ ਵਿਖੇ ਭੇਜ ਦਿੱਤੀ ਹੋਵੇ।

ਕਸ਼ਮੀਰ (ਸ਼੍ਰੀਨਗਰ) ਵਿਖੇ ਅਨੇਕਾਂ ਸਥਾਨ ਵੇਖਣਯੋਗ ਹਨ ਖ਼ਾਸ ਕਰਕੇ, ਮੁਗ਼ਲ ਬਾਗ਼, ਚਸ਼ਮੇਸ਼ਾਹੀ ਬਾਗ਼, ਨਿਸ਼ਾਤ ਬਾਗ਼, ਸ਼ਾਲੀਮਾਰ ਬਾਗ਼, ਅਤੇ 90 ਕਿਲੋਮੀਟਰ ਪਹਿਲਗਾਮ ਚੰਦਨਵਾੜੀ, ਗੁਲ ਮਰਗ, ਸੋਨ ਮਰਗ, ਅੱਲਾ ਪਤਰੀ ਬੇਤਾਬ ਵੈਲੀ ਪਹਾੜ, ਆੜੂ ਵੈਲੀ, ਟੂਲਿਪ ਬਾਗ਼ ਅਤੇ ਕਈ ਵੈਲੀਆਂ ਵੇਖਣਯੋਗ ਹਨ।

ਇਸਦੇ ਆਸ ਪਾਸ ਦੇ ਕੁਝ ਦੂਰੀ ਉਪੱਰ ਵੇਖਣ ਵਾਲੇ ਅਨੇਕਾਂ ਹੀ ਸਥਾਨ ਹਨ: ਹਜ਼ਰਤ ਮਸਜਿਦ, ਸ਼ੰਕਰਾਚਾਰਿਆ ਮੰਦਿਰ, ਹਰੀ ਪਰਬਤ ਕਿਲ੍ਹਾ, ਹਾਰਵਨ ਬਾਗ਼, ਪਰੀ ਮਹਿਲ, ਜਾਮਾ ਮਸਜਿਦ, ਹਨੂੰਮਾਨ ਮੰਦਿਰ, ਪਾਮਪੁਰ (ਕੇਸਰ ਵਾਲੀ ਜ਼ਮੀਨ), ਮਟਨ, ਜੇਸ਼ਠ ਮਾਤਾ ਮੰਦਿਰ, ਖੀਰ ਭਵਦੀ ਮੰਦਿਰ, ਅੱਛਾਬਲ, ਯੁਸਮਰਗ, ਤੰਗ ਮਰਗ, ਅਵਾਂਤਪੁਰ, ਨੂਨ-ਕੂਨ, ਸੋਨਾ ਮਰਗ ਦੇ ਇਲਾਵਾ ਅਨੇਕਾਂ ਧਾਰਮਿਕ ਸਥਾਨ ਵੇਖਣਯੋਗ ਹਨ। ਕਸ਼ਮੀਰ ਵਿਖੇ ਇਕ ਬਹੁਤ ਵੱਡਾ ਗੁਰਦੁਆਰਾ ਹੈ ਬਰਜਲਾ ਬਾਗ਼ਾ, ਸ਼ਹੀਦ ਬੂੰਗਾ ਗੁਰਦੁਆਰਾ (ਹੋਲੀ ਸਿਟੀ ਰਾਮ ਤੀਰਥ ਰੋਡ) ਵਿਖੇ। ਇਸ ਗੁਰਦੁਆਰੇ ਵਿਚ ਯਾਤਰੀ ਸੈਲਾਨੀ ਤਿੰਨ ਦਿਨਾਂ ਤੱਕ ਮੁਫ਼ਤ ਰਹਿ ਸਕਦੇ ਹਨ। ਇਥੇ ਰਹਿਣ ਲਈ ਕਮਰੇ ਹਨ। ਰਹਿਣ ਦਾ ਪੂਰਾ ਪ੍ਰਬੰਧ ਹੈ। ਲੰਗਰ ਦੀ ਵਿਵਸਥਾ ਵੀ ਹੈ।

ਕਸ਼ਮੀਰ (ਸ਼੍ਰੀਨਗਰ) ਵਿਖੇ ਅਨੇਕਾਂ ਹੀ 'ਨਾਗ' ਦੇ ਨਾਮ ਨਾਲ ਪ੍ਰਸਿੱਧ ਹਨ। ਜਿਸ ਤਰ੍ਹਾਂ ਵੈਰੀ ਨਾਗ, ਅਨੰਤ ਨਾਗ ਆਦਿ। ਇਤਿਹਾਸ ਵਿਚ ਨਾਗਵੰਸ਼ੀਆਂ ਬਾਰੇ ਲਿਖਿਆ ਗਿਆ ਹੈ ਕਿ ਟਾਂਕ ਕਸ਼ਤਰੀਏ ਨਾਗਵੰਸ਼ੀ ਰਾਜਾ ਤਕਸ਼ਕ ਦੀ ਕੁਲ ਵਿਚੋਂ ਸੀ। ਨਾਗਵੰਸ਼ੀ ਜਾਤੀ ਨੇ ਈਸਾ ਪੂਰਵ ਛੇਵੀਂ ਸ਼ਤਾਬਦੀ ਵਿਚ ਭਾਰਤ ਉਪੱਰ ਹਮਲਾ ਕਰਕੇ ਕਬਜ਼ਾ ਕਰ ਲਿਆ ਸੀ। ਇਸ ਕੁਲ ਦੇ ਰਾਜਾ ਤਕਸ਼ਕ ਕਰਕੇ ਟਾਂਕ ਰਾਜ ਕੁਲ ਪ੍ਰਸਿੱਧ ਹੋਈ ਜੋ ਰਾਜਸਥਾਨ ਦੇ 36 ਪ੍ਰਮਾਣਿਕ ਰਾਜ ਘਰਾਣਿਆਂ ਵਿੱਚੋਂ 23ਵੇਂ ਸਥਾਨ ਉਪੱਰ ਹੈ। ਸੂਰਜਵੰਸ਼ੀ ਰਾਜਾ ਰਾਮ ਚੰਦਰ ਨੇ ਪੰਜਵੀ ਜਗ੍ਹਾ ਤਕਸ਼ਕ ਨਾਮ ਦਾ ਰਾਜਾ ਹੋਇਆ ਹੈ ਜਿਸਦੇ ਵੰਸ਼ ਨੇ ਅਯੋਧਿਆ, ਸੌਰਾਸ਼ਟਰ ਅਤੇ ਮੇਵਾੜ ਉਪੱਰ ਰਾਜ ਕੀਤਾ। ਟਾਂਕ ਕਸ਼ਤਰੀਏ ਦੀ ਮੂਹੀ ਨਾਗਵੰਸ਼ ਹੈ ਜੋ ਕਸ਼ਯਮ ਰਿਸ਼ੀ ਦੇ ਪੁੱਤਰ ਸੂਰਜ ਤੋਂ ਸ਼ੁਰੂ ਹੋਇਆ। ਕਸ਼ਯਪ ਦੀਆਂ ਦੋ ਰਾਣੀਆਂ ਸਨ- ਕਦਰੂ ਅਤੇ ਵਿਨੀਤਾ। ਕਦਰੂ ਦੇ ਪੁੱਤਰ ਨੀਲ, ਪਦਮ ਅਤੇ ਸਾਂਖ ਸਨ। ਵਿਨੀਤਾ ਦੇ ਪੁੱਤਰ ਸੂਰਜ, ਧਰਮ ਰਾਜ, ਗਰੁੜ ਅਤੇ ਪੁੱਤਰੀ ਯਮੁਨਾ ਸੀ। ਕਸ਼ਯਪ ਦੇ ਬਾਅਦ ਸੂਰਜ ਗੱਦੀ ਉਪੱਰ ਬੈਠਾ। ਇਸਦੇ ਭਰਾ ਆਪਣੇ ਸੌਤੇਲੇ ਭਰਾਵਾਂ- ਨੀਲ, ਪਦਮ ਅਤੇ ਸਾਂਖ ਨੂੰ ਕਰੋਧੀ ਸੁਭਾਅ ਹੋਣ ਦੇ ਕਾਰਣ ਨਾਗ ਕਹਿਕੇ ਬੁਲਾਵਣ ਲੱਗੇ ਅਤੇ ਇਸਨੂੰ ਸਤੀ ਸਰਸ (ਕਸ਼ਮੀਰ) ਦਾ ਇਲਾਕਾ ਦੇ ਕੇ ਅਲੱਗ ਕਰ ਦਿੱਤਾ। ਅੱਜ ਵੀ ਕਸ਼ਮੀਰ ਦੇ ਚਸ਼ਮਿਆਂ ਦਾ ਨਾਮ ਇਨ੍ਹਾਂ ਦੇ ਨਾਂ ਉਪੱਰ ਪ੍ਰਸਿੱਧ ਹਨ ਜਿਸ ਤਰ੍ਹਾਂ ਵੈਲੀ ਨਾਗ, ਅਨੰਤ ਨਾਗ ਆਦਿ। ਭਾਰਤ ਦਾ ਤਾਜ ਕਿਹਾ ਜਾਣ ਵਾਲਾ ਕਸ਼ਮੀਰ ਰਾਜ ਆਪਣੇ ਗੋਰਵਪੂਰਨ ਇਤਿਹਾਸ ਅਤੇ ਕੁਦਰਤੀ ਖੂਬਸੂਰਤੀ ਨਾਲ ਖੈਰ ਖਵਾਹੀ ਦਿੰਦਾ ਹੋਇਆ ਵਿਸ਼ਵ ਭਰ ਵਿਚ ਸੈਲਾਨੀਆਂ ਦਾ ਪਸੰਦੀਦਾ ਗੁਲਫ਼ਾਮ ਸਥਾਨ ਹੈ। ਈਸਾ ਪੂਰਵ ਤੀਜੀ ਸ਼ਤਾਬਦੀ ਵਿਚ ਸਮਰਾਟ ਅਸ਼ੋਕ ਨੇ ਕਸ਼ਮੀਰ ਵਿਚ ਬੁੱਧ ਧਰਮ ਦਾ ਪ੍ਰਚਾਰ ਕੀਤਾ। ਬਾਅਦ ਵਿਚ ਮਹਾਰਾਜਾ ਕਨਿਸ਼ਕ ਨੇ ਇਸ ਦੀਆਂ ਜੜ੍ਹਾਂ ਹੋਰ ਮਜ਼ਬੂਤ ਕੀਤੀਆਂ। ਤੇਰਵੀਂ ਸ਼ਤਾਬਦੀ ਵਿਚ ਕਸ਼ਮੀਰ ਉਤੇ 'ਹੂਣੋ' ਦਾ ਅਧਿਕਾਰ ਰਿਹਾ। ਕਸ਼ਮੀਰ ਦੇ ਹਿੰਦੂ ਰਾਜਿਆਂ ਵਿਚ ਲਲਿਤਾ ਦਿਤਯ ਸਭ ਤੋਂ ਪ੍ਰਸਿੱਧ ਰਾਜਾ ਹੋਇਆ। ਇੱਥੇ ਇਸਲਾਮ ਦਾ ਆਗਮਨ 13ਵੀਂ ਅਤੇ 14ਵੀਂ ਸਦੀ ਵਿਚ ਹੋਇਆ ਅਤੇ 63 ਸਾਲਾਂ ਤੱਕ ਇਸ ਰਾਜ ਉਤੇ ਪਠਾਨਾਂ ਦਾ ਸ਼ਾਸਨ ਰਿਹਾ।



ਬਲਵਿੰਦਰ 'ਬਾਲਮ' ਗੁਰਦਾਸਪੁਰ
91-98156-25409

ਬਾਅਦ ਵਿਚ ਡੋਗਰਾ ਸ਼ਾਸਕ ਰਾਜਾ ਮਾਲਦੇਵ ਨੇ ਕਈ ਇਲਾਕੇ ਜਿੱਤ ਕੇ ਆਪਣੇ ਵਿਸ਼ਾਲ ਰਾਜ ਦੀ ਸਥਾਪਨਾ ਕੀਤੀ। ਇਸਦੇ ਬਾਅਦ ਪੰਜਾਬ ਦੇ ਸ਼ਾਸਕ ਰਾਜਾ ਰਣਜੀਤ ਸਿੰਘ ਨੇ ਇਸਨੂੰ ਆਪਣੇ ਰਾਜ ਵਿਚ ਮਿਲਾ ਲਿਆ। ਇਸ ਦੇ ਬਾਅਦ ਮਹਾਰਾਜਾ ਹਰੀ ਸਿੰਘ ਨੇ 26 ਅਕਤੂਬਰ 1947 ਦੀ ਭਾਰਤੀ ਸੰਘ ਦੇ ਇਕ ਸਮੂਹ ਉਪੱਰ ਦਸਤਖ਼ਤ ਕੀਤੇ।

ਜੰਮੂ ਕਸ਼ਮੀਰ ਰਾਜ ਦੀ ਲਗਭਗ 80 ਪ੍ਰਤੀਸ਼ਤ ਜਨਸੰਖਿਆ ਖੇਤੀਬਾੜੀ/ਬਾਗ਼ਬਾਨੀ (ਕਾਸ਼ਤਕਾਰੀ) ਉਪੱਰ ਨਿਰਭਰ ਹੈ। ਇਥੇ ਬੋਲੀ ਜਾਣ ਵਾਲੀ ਪ੍ਰਮੁੱਖ ਭਾਸ਼ਾ ਉਰਦੂ ਹੈ ਅਤੇ ਕਸ਼ਮੀਰੀ, ਡੋਗਰੀ, ਹਿੰਦੀ, ਪੰਜਾਬੀ, ਲੱਦਾਖੀ ਆਦਿ ਭਾਸ਼ਾਵਾਂ ਵੀ ਬੋਲੀਆਂ ਜਾਂਦੀਆਂ ਹਨ।

ਲਗਭਗ 101387 ਵਰਗ ਕਿਲੋਮੀਟਰ ਖੇਤਰਫ਼ਲ ਵਿਚ ਫੈਲਿਆ ਇਹ ਰਾਜ ਸੈਲਾਨੀਆਂ ਦੀ ਦ੍ਰਿਸ਼ਟੀ ਵਿਚ ਬੇਹੱਦ ਮਹਤਵਪੂਰ, ਅਦਭੁਤ ਸਥਾਨ ਹੈ। ਇੱਥੇ ਮੁਗ਼ਲ ਬਾਦਸ਼ਾਹਾਂ ਦੁ- ਆਰਾ ਨਿਰਮਿਤ ਬਾਗ਼ ਬਗੀਚੇ ਆਪਣੀ ਅਦਭੁਤ ਅਤਿ ਸੁੰਦਰਤਾ ਲਈ ਵਿਸ਼ਵ ਪ੍ਰਸਿੱਧ ਹਨ। ਇਸ ਕਰਕੇ ਲੱਦਾਖ ਸਥਿੱਤ ਬੁੱਧ ਮੰਦਿਰ ਅਤੇ ਮਠ ਸਥਾਪਤ ਕਲਾ ਦੀ ਮਨੋਰਮ ਵੈਕੁੰਠ ਭਰੀ ਮਿਸਾਲ ਹੈ। ਕੁਦਰਤੀ ਖੂਬਸੂਰਤੀ ਨਾਲ ਮਾਲਾ ਮਾਲ ਇੱਥੋਂ ਦੀਆਂ ਮਨੋਹਰ ਵਾਦੀਆਂ ਨੂੰ ਵੇਖਕੇ ਮੁਗ਼ਲ ਬਾਦਸ਼ਾਹ ਜਹਾਂਗੀਰ ਨੇ ਇਸੇ ਧਰਤੀ ਉਪੱਰ ਸਵਰਗ ਨਾਮ ਦਿੱਤਾ ਹੈ। ਦੁਧੀਆ ਦ੍ਰਿਸ਼ਾਵਲੀਆਂ, ਅਦਭੁਤ ਮਨਮੋਹਣੀਆਂ ਵਾਦੀਆਂ ਵਿਚ ਆ ਕੇ ਕਿਸੇ ਦਾ ਵੀ ਮਨ-ਤਨ ਭਾਵਵਿਭੋਰ ਹੋਏ ਬਿਨਾਂ ਨਹੀਂ ਰਹਿੰਦਾ।

ਬਰਫ਼ ਨਾਲ ਲੱਥ ਪੱਥ ਪਹਾੜੀਆਂ, ਝਰਨੇ, ਹਰੇ ਭਰੇ ਬਾਗ਼, ਚਮਕਦੀਆਂ ਝੀਲਾਂ, ਚਿਨਾਰ ਦੇ ਰੁੱਖ ਅਤੇ ਅਨੇਕਾਂ ਪ੍ਰਕਾਰ ਦੇ ਫ਼ਲ, ਫੁੱਲ, ਚਾਰ ਸੌ ਸਾਲ ਪੁਰਾਣੇ ਰੁੱਖ, ਨਾਗਿਨ ਝੀਲ ਇਸਦੀ ਸੁੰਦਰਤਾ ਨੂੰ ਚਾਰ ਚੰਨ ਲਗਾ ਰਹੇ ਹਨ।

ਸੂਫ਼ੀ ਸੰਤਾਂ ਦੀਆਂ ਅਨੇਕ ਪਵਿੱਤਰ ਦਰਗਾਹਾਂ, ਜੈਣ ਓਲਦੀਨ ਸ਼ਾਹ ਜੈਰਤ (ਰਿਸ਼ੀ ਸੀ), ਮਹਿਜੂਰ ਦਾ ਕਬਰਿਸਤਾਨ, ਜਾਮੀਆ ਮਸਜਿਦ, ਹਜਰਤ ਬਲ, ਹਿੰਦੂਆਂ ਤੇ ਸਿੱਖਾਂ ਦੇ ਤੀਰਥ ਸਥਾਨ ਆਦਿ ਇਸ ਧਰਤੀ ਨੂੰ ਪਵਿੱਤਰਤਾ ਦਿੰਦੇ ਹੋਏ ਅਸ਼ੀਰਵਾਦ ਦੇ ਰਹੇ ਹਨ। ਸ਼੍ਰੀਨਗਰ ਸ਼ਹਿਰ ਜਿਹਲਮ ਨਦੀ ਦੇ ਦੋਵਾਂ ਕਿਨਾਰਿਆਂ ਉਪੱਰ ਵਸਿਆ ਹੋਇਆ ਹੈ।

ਕਸ਼ਮੀਰ (ਸ਼੍ਰੀਨਗਰ) ਨੂੰ ਵਿਸ਼ੇਸ਼ ਤੌਰ 'ਤੇ ਫ਼ਲ ਫੁੱਲਾਂ ਦੀ ਧਰਤੀ ਵੀ ਕਿਹਾ ਜਾਂਦਾ ਹੈ। ਇਸ ਧਰਤੀ ਉਪੱਰ ਕੁਦਰਤ ਦੀ ਏਨੀ ਬਖ਼ਸ਼ਿਸ਼ ਹੈ ਕਿ ਅਨੇਕਾਂ ਬਾਗ਼ ਇਸ ਧਰਤੀ ਦੇ ਹਿੱਸੇ ਆਏ ਹਨ ਖ਼ਾਸ ਕਰਕੇ ਸੇਬਾਂ ਦੇ ਕਈ ਕਈ ਮੀਲ ਲੰਬੇ ਬਾਗ਼ ਵਿਸ਼ੇਸ਼ ਤੌਰ 'ਤੇ ਕਈ ਮੀਲ ਲੰਬੀ ਐਪਲ ਵੈਲੀ (ਸੇਬ ਵੈਲੀ) ਕਸਬਾ ਕਲਿਆਣ ਵਿਖੇ ਹੈ ਜਿੱਥੇ ਸਾਰੀ ਧਰਤੀ ਬਾਗ਼ਾਂ ਨੇ ਜੰਨਤ ਬਣਾ ਰੱਖੀ ਹੈ। ਹੋਰ ਅਖਰੋਟ ਦੇ ਵੱਡੇ ਰੁੱਖ ਬਾਗ਼। ਹਰ ਤਰ੍ਹਾਂ ਦਾ ਫਰੂਟ ਹੁੰਦਾ ਹੈ। ਖ਼ਾਸ ਕਰਕੇ ਪਾਮ ਕਸਬੇ ਵਿਖੇ ਕੇਸਰ ਦੀ ਖੇਤੀ ਹੁੰਦੀ ਹੈ। ਦੁਨੀਆਂ ਵਿਚ ਇਸ ਸਥਾਨ ਦੀ ਮਹੱਤਤਾ ਹੈ। ਇਹ ਕੇਸਰ ਦੇਸ਼-ਵਿਦੇਸ਼ ਤੱਕ ਜਾਂਦਾ ਹੈ। ਇਸ ਧਰਤੀ ਨੂੰ ਮਾਲਾ ਮਾਲ ਕੀਤਾ ਹੈ ਕੁਦਰਤ ਨੇ। ਸਾਰਾ ਇਲਾਕਾ ਬਿਲਕੁਲ ਪੱਧਰਾ ਹੈ। ਕਸ਼ਮੀਰ ਜਿੱਥੇ ਆਪਣੀ ਅਦਭੁਤ ਸੁੰਦਰਤਾ ਨਾਲ ਮਾਲਾ ਮਾਲਾ ਹੈ। ਕਿਸੇ ਸਮੇਂ ਭਾਰਤ ਦਾ ਸਭ ਤੋਂ ਕਮਾਊ ਸ਼ਹਿਰ ਸੀ। ਦੇਸ਼-ਵਿਦੇਸ਼ ਦੇ ਲੋਕਾਂ ਦਾ ਤਾਂਤਾ ਲੱਗਾ ਰਹਿੰਦਾ ਸੀ। ਇੱਥੇ ਅਜਕਲ ਲੋਕ ਮਾਹੌਲ ਨੂੰ ਵੇਖਦੇ ਹੋਏ ਡਰਦੇ ਹੀ ਨਈਂ ਜਾਂਦੇ। ਇੱਥੋਂ ਦੇ ਲੋਕਾਂ ਦਾ ਵਪਾਰ ਮੱਧਮ ਪੈ ਗਿਆ ਹੈ। ਖ਼ਾਸ ਕਰਕੇ ਡੱਲ ਝੀਲ ਦੇ ਸ਼ਿਕਾਰੇ, ਹਾਊਸ ਬੋਟ ਦੀ ਤਰਸਯੋਗ ਹਾਲਤ ਹੋ ਗਈ ਹੈ। ਫਾਈਵ ਸਟਾਰ ਵਰਗੇ ਹਾਊਸ ਬੋਟਸ ਦਾ ਮਾੜਾ ਹਾਲ ਹੈ। ਟਾਂਵੇਂ ਟਾਂਵੇਂ ਲੋਕ ਹੀ ਇੱਥੇ ਅਉਂਦੇ ਹਨ। ਬੇਸ਼ੱਕ ਪ੍ਰਸ਼ਾਸਨ ਦੁਆਰਾ ਸੁਰੱਖਿਆ ਦੇ ਕੜੇ ਪ੍ਰਬੰਧ ਹਨ ਪਰ ਮਾਹੌਲ ਤੋਂ ਡਰਕੇ ਲੋਕ ਘੱਟ ਜਾਂਦੇ ਹਨ। ਆਮ ਜਨਤਾ ਜਾਂ ਸੈਲਾਨੀਆਂ ਦੀ ਪੂਰੀ ਇੱਜ਼ਤ ਹੁੰਦੀ ਹੈ। ਫਿਰ ਵੀ ਕਸ਼ਮੀਰ ਕਸ਼ਮੀਰ ਹੀ ਹੈ। ਇਕ ਅਦਭੁਤ ਧਰਤੀ ਦਾ ਵੈਕੁੰਠ।

# ਸਿੱਖਿਆ ਦਾ ਅਧਿਕਾਰ ਲਾਗੂ ਹੋਣ ਤੋਂ 12 ਸਾਲ ਬਾਦ ਵੀ ਪੰਜਾਬ ਵਿੱਚ ਅਮਲੀ ਜਾਮਾ ਨਹੀਂ ਪਹਿਨਾਇਆ



ਕੁਲਦੀਪ ਚੰਦ
91-9417563054

ਵਿੱਦਿਆ ਨੂੰ ਮਨੁੱਖ ਦਾ ਤੀਜਾ ਨੇਤਰ ਮੰਨਿਆਂ ਜਾਂਦਾ ਹੈ। ਹਰੇਕ ਸਰਕਾਰ ਵਲੋਂ ਅਪਣੇ ਲੋਕਾਂ ਨੂੰ ਚੰਗੇ ਪੱਧਰ ਦੀ ਸਿੱਖਿਆ ਪ੍ਰਦਾਨ ਕਰਨ ਲਈ ਨਿੱਤ ਨਵੀਂਆਂ ਨੀਤੀਆਂ ਬਣਾਈਆਂ ਜਾਂਦੀਆ ਹਨ। ਭਾਰਤ ਵਿੱਚ ਵੀ ਅਜਾਦੀ ਦੇ 6 ਦਹਾਕੇ ਬੀਤਣ ਬਾਦ ਹਰ ਬੱਚੇ ਨੂੰ ਮੁਢਲੀ ਸਿਖਿਆ ਪ੍ਰਦਾਨ ਕਰਨ ਲਈ ਗੰਭੀਰਤਾ ਨਾਲ ਸੋਚਿਆ ਗਿਆ ਹੈ। ਕੇਂਦਰ ਦੀ ਕਾਂਗਰਸ ਸਰਕਾਰ ਵਲੋਂ ਹਰ ਬੱਚੇ ਲਈ ਸਿਖਿਆ ਪ੍ਰਦਾਨ ਕਰਨ ਲਈ ਸਿੱਖਿਆ ਦਾ ਮੋਲਿਕ ਅਧਿਕਾਰ 04 ਅਗੱਸਤ 2009 ਨੂੰ ਪਾਸ ਕੀਤਾ ਗਿਆ ਹੈ ਅਤੇ 01 ਅਪ੍ਰੈਲ ਤੋਂ ਜੰਮੂ ਅਤੇ ਕਸ਼ਮੀਰ ਰਾਜ ਦੇ ਸਿਵਾਏ ਸਾਰੇ ਦੇਸ਼ ਵਿੱਚ ਲਾਗੂ ਕੀਤਾ ਗਿਆ ਹੈ। ਇਹ ਐਕਟ ਲਾਗੂ ਹੋਣ ਤੋਂ ਬਾਦ ਭਾਰਤ ਦੁਨੀਆਂ ਦੇ 135 ਦੇਸ਼ਾਂ ਵਿੱਚ ਸ਼ਾਮਿਲ ਹੋ ਗਿਆ ਜਿਨ੍ਹਾਂ ਨੇ ਸਿੱਖਿਆ ਦੇ ਅਧਿਕਾਰ ਨੂੰ ਮੁੱਢਲਾ ਅਧਿਕਾਰ ਬਣਾਇਆ ਹੈ। ਇਸ ਕਨੂੰਨ ਅਨੁਸਾਰ 6 ਤੋਂ 14 ਸਾਲ ਤੱਕ ਦੇ ਹਰੇਕ ਬੱਚੇ ਤੱਕ ਮੁੱਢਲੀ ਸਿੱਖਿਆ ਪਹੁੰਚਾਣਾ ਜਰੂਰੀ ਕੀਤਾ ਗਿਆ ਹੈ। ਇਸ ਕਨੂੰਨ ਅਨੁਸਾਰ 6 ਤੋਂ 14 ਸਾਲ ਤੱਕ ਦਾ ਇੱਕ ਵੀ ਬੱਚਾ ਸਕੂਲ ਤੋਂ ਬਾਹਰ ਨਹੀਂ ਰਹਿਣਾ ਚਾਹੀਦਾ ਹੈ। ਪ੍ਰਾਈਵੇਟ ਸਕੂਲਾਂ ਵਿੱਚ ਸੁਵਿਧਾ ਰਹਿਤ ਅਤੇ ਕਮਜ਼ੋਰ ਵਰਗ ਦੇ 25 ਪ੍ਰਤੀਸ਼ਤ ਬੱਚਿਆਂ ਨੂੰ ਦਾਖਲਾ ਦਿੱਤਾ ਜਾਵੇਗਾ। ਸੁਵਿਧਾ ਰਹਿਤ ਅਤੇ ਕਮਜ਼ੋਰ ਵਰਗ ਦੇ ਮਾਪਦੰਡ ਅਤੇ ਪ੍ਰਤੀਸ਼ਤ ਰਾਖਵੇਂਕਰਨ ਅਨੁਸਾਰ ਕਮਜ਼ੋਰ ਵਰਗ ਲਈ ਆਮਦਨੀ ਦੀ ਸੀਮਾ ਆਮਦਨ ਕਰ ਵਿਭਾਗ ਦੁਆਰਾ ਹੀ ਨਿਰਧਾਰਤ ਕੀਤੀ ਜਾਵੇਗੀ। ਸੁਵਿਧਾ ਰਹਿਤ ਵਰਗ ਵਿੱਚ ਅਨੁਸੂਚਿਤ ਜਾਤੀ ਅਤੇ ਦੂਸਰੀਆਂ ਪਛੜੀਆਂ ਸ਼੍ਰੇਣੀਆਂ ਸ਼ਾਮਿਲ ਹੋਣਗੀਆਂ। ਹੋਰ ਪਛੜੀਆਂ ਸ਼੍ਰੇਣੀਆਂ ਦੇ ਪਰਿਵਾਰਾਂ ਦੇ ਬੱਚਿਆਂ ਲਈ ਕ੍ਰੀਮੀਲੇਅਰ ਦੀ ਸਰਕਾਰ ਵੱਲੋਂ ਨਿਰਧਾਰਤ ਸ਼ਰਤ ਲਾਗੂ ਹੋਵੇਗੀ। ਅਨੁਸੂਚਿਤ ਜਾਤੀ ਦੇ ਬੱਚਿਆਂ ਲਈ ਇਸ ਤਰ੍ਹਾਂ ਦੀ ਕੋਈ ਆਮਦਨ ਸੀਮਾ ਨਹੀਂ ਹੋਵੇਗੀ। ਸੁਵਿਧਾ ਰਹਿਤ ਵਰਗ ਅਤੇ ਕਮਜ਼ੋਰ ਵਰਗ ਲਈ ਕੁੱਲ ਸੀਟਾਂ ਦੇ 50:50 ਦੇ ਅਨੁਪਾਤ ਨਾਲ ਦਾਖਲ ਕੀਤੇ ਜਾਣਗੇ। ਜੰਗੀ ਵਿਧਵਾਵਾਂ ਅਤੇ ਅਪਾਹਿਜ ਮਾਂ ਪਿਓ ਦੇ ਬੱਚਿਆਂ ਲਈ ਆਪਣੇ-ਆਪਣੇ ਵਰਗਾਂ ਵਿੱਚ 2.5 ਪ੍ਰਤੀਸ਼ਤ ਸੀਟਾਂ ਰਾਖਵੀਆਂ ਹੋਣਗੀਆਂ। ਪ੍ਰਾਇਵੇਟ ਸਕੂਲਾਂ ਨੂੰ ਸੁਵਿਧਾ ਰਹਿਤ ਅਤੇ ਕਮਜ਼ੋਰ ਵਰਗ ਦੇ ਬੱਚਿਆਂ ਦੀ ਫੀਸ ਦੀ ਅਦਾਇਗੀ ਕੇਂਦਰ ਸਰਕਾਰ ਵੱਲੋਂ ਕੀਤੀ ਜਾਵੇਗੀ। ਇਹ ਐਕਟ ਲੱਗਭੱਗ ਸਾਰੇ ਪ੍ਰਾਂਤਾਂ ਵਿੱਚ ਲਾਗੂ ਕੀਤਾ ਗਿਆ ਪ੍ਰੰਤੂ ਪੰਜਾਬ ਵਿੱਚ ਹੁਣ ਤੱਕ ਸਰਕਾਰਾਂ ਇਸਨੂੰ ਪੂਰੀ ਤਰਾਂ ਲਾਗੂ ਕਰਨ ਵਿੱਚ ਅਸਫਲ ਹੀ ਰਹੀਆਂ ਹਨ। ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਦੇ ਨੋਟੀਫਿਕੇਸ਼ਨ ਨਵੰਬਰ 2010 ਰਾਹੀਂ ਪੰਜਾਬ ਦੇ ਰਾਜਪਾਲ ਨੇ ਪੱਤਰ ਨੰਬਰ 10/26/11-2 ਸਿੱਖਿਆ-7/474 ਰਾਹੀਂ ਬੱਚਿਆਂ ਦੇ ਮੁਫਤ ਅਤੇ ਲਾਜ਼ਮੀ ਸਿੱਖਿਆ ਅਧਿਕਾਰ ਐਕਟ 2009 ਦੇ ਉਪਬੰਧਾਂ ਅਧੀਨ ਸੋਧ ਦਿੱਤੀ ਹੈ ਕਿ ਆਰ.ਟੀ.ਈ. ਐਕਟ 2009 ਦੇ ਸ਼ਡਿਊਲ 16 ਅਧੀਨ ਕਿਸੇ ਵੀ ਬੱਚੇ ਨੂੰ ਜਿਸਨੇ ਸਕੂਲ ਵਿੱਚ ਦਾਖਲਾ ਲਿਆ ਹੋਇਆ ਹੈ ਉਸਨੂੰ ਮੁਢਲੀ ਸਿੱਖਿਆ ਪ੍ਰਾਪਤ ਹੋਣ ਤੱਕ ਕਿਸੇ ਵੀ ਜਮਾਤ ਵਿੱਚ ਰੋਕਿਆ ਨਹੀਂ ਜਾਵੇਗਾ ਅਤੇ ਨਾ ਹੀ ਉਸਨੂੰ ਸਕੂਲ ਵਿੱਚੋਂ ਕੱਢਿਆ ਜਾਵੇਗਾ। ਸਿੱਖਿਆ ਦੇ ਅਧਿਕਾਰ ਨੂੰ ਲਾਗੂ ਕਰਨ ਲਈ ਪੰਜਾਬ ਸਰਕਾਰ ਵਲੋਂ 18 ਨਵੰਬਰ 2010 ਨੂੰ ਨੋਟੀਫਿਕੇਸ਼ਨ ਜਾਰੀ ਕੀਤੀ ਗਈ ਹੈ। ਪੰਜਾਬ ਸਰਕਾਰ ਗਜ਼ਟ ਅਸਧਾਰਣ ਵਿੱਚ ਮਿਤੀ 12 ਅਕਤੂਬਰ 2011 ਨੂੰ ਪ੍ਰਕਾਸ਼ਿਤ ਹੋਣ ਤੋਂ ਬਾਦ ਇਹ ਪੰਜਾਬ ਵਿੱਚ ਲਾਗੂ ਕੀਤਾ ਗਿਆ ਹੈ। ਪੰਜਾਬ ਦੇ ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਟੀ ਨੇ ਸਾਰੇ ਜ਼ਿਲਿਆਂ ਦੇ ਸਿੱਖਿਆ ਅਫਸਰਾਂ ਨੂੰ ਪੱਤਰ ਲਿਖ ਕੇ ਸੂਚਿਤ ਕੀਤਾ ਹੈ ਕਿ ਆਮ ਲੋਕਾਂ ਵਿੱਚ ਬੱਚਿਆਂ ਦੇ ਲਾਜ਼ਮੀ ਅਤੇ ਮੁਫ਼ਤ ਸਿੱਖਿਆ ਅਧਿਕਾਰ ਐਕਟ 2009 ਸਬੰਧੀ ਜਾਗਰੂਕਤਾ ਪੈਦਾ ਕਰਨ ਲਈ ਸਕੂਲ ਦੀਆਂ ਬਾਹਰਲੀਆਂ ਦੀਵਾਰਾਂ ਉਪਰ ਐਕਟ ਦੀਆਂ ਵਿਸ਼ੇਸ਼ਤਾਵਾਂ ਦਰਸਾਉਣ ਵਾਲੇ ਬੋਰਡ ਪੇਂਟ ਕਰਵਾਏ ਜਾਣ। ਪੰਜਾਬ ਦੇ ਸਕੂਲਾਂ ਲਈ ਇਸ ਕੰਮ ਲਈ ਕੁੱਲ 1 ਕਰੋੜ 37 ਲੱਖ 42 ਹਜ਼ਾਰ 400 ਰੁਪਏ ਭੇਜੇ ਗਏ ਸਨ ਅਤੇ ਇਸ ਪੱਤਰ ਅਨੁਸਾਰ ਇਸ ਐਕਟ ਦੀਆਂ ਵਿਸ਼ੇਸ਼ਤਾਵਾਂ ਦਰਸਾਉਣ ਵਾਲੇ ਬੋਰਡ 15 ਦਿਨਾਂ ਦੇ ਅੰਦਰ-ਅੰਦਰ ਸਾਰੇ ਸਕੂਲਾਂ ਵਿੱਚ ਪੇਂਟ ਕਰਵਾਏ ਜਾਣ ਅਤੇ ਰਿਪੋਰਟ ਮੁੱਖ ਦਫ਼ਤਰ ਨੂੰ ਭੇਜਣ ਲਈ ਕਿਹਾ ਗਿਆ ਸੀ। ਬੇਸ਼ੱਕ ਇਸ ਪੱਤਰ ਅਨੁਸਾਰ ਇਹ ਕੰਮ 31 ਦਸੰਬਰ 2011 ਤੱਕ ਮੁਕੰਮਲ ਕਰਨਾ ਸੀ ਪਰ ਬਹੁਤੇ ਸਕੂਲਾਂ ਅਤੇ ਸਬੰਧਿਤ ਅਧਿਕਾਰੀਆਂ ਵਲੋਂ ਇਸ ਸਬੰਧੀ ਕੋਈ ਠੋਸ ਕਦਮ ਨਹੀਂ ਚੁੱਕੇ ਗਏ। ਵਿਭਾਗ ਵਲੋਂ ਦੁਬਾਰਾ ਪੱਤਰ ਲਿਖਣ ਬਾਦ ਸਕੂਲਾਂ ਦੀਆਂ ਦਿਵਾਰਾਂ ਤੇ ਸਿਖਿਆ ਦੇ ਅਧਿਕਾਰ ਬਾਰੇ ਜਾਣਕਾਰੀ ਲਿਖੀ ਗਈ ਹੈ। ਇਸ ਐਕਟ ਅਨੁਸਾਰ 6 ਤੋਂ 14 ਸਾਲ ਤੱਕ ਦੇ ਹਰੇਕ ਬੱਚੇ ਨੂੰ ਆਪਣੀ ਉਮਰ ਅਨੁਸਾਰ ਕਲਾਸ ਵਿੱਚ ਦਾਖਲਾ ਲੈਣ ਦਾ ਅਧਿਕਾਰ ਹੈ, ਦਾਖਲੇ ਸਮੇਂ ਸਕਰੀਨਿੰਗ ਟੈਸਟ ਲੈਣ ਜਾਂ ਕੈਪੀਟੇਸ਼ਨ ਫੀਸ ਵਸੂਲ ਕਰਨ ਦੀ ਮਨਾਹੀ ਹੈ ਅਤੇ ਉਮਰ ਦਾ ਸਬੂਤ ਜਾਂ ਸਕੂਲ ਛੱਡਣ ਸਬੰਧੀ ਸਰਟੀਫਿਕੇਟ ਨਾ ਹੋਣ ਦੀ ਸੂਰਤ ਵਿੱਚ ਦਾਖਲੇ ਤੋਂ ਇਨਕਾਰ ਨਹੀਂ ਕੀਤਾ ਜਾਵੇਗਾ। ਬੱਚਿਆਂ ਨੂੰ ਜਿਸਮਾਨੀ ਸ਼ਜਾ ਜਾਂ ਮਾਨਸਿਕ ਤੌਰ ਤੇ ਕੋਈ ਪ੍ਰੇਸ਼ਾਨੀ ਦੇਣ ਦੀ ਮਨਾਹੀ ਹੈ। ਬੱਚੇ ਨੂੰ ਮੁੱਢਲੀ ਸਿੱਖਿਆ ਮੁਕੰਮਲ ਹੋਣ ਤੱਕ ਬੋਰਡ ਦੀ ਪ੍ਰੀਖਿਆ ਪਾਸ ਕਰਨ ਦੀ ਲੋੜ ਨਹੀਂ ਹੋਵੇਗੀ ਅਤੇ ਨਾ ਹੀ ਬੱਚੇ ਨੂੰ ਪਿਛਲੀ ਜਮਾਤ ਵਿੱਚ ਰੋਕਿਆ ਜਾਂ ਪੜ੍ਹਾਈ ਮੁਕੰਮਲ ਹੋਣ ਤੱਕ ਸਕੂਲ ਵਿੱਚੋਂ ਕੱਢਿਆ ਨਹੀਂ ਜਾਵੇਗਾ। ਕਿਸੇ ਵੀ ਅਧਿਆਪਕ ਨੂੰ ਪ੍ਰਾਇਵੇਟ ਟਿਊਸ਼ਨ ਕਰਨ ਦੀ ਮਨਾਹੀ ਹੋਵੇਗੀ। ਬੱਚਿਆਂ ਲਈ ਪਹਿਲੀ ਤੋਂ ਪੰਜਵੀ ਜਮਾਤ ਤੱਕ ਇੱਕ ਕਿਲੋਮੀਟਰ ਅਤੇ ਛੇਵੀਂ ਤੋਂ ਅੱਠਵੀਂ ਜਮਾਤ ਤੱਕ ਤਿੰਨ ਕਿਲੋਮੀਟਰ ਦੇ ਫ਼ਾਸਲੇ ਅੰਦਰ ਸਕੂਲ ਸਥਾਪਿਤ ਕੀਤੇ ਜਾਣਗੇ। ਹਰੇਕ ਵਿੱਦਿਅਕ ਸਾਲ ਦੌਰਾਨ ਪ੍ਰਾਇਮਰੀ ਸਕੂਲ ਘੱਟੋ-ਘੱਟ 200 ਦਿਨ ਅਤੇ ਅੱਪਰ ਪ੍ਰਾਇਮਰੀ ਸਕੂਲ 220 ਦਿਨ ਖੁੱਲੇ ਰਹਿਣਗੇ ਅਤੇ ਅਧਿਆਪਕਾਂ ਲਈ ਪਹਿਲੀ ਤੋਂ ਪੰਜਵੀਂ ਜਮਾਤ ਵਿੱਚ 800 ਘੰਟੇ ਅਤੇ ਛੇਵੀਂ ਤੋਂ ਅੱਠਵੀਂ ਜਮਾਤ ਲਈ 1000 ਘੰਟੇ ਪੜ੍ਹਾਉਣਾ ਲਾਜ਼ਮੀ ਹੋਵੇਗਾ। ਪ੍ਰਾਇਵੇਟ ਸਕੂਲਾਂ ਵਿੱਚ ਵੀ ਕਮਜੋਰ ਵਰਗ ਅਤੇ ਸੁਵਿਧਾ ਰਹਿਤ ਬੱਚਿਆਂ ਲਈ 25 ਫੀਸਦੀ ਸੀਟਾਂ ਰਾਖਵੀਆਂ ਹੋਣਗੀਆਂ। ਗੈਰ ਸਹਾਇਤਾ ਪ੍ਰਾਪਤ ਸਕੂਲਾਂ ਤੋਂ ਬਿਨਾਂ ਹੋਰ ਸਾਰੇ ਸਕੂਲਾਂ ਵੱਲੋਂ ਸਕੂਲ ਮੈਨੇਜਮੈਂਟ ਕਮੇਟੀ ਦਾ ਗਠਨ ਕੀਤਾ ਜਾਵੇਗਾ ਜਿਸ ਵਿੱਚ ਤਿੰਨ ਚੌਥਾਈ ਮੈਂਬਰ ਬੱਚਿਆਂ ਦੇ ਮਾਪਿਆਂ ਜਾਂ ਸਰਪ੍ਰਸਤਾ ਵਿੱਚੋਂ ਲਏ ਜਾਣਗੇ। ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰ ਸਕੂਲ ਵਿਕਾਸ ਯੋਜਨਾ ਤਿਆਰ ਕਰਨਗੇ, ਸਕੂਲ ਦੀ ਨਿਗਰਾਨੀ ਕਰਨਗੇ ਅਤੇ ਅਧਿਆਪਕਾਂ ਦੀ ਜਵਾਬਦੇਹੀ ਯਕੀਨੀ ਬਣਾਉਣਗੇ। ਦੱਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਕਮ ਸਟੇਟ ਪ੍ਰੋਜੈਕਟ ਡਾਇਰੈਕਟਰ ਸਰਵ ਸਿੱਖਿਆ ਅਭਿਆਨ ਅਥਾਰਿਟੀ ਪੰਜਾਬ ਨੇ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਅਤੇ ਸਿਨੀਅਰ ਸੈਕੰਡਰੀ ਨੂੰ ਪੱਤਰ ਨੰਬਰ ਐਸ.ਐਸ.ਏ/ਆਰ.ਟੀ.ਈ/2014/5104 ਮਿਤੀ 6.5.14 ਰਾਹੀਂ ਸਕੂਲ ਮੈਨੇਜਮੈਂਟ ਕਮੇਟੀਆਂ ਦਾ ਗਠਨ ਕਰਨ ਬਾਰੇ ਲਿਖਿਆ ਹੈ। ਇਸ ਪੱਤਰ ਵਿੱਚ ਗੈਰ ਸਹਾਇਤਾ ਪ੍ਰਾਪਤ ਸਕੂਲਾਂ ਤੋਂ ਬਿਨ੍ਹਾਂ ਹਰ ਇੱਕ ਸਕੂਲ ਲਈ ਸਕੂਲ ਮਨੇਜਮੈਂਟ ਕਮੇਟੀਆਂ ਦੇ ਗਠਨ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਅਤੇ ਇਹਨਾਂ ਕਮੇਟੀਆਂ ਦਾ ਕਾਰਜਕਾਲ 2 ਸਾਲ ਨਿਰਧਾਰਤ ਕੀਤਾ ਗਿਆ। ਸਕੂਲਾਂ ਵਿੱਚ ਗਠਿਤ ਕੀਤੀਆਂ ਜਾਣ ਵਾਲੀਆਂ ਸਕੂਲ ਮੈਨੇਜਮੈਂਟ ਕਮੇਟੀਆਂ ਵਿੱਚ ਇਕਸਾਰਤਾ ਰੱਖਣ ਲਈ ਇਹ ਹਦਾਇਤ ਕੀਤੀ ਕਿ ਸਕੂਲ ਮੈਨੇਜਮੈਂਟ ਕਮੇਟੀਆਂ ਦਾ ਗਠਨ ਇਸ ਤਰ੍ਹਾਂ ਕੀਤਾ ਜਾਵੇ ਜਿਸ ਵਿੱਚ ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰਾਂ ਦੀ ਕੁੱਲ ਗਿਣਤੀ 12 ਹੋਵੇਗੀ ਜਿਨ੍ਹਾਂ ਵਿੱਚ 9 ਮੈਂਬਰ ਭਾਵ 75ਗ਼ ਸਕੂਲ ਦੇ ਬੱਚਿਆਂ ਦੇ ਮਾਪਿਆਂ ਜਾਂ ਸ੍ਰਰਪਰਸਤਾਂ ਵਿੱਚੋਂ ਲਏ ਜਾਣਗੇ ਜਿਨ੍ਹਾਂ ਵਿੱਚ ਘੱਟੋ ਘੱਟ 5 ਇਸਤਰੀਆਂ ਹੋਣਗੀਆਂ। ਇਹ ਵੀ ਸੁਨਿਸ਼ਚਿਤ ਕੀਤਾ ਜਾਵੇਗਾ ਕਿ ਡਿਸ ਐਡਵਾਂਟਜਿਡ ਗਰੁੱਪ ਅਤੇ ਕਮਜ਼ੋਰ ਵਰਗ ਦੇ ਬੱਚਿਆਂ ਦੇ ਮਾਪਿਆਂ ਨੂੰ ਅਨੁਪਾਤਿਕ ਨੁਮਾਇੰਦਗੀ ਦਿੱਤੀ ਜਾਵੇਗੀ। ਇੱਕ ਮੈਂਬਰ ਸਥਾਨਕ ਅਥਾਰਟੀ ਦੇ ਚੁਣੇ ਹੋਏ ਮੈਂਬਰਾਂ ਵਿੱਚੋਂ ਲਿਆ ਜਾਵੇਗਾ, ਇੱਕ ਮੈਂਬਰ ਅਧਿਆਪਕਾਂ ਵਿੱਚੋਂ ਲਿਆ ਜਾਵੇਗਾ, ਇੱਕ ਮੈਂਬਰ ਸਥਾਨਕ ਵਿੱਦਿਅਕ ਮਾਹਿਰਾਂ ਜਾਂ ਸਕੂਲ ਦੇ ਵਿਦਿਆਰਥੀਆਂ ਵਿੱਚੋਂ ਲਿਆ ਜਾਵੇਗਾ। ਸਕੂਲ ਦਾ ਹੈਡ ਟੀਚਰ ਜਾਂ ਜਿੱਥੇ ਸਕੂਲ ਦਾ ਹੈਡ ਟੀਚਰ ਨਹੀਂ ਹੈ, ਉਥੇ ਸਕੂਲ ਦਾ ਸਭ ਤੋਂ ਸੀਨੀਅਰ ਟੀਚਰ ਅਹੁਦੇ ਵਜੋਂ ਮੈਂਬਰ ਹੋਵੇਗਾ ਪ੍ਰੰਤੂ ਉਸਨੂੰ ਵੋਟ ਦਾ ਕੋਈ ਅਧਿਕਾਰ ਨਹੀਂ ਹੋਵੇਗਾ। ਸਕੂਲ ਮੈਨੇਜਮੈਂਟ ਕਮੇਟੀ ਗੈਰ ਸਰਕਾਰੀ ਮੈਂਬਰਾਂ ਵਿੱਚੋਂ 01 ਚੇਅਰਪਰਸਨ ਅਤੇ 01 ਵਾਇਸ ਚੇਅਰਪਰਸਨ ਦੀ ਚੋਣ ਕਰੇਗੀ। ਸਕੂਲ ਦਾ ਹੈਡ ਟੀਚਰ ਜਾਂ ਜਿੱਥੇ ਸਕੂਲ ਦਾ ਹੈਡ ਟੀਚਰ ਨਹੀਂ ਹੈ, ਉਥੇ ਸਕੂਲ ਦਾ ਸਭ ਤੋਂ ਸੀਨੀਅਰ ਟੀਚਰ ਅਹੁਦੇ ਵਜੋਂ ਸਕੂਲ ਮੈਨੇਜਮੈਂਟ ਕਮੇਟੀ ਦਾ ਮੈਂਬਰ ਸਕੱਤਰ ਅਤੇ ਕਨਵੀਨਰ ਹੋਵੇਗਾ। ਸਕੂਲ ਮੈਨੇਜਮੈਂਟ ਕਮੇਟੀ ਦਾ ਗਠਨ ਕਰਦੇ ਸਮੇਂ ਇਹ ਵੀ ਸੁਨਿਸ਼ਚਿਤ ਕੀਤਾ ਜਾਵੇ ਕਿ ਕਮੇਟੀ ਦੇ ਕੁੱਲ ਮੈਂਬਰਾਂ ਵਿੱਚ ਇਸਤਰੀਆਂ ਦੀ ਨੁਮਾਇੰਦਗੀ 50 ਪ੍ਰਤੀਸ਼ਤ ਤੋਂ ਘੱਟ ਨਹੀਂ ਹੋਵੇਗੀ। ਇਸ ਐਕਟ ਅਨੁਸਾਰ ਗਰੀਬ ਅਤੇ ਕਮਜ਼ੋਰ ਵਰਗਾਂ ਦੇ ਬੱਚਿਆਂ ਨੂੰ ਦਾਖਲਾ ਨਾਂ ਦੇਣ ਵਾਲੇ ਪ੍ਰਾਇਵੇਟ ਸਕੂਲਾਂ ਖਿਲਾਫ ਜੁਰਮਾਨਾ ਕਰਨ ਦਾ ਸਰਕਾਰ ਨੂੰ ਅਧਿਕਾਰ ਦਿੱਤਾ ਗਿਆ ਹੈ।

ਪੰਜਾਬ ਵਿੱਚ ਹੁਣ ਤੱਕ ਕਿਸੇ ਵੀ ਸਰਕਾਰ ਨੇ ਇਸ ਐਕਟ ਨੂੰ ਪੂਰੀ ਤਰਾਂ ਲਾਗੂ ਨਹੀਂ ਕੀਤਾ ਹੈ ਜਿਸ ਕਾਰਨ ਪ੍ਰਾਇਵੇਟ ਸਕੂਲਾਂ ਵਿੱਚ ਗਰੀਬ ਅਤੇ ਕਮਜੋਰ ਵਰਗਾਂ ਦੇ 25 ਫੀਸਦੀ ਬੱਚਿਆਂ ਨੂੰ ਦਾਖਲਾ ਨਹੀਂ ਮਿਲਿਆ ਹੈ। ਇਸ ਐਕਟ ਨੂੰ ਲਾਗੂ ਨਾਂ ਕਰਨ ਲਈ ਪ੍ਰਾਇਵੇਟ ਸਕੂਲ ਅਤੇ ਸਮੇਂ ਦੀਆਂ ਸਰਕਾਰਾਂ ਬਰਾਬਰ ਜ਼ਿੰਮੇਬਾਰ ਹਨ। ਪੰਜਾਬ ਵਿੱਚ ਲੱਗਭੱਗ 10 ਹਜ਼ਾਰ ਵੱਖ ਵੱਖ ਗੈਰ ਸਰਕਾਰੀ ਸਕੂਲ ਚੱਲ ਰਹੇ ਹਨ ਜਿਨ੍ਹਾਂ ਵਿੱਚ ਲੱਗਭੱਗ 25 ਲੱਖ ਵਿਦਿਆਰਥੀ ਪੜ੍ਹ ਰਹੇ ਹਨ ਅਤੇ ਇਨ੍ਹਾਂ ਵਿੱਚੋਂ ਬਹੁਤੇ ਵੱਖ ਵੱਖ ਰਾਜਨੀਤਿਕ ਦੱਲ ਦੇ ਆਗੂਆਂ ਦੇ ਅਪਣੇ ਰਿਸ਼ਤੇਦਾਰਾਂ ਦੇ ਹੀ ਹਨ। ਇਨ੍ਹਾਂ ਗੈਰ ਸਰਕਾਰੀ ਸਕੂਲਾਂ ਵਿੱਚ ਘੱਟ ਤੋਂ ਘੱਟ 06 ਲੱਖ ਵਿਦਿਆਰਥੀ ਗਰੀਬ ਅਤੇ ਕਮਜੋਰ ਵਰਗਾਂ ਦੇ ਹੋਣੇ ਚਾਹੀਦੇ ਹਨ ਪਰ ਸਰਕਾਰਾਂ ਦੀ ਨਲਾਇਕੀ ਕਾਰਨ ਇੱਕ ਵੀ ਅਜਿਹਾ ਵਿਦਿਆਰਥੀ ਦਾਖਲ ਨਹੀਂ ਹੋਇਆ ਹੈ।

ਕੁੱਝ ਸਮਾਜਿਕ ਸੰਗਠਨਾਂ ਵਲੋਂ ਇਸ ਐਕਟ ਨੂੰ ਲਾਗੂ ਕਰਵਾਉਣ ਲਈ ਕਈ ਵਾਰ ਅੰਦੋਲਨ ਕੀਤਾ ਗਿਆ ਹੈ ਅਤੇ ਸਰਕਾਰ ਦੇ ਕਈ ਅਦਾਰਿਆਂ ਬਾਲ ਆਯੋਗ, ਅਨੁਸੂਚਿਤ ਜਾਤਿ ਆਯੋਗ ਆਦਿ ਵਲੋਂ ਇਸ ਐਕਟ ਅਧੀਨ ਦਾਖਲੇ ਕਰਨ ਲਈ ਕਿਹਾ ਗਿਆ ਹੈ। ਇਸ ਸਬੰਧੀ ਕੈਗ ਨੇ ਅਪਣੀ 2016 ਦੀ ਰਿਪੋਰਟ ਜੋਕਿ ਵਿਧਾਨ ਸਭਾ ਵਿੱਚ ਵੀ ਪਾਸ ਕੀਤੀ ਗਈ ਹੈ ਵਿੱਚ ਵੀ ਸਾਫ ਲਿਖਿਆ ਹੈ ਪੰਜਾਬ ਵਿੱਚ ਇਸ ਐਕਟ ਅਧੀਨ ਪ੍ਰਾਇਵੇਟ ਸਕੂਲਾਂ ਵਿੱਚ ਦਾਖਲੇ ਨਹੀਂ ਕੀਤੇ ਗਏ ਹਨ। ਮੋਜੂਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਾਲ 2017 ਵਿੱਚ ਚੋਣ ਜਲਸਿਆਂ ਦੌਰਾਨ ਵੀ ਅਕਸਰ ਗਰੀਬ ਅਤੇ ਕਮਜੋਰ ਵਰਗ ਦੇ ਬੱਚਿਆਂ ਨੂੰ ਮਿਆਰੀ ਅਤੇ ਵਧੀਆ ਸਿੱਖਿਆ ਦੇਣ ਦੀ ਘੋਸ਼ਣਾ ਕੀਤੀ ਸੀ ਪਰ ਚੌਣ ਜਿੱਤਣ ਬਾਦ ਉਸ ਵਾਅਦੇ ਨੂੰ ਭੁੱਲ ਗਏ ਹਨ ਅਤੇ 04 ਸਾਲ ਬੀਤਣ ਦੇ ਬਾਬਜੂਦ ਵੀ ਮਨਮੋਹਨ ਸਿੰਘ ਸਰਕਾਰ ਵਲੋਂ ਪਾਸ ਕੀਤੇ ਗਏ ਸਿੱਖਿਆ ਦੇ ਅਧਿਕਾਰ ਨੂੰ ਪੂਰੀ ਤਰਾਂ ਲਾਗੂ ਨਹੀਂ ਕਰ ਸਕੇ ਹਨ। ਇਸ ਐਕਟ ਨੂੰ ਲਾਗੂ ਕਰਵਾਉਣ ਲਈ ਸੰਘਰਸ਼ ਕਰ ਰਹੇ ਕ੍ਰਿਪਾਲ ਸਿੰਘ ਪ੍ਰਧਾਨ ਅੰਬੇਡਕਰ ਭਲਾਈ ਮੰਚ ਨੇ ਦੱਸਿਆ ਕਿ ਉਹ ਪਿਛਲੇ ਕਈ ਸਾਲਾਂ ਤੋਂ ਇਸ ਐਕਟ ਅਧੀਨ ਗਰੀਬ ਅਤੇ ਕਮਜੋਰ ਵਰਗ ਦੇ ਬੱਚਿਆਂ ਦੇ ਪ੍ਰਾਇਵੇਟ ਸਕੂਲਾਂ ਵਿੱਚ ਹੋਣ ਵਾਲੇ 25 ਫਿਸਦੀ ਦਾਖਲੇ ਨੂੰ ਲੈਕੇ ਸੰਘਰਸ਼ ਕਰ ਰਹੇ ਹਨ ਪਰ ਸਰਕਾਰ ਆਨੇ ਬਹਾਨੇ ਇਨ੍ਹਾ ਦਾਖਲਿਆਂ ਨੂੰ ਰੋਕਣ ਲਈ ਪ੍ਰਾਇਵੇਟ ਸਕੂਲਾਂ ਦਾ ਸਾਥ ਦੇ ਰਹੀ ਹੈ।

ਉਨ੍ਹਾਂ ਕਿਹਾ ਕਿ ਦਲਿਤ ਵਰਗ ਦੇ ਬੁੱਧੀਜੀਵੀ, ਅਧਿਕਾਰੀ, ਰਾਜਨੇਤਾ ਵੀ ਸਰਕਾਰ ਦੀ ਇਸ ਲਾਪ੍ਰਵਾਹੀ ਨੂੰ ਅਣਦੇਖਾ ਕਰਕੇ ਸਮਾਜ ਨੂੰ ਧੋਖਾ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਅਗਲੇ ਸਾਲ ਪੰਜਾਬ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੌਣਾਂ ਦੌਰਾਨ ਉਨ੍ਹਾਂ ਦੀ ਟੀਮ ਸਰਕਾਰ ਦੀਆਂ ਇਸ ਸਬੰਧੀ ਕੀਤੀਆਂ ਗਈਆਂ ਨਾਕਾਮੀਆਂ ਨੂੰ ਲੈਕੇ ਪ੍ਰਚਾਰ ਕਰੇਗੀ ਅਤੇ ਲੋਕਾਂ ਨੂੰ ਜਾਗਰੂਕ ਕਰੇਗੀ।




Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call :
Dharminder Singh
Cell : 530-870-6600
Fax : (530) 870-1429
532, Houston St.
West Sacramento, CA 95691
Email: myfuturetruck@gmail.com



(ਸੱਚੀ ਗਾਥਾ)

# ਬਾਪੂ ਦੀ ਬੰਦੂਕ ਨੇ ਕਢਾਈਆਂ ਲੇਲੜੀਆਂ..?



ਗੁਰਿੰਦਰਜੀਤ ਸਿੰਘ ( ਨੀਟਾ ਮਾਛੀਕੇ)
ਫਰਿਜਨੋ 559-333-5776

ਵਿਦੇਸ਼ਾਂ ਵਿੱਚ ਵਸੇ ਹਰ ਇੱਕ ਪੰਜਾਬੀ ਦੇ ਦਿੱਲ ਅੰਦਰ ਪੰਜਾਬ ਜਾਣ ਲਈ ਇੱਕ ਚਾਹਤ ਕੋਈ ਉਮੰਗ ਸਦਾ ਉਪਜਦੀ ਰਹਿੰਦੀ ਹੈ। ਕਿਉਕੇ ਹਰ ਇੱਕ ਪ੍ਰਵਾਸ਼ੀ ਪੰਜਾਬੀ ਦੀ ਤਾਰ ਕਿਸੇ ਨਾਂ ਕਿਸੇ ਪਾਸਿਓ ਜਰੂਰ ਪੰਜਾਬ ਦੀ ਮਿੱਟੀ ਨਾਲ ਜੁੜੀ ਹੁੰਦੀ ਹੈ।ਜਿਵੇ ਜਿਵੇ ਜਹਾਜ ਦਿੱਲੀ ਹਵਾਈ ਅੱਡੇ ਤੇ ਉਤਰਨ ਲਈ ਪਰ ਤੋਲਣ ਲਗਦਾ ਹੈ, ਤਾਂ ਜਿਥੇ ਆਪਣੇ ਪਿਆਰੇ ਵਤਨ ਦੀ ਸੁਗੰਧੀ ਮਾਨਣ ਲਈ ਮਨ ਵਿੱਚ ਵੱਖਰੀ ਤਰੰਗ ਉਪਜਦੀ ਹੈ, ਉਥੇ ਹੀ ਭਾਰਤੀ ਅਧਿਕਾਰੀਆਂ ਤੋ ਹੋਣ ਵਾਲੀ ਖੱਜਲ ਖੁਆਰੀ ਅਤੇ ਕਾਂਉਟਰਾਂ ਵਿੱਚ ਬੈਠੇ ਇੰਮੀਗਰੇਸਨ ਅਫਸ਼ਰਾ ਦੇ ਭੈਰਿਸਟ ਚਿਹਰਿਆਂ ਨੂੰ ਯਾਦ ਕਰਕੇ ਕੰਬਣੀ ਜਿਹੀ ਵੀ ਜਰੂਰ ਛਿੜਦੀ ਹੈ।ਕਈ ਵਾਰ ਕੁਤੇ ਖਾਣੀ ਹੋਣ ਤੋ ਬਾਅਦ, ਮਨ ਫਿਰ ਭੁਲ ਭੁਲਾ ਕਿ ਮੋਹ ਵੱਸ ਵਤਨੀ ਫੇਰਾ ਪਾਉਣ ਲਈ ਜਰੂਰ ਪਹੁੰਚ ਹੀ ਜਾਦਾਂ ਹੈ।

ਬਾਪੂ ਹਰਦਿਆਲ ਸਿਓ ਦਾ ਸਮੂਹ ਪਰਿਵਾਰ ਸਰਦੀਆਂ ਦੀ ਰੁਤੇ ਛੁਟੀਆਂ ਬਿਤਾਉਣ ਲਈ ਅਮਰੀਕਾ ਤੋ ਪੰਜਾਬ ਆਪਣੇ ਨੱਗਰ ਧੂਹੜਕੋਟ ਪਹੁੰਚਦਾ ਹੈ । ਬਾਪੂ ਦੇ ਨਾਲ ਪੋਤੇ ਪੋਤੀਆਂ , ਨੂਹਾਂ ਪੁਤਰ ਦਿੱਲੀ ਏਅਰ ਪੋਰਟ ਤੋ ਬਾਹਰ ਨਿਕਲਕੇ ਟੈਕਸੀ ਵਿੱਚ ਬੈਠ ਟਰੈਫਿਕ ਵਿੱਚ ਖੱਜਲ ਖੁਆਰ ਹੁੰਦੇ ਪਿੰਡ ਪਹੁੰਚਦੇ ਹਨ। ਬਾਪੂ ਆਪਣੇ ਪੋਤੇ ਨੂੰ ਹੌਸਲਾ ਦਿੰਦਾਂ ਹੋਇਆ ਆਪਣੀ ਦੁਨਾਲੀ ਰਾਇਫਲ ਦੇ ਕਿੱਸੇ ਸੁਣਾਉਦਾਂ, ਆਪਣੇ ਲਾਡਲੇ ਪੋਤੇ ਦੀ ਰਾਇਫਲ ਚਲਾਉਣ ਵਾਲੀ ਉਗਲੀ ਹਿਲਣ ਲਾ ਦਿੰਦਾਂ ਹੈ। ਪੋਤਾ ਪਿੰਡ ਪਹੁੰਚਣ ਸਾਰ ਬਾਪੂ ਨੂੰ ਕਹਿੰਦਾ ਕਿ ਬਾਪੂ ਲਿਆਂ ਤੇਰੀ ਰਾਇਫਲ ਚਲਾ ਕਿ ਵੇਖਿਏ..? ਬਾਪੂ ਮੁਛਾਂ ਨੂੰ ਤਾਅ ਦਿੰਦਾਂ ਮੁਸ਼ਕਰਾ ਕਿ ਉਤਰ ਦਿੰਦਾ ਹੈ, ਮਾੜਾ ਜਿਹਾ ਥਕੇਵਾ ਦੂਰ ਕਰਲੀਏ ਫੇਰ ਮੈ ਜਾਨਾਂ ਮੁਡਿਆਂ ਨੂੰ ਨਾਲ ਲੈਕੇ ਅਸਲੇ ਵਾਲੀ ਦੁਕਾਨ ਤੋਂ ਕਢਵਾ ਕਿ ਲਿਆਉਨਾਂ ਨਾਗ ਦੀ ਬੱਚੀ।

ਅਗਲੀ ਸਵੇਰ ਬਾਪੂ ਸਵੱਖਤੇ ਉਠਿਆ, ਪਿੰਡ ਦੇ ਨੰਬਰਦਾਰ ਅਤੇ ਸਰਪੰਚ ਨੂੰ ਨਾਲ ਲਿਆ ਅਤੇ ਪਹੁੰਚ ਗਿਆਂ ਥਾਣਾਂ ਨਿਹਾਲ ਸਿੰਘ ਵਾਲੇ ਅਸ਼ਲੇ ਦੀ ਤਫਤੀਸ਼ ਬਰਾਚ ਵਾਲੇ ਵੱਡੇ ਮੁਣਸ਼ੀ ਕੋਲੇ। ਬਾਪੂ ਦੀ ਰਾਇਫਲ ਦੇ ਲਾਇਸੈਸ਼ ਦੀ ਮਿਆਦ ਲੰਘੀ ਹੋਈ ਸੀ ਤੇ ਬਾਪੂ ਨੂੰ ਪਤਾ ਸੀ ਕਿ ਸਭ ਤੋ ਪਹਿਲਾ ਲਾਇਸੈਸ਼ ਬਣਾਉਣਾਂ ਜਰੂਰੀ ਹੈ।ਪਹਿਲਾ ਤਾਂ ਮੁਣਸ਼ੀ ਪੈਰਾਂ ਤੇ ਪਾਣੀ ਨਾਂ ਪੈਣ ਦੇਵੇ, ਅਖੇ ਤੁਸੀ ਬਿਨਾਂ ਲਾਇਸੈਸ਼ ਦੇ ਗੰਨ ਰੱਖੀ ਆ, ਆ ਲੈਣ ਦਿਓ ਵੱਡੇ ਸਾਹਿਬ ਨੂੰ ਬਣਾਉਣੇ ਆ ਨਜਾਇਜ ਅਸ਼ਲੇ ਦਾ ਕੇਸ ਤੁਹਾਡੇ ਤੇ। ਬਾਪੂ ਮੁਣਸ਼ੀ ਦੀ ਗੱਲ ਸੁਣਕੇ ਜਾਣੀ ਘੁੰਮਣ ਘੇਰੀ ਵਿੱਚ ਪੈ ਗਿਆ ।ਸਾਰੀ ਦਿਹਾੜੀ ਥਾਣੇ ਵਿੱਚ ਖੱਜਲ ਖੁਆਰ ਹੋਣ ਤੋ ਬਾਅਦ ਥੋੜੀ ਘਣੀ ਜੇਬ ਖਾਲੀ ਕਰਕੇ ਪੁਲਿਸ ਵਾਲਿਆਂ ਦਾ ਮੱਥਾ ਡੰਮਕੇ ਅਸਲੇ ਦੀ ਤਫਤੀਸ਼ ਦੀ ਅਰਜੀ ਮੁਣਸ਼ੀ ਨੂੰ ਸੌਪਕੇ ਘਰ ਵੜਿਆਂ ਤਾਂ ਬੁਢੇ ਬਾਪੂ ਨੂੰ ਪੋਤਾ ਕਹਿਦਾ ਬਾਪੂ ਰਾਇਫਲ ਕਿਥੇ ਆਹ..? ਬਾਪੂ ਕਹਿੰਦਾ ਲਗਦਾ ਰਫਲ ਦਾ ਮੁਣਸ਼ੀ ਦਾ ਤਾਂ ਜੀਅ ਕਰਦਾ ਸੀ ਕਿ ਮੈਨੂੰ ਥਾਣੇ ਵਿੱਚ ਬੰਨ ਲੈਦਾਂ, ਇਹ ਤਾਂ ਸੁਕਰ ਕਰੋ ਕਿ ਨੰਬਰਦਾਰ ਤੇ ਸਰਪੰਚ ਸਹਿਬ ਨਾਲ ਸੀਗੇ, ਲੈ-ਦੇ ਕੇ ਮਸ਼ਾਂ ਮਾਸ ਬਚਾਕੇ ਆਏ ਹਾਂ।ਬਾਪੂ ਨੇ ਠੰਢਾ ਹੌਕਾਂ ਭਰਿਆ ਅਤੇ ਪੋਤੇ ਨੂੰ ਜੱਫੀ ਪਾਕੇ ਕਿਹਾੌ ਪੁਤ ਸੌਅ ਜਾ ਰਾਮ ਨਾਲ ਕੱਲ ਨੂੰ ਵੇਖਦੇ ਹਾਂ ਕੀ ਬਣਦੌ। ਸਵੇਰਿਓ ਫੇਰ ਬਾਪੂ ਤੇ ਨੰਬਰਦਾਰ ਥਾਣੇ ਪਹੁੰਚ ਗਏ । ਮੁਣਸ਼ੀ ਤੋ ਫਾਇਲ ਬਣਵਾਂ ਕਿ ਡਾਕ ਵਾਲੇ ਨੂੰ ਗੱਡੀ ਵਿੱਚ ਨਾਲ ਲਿਜਾ ਕਿ ਡੀ ਐਸ ਪੀ ਦਫਤਰ ਜਾ ਪੇਸ਼ ਹੋਏ, ਡਿਪਟੀ ਦਾ 6 ਫੁੱਟ ਉਚਾ ਰੀਡਰ ਅੱਖਾ ਪਾੜ ਪਾੜ ਇੰਜ ਵੈਖ ਰਿਹਾ ਸੀ ਜਿਵੇ ਬਾਪੂ ਨੇ ਰਾਇਫਲ ਨਾਲ ਕੋਈ ਘਿਨਾਂਉਣਾਂ ਜੁਰਮ ਕੀਤਾ ਹੋਵੇ। ਸੱਤ ਸ੍ਰੀ ਅਕਾਲ ਕਾਕਾ ਜੀ, ਬਾਪੂ ਹੱਥ ਜੋੜੀ ਖੜਾ ਸੀ। ਬੇਧਿਆਨੇ ਜਿਹੇ ਰੀਡਰ ਨੇ ਚੁਪ ਚਪੀਤੇ ਹੀ ਸੱਤ ਸੈਰੀ ਅਕਾਲ ਦਾ ਜੁਆਬ ਮਾੜਾ ਜਿਹਾ ਸਿਰ ਹਿਲਾ ਕਿ ਦਿੱਤਾੌ ਕਹਿੰਦਾ ਬਜੁਰਗੋ ਸਹਿਬ ਦਫਤਰ ਵਿੱਚ ਨਹੀ ਹਨ, 'ਤੇ ਤੁਸੀ ਕੱਲ ਨੂੰ ਬਾਰਾਂ ਕੁ ਵਜੇ ਤੋ ਬਾਅਦ ਵਿੱਚ ਆਇਓ। ਬਾਪੂ ਨੇ ਕੁਝ ਕੁ ਗਾਧੀ ਵਾਲੇ ਨੋਟ ਰੀਡਰ ਦੀ ਮੁਠੀ ਵਿੱਚ ਦਿੱਤੇ ਅਤੇ ਕਿਹਾੌ ਜੁਆਨਾਂ ਸਾਡੇ ਵਾਸਤੇ ਤਾਂ ਤੂੰ ਈ ਸਾਹਿਬ ਆ, ਨੋਟ ਵੇਖਣ ਸਾਰ ਪੁਲਿਸ ਵਾਲੇ ਦੀਆਂ ਬਰਾਸ਼ਾਂ ਖਿਲ ਗਈਆਂ। ਕਹਿੰਦਾਂ ਬਾਪੂ ਜੀ ਤੁਸੀ ਜਾਓ ਫਾਇਲ ਮੈ ਆਪੇ ਐਸ ਐਸ ਪੀ ਦਫਤਰ ਪਹੁੰਚਦੀ ਕਰ ਦੇਵਾਗਾਂ।

ਦੂਸਰੇ ਦਿਨ ਬਾਪੂ ਦੇ ਅਮਰੀਕਾ ਤੋ ਗਏ ਮੁੰਡੇ ਨੇ ਆਪਣੇ ਅਬੋਹਰ ਵਾਲੇ ਕਰੀਬੀ ਦੋਸਤ ਨਾਲ ਸਾਰੀ ਰਾਇਫਲ ਵਾਲੀ ਦਾਸਤਾਨ ਸਾਝੀ ਕੀਤੀ ਤਾਂ ਦੋਸਤ ਨੇ ਕਿਹਾ 'ਇਹ ਕਿਹੜੀ ਗੱਲ ਆ ਤੁਸੀ ਮੈਨੂੰ ਪਹਿਲਾਂ ਦੱਸਣਾਂ ਸੀ, ਆਪਣਾਂ ਬੰਦਾ ਐਸ ਐਸ ਪੀ ਦੇ ਦਫਤਰ ਦਾ ਰੀਡਰ ਹੈ ਯਾਰੋ।ਦੂਸਰੇ ਦਿਨ ਸਵੇਰੋ ਸਵੇਰੀ ਦੋਸਤ ਦੇ ਕਹਿਣ ਤੇ ਦੋਵੇ ਮੁੰਡੇ ਅਤੇ ਬਾਪੂ ਮੋਗੇ ਸੁਵਿਧਾ ਸੈਟਰ ਦੇ ਗੇਟ ਮੂਹਰੇ ਜਾ ਵਰਾਜੇ। ਦੋਸਤ ਦੀ ਨਿਸ਼ਾਨਦੇਹੀ ਮੁਤਾਬਿਕ ਸਿਫਾਰਸ਼ੀ ਰੀਡਰ ਆਇਆਂ ਤੇ ਕਹਿਣ ਲੱਗਾ ਕੋਈ ਖਾਸ ਗੱਲ ਨਹੀ ਅੰਕਲ ਜੀ ਆਪਾ ਸੁਵਿਧਾ ਸੈਟਰ ਵਿੱਚ ਡੀ ਸੀ ਸਹਿਬ ਦੇ ਅਸਲਾ ਕਲਰਕ ਨਾਲ ਸਿੱਧੀ ਗੱਲ ਕਰਦੇ ਹਾਂ। ਬਾਪੂ ਹਰਦਿਆਲ ਸਿਓ ਅਤੇ ਦੋਵੇ ਮੁੰਡੇ ਰੀਡਰ ਦੇ ਮਗਰ ਮਗਰ ਅਸਲਾ ਕਲਰਕ ਦੇ ਕਮਰੇ ਅੰਦਰ ਜਾ ਪਹੁੰਚੇ,ਬਾਪੂ ਨੂੰ ਲੱਗਿਆ ਕਿ ਸ਼ਾਇਦ ਹੁਣ ਕੰਮ ਬਣ ਜਾਵੇਗਾ।ਅਸਲਾ ਕਲਰਕ ਦੇ ਕੰਨ ਵਿੱਚ ਰੀਡਰ ਨੇ ਕੋਈ ਘੁਸਰ ਮੁਸਰ ਕੀਤੀ ਅਤੇ ਅਸਲਾ ਕਲਰਕ ਨੇ ਚੁਪ ਤੋੜੀ ਤੇ ਕੁਸੈਲਾ ਜਿਹਾ ਮੂਹ ਕਰਕੇ ਬੋਲਿਆ ਕਿ , ਮੇਰੇ ਕੋਲ ਤਫਤੀਸ਼ ਰਿਪੋਰਟ ਪਹੁੰਚ ਗਈ ਹੈ, ਬਸ ਇੱਕ ਦੋ ਦਿਨ ਵਿੱਚ ਮੈ ਤੁਹਾਡਾ ਕੰਮ ਕਰਵਾ ਕਿ ਚੰਨਣ ਸਿੰਘ (ਰੀਡਰ) ਨੂੰ ਫੋਨ ਕਰ ਦੇਵਾਗਾ। ਮੁੰਡੇ ਅਤੇ ਬਾਪੂ ਖੁਸ਼ੀ ਖੁਸ਼ੀ ਘਰ ਵਾਪਸ ਆਏ,ਬਾਪੂ ਨੂੰ ਇੰਝ ਮਹਿਸੂਸ ਹੋਇਆ ਜਿਵੇ ਹੁਣ ਕੰਮ ਜਰੂਰ ਹੋ ਜਾਵੇਗਾ।

ਦੋ ਤਿੰਨ ਦਿਨ ਬੀਤਣ ਦੋ ਬਾਅਦ ਬਾਪੂ ਆਪਣੇ ਛੋਟੇ ਮੁੰਡੇ ਨੂੰ ਨਿਰਾਸ਼ ਮਨ ਨਾਲ ਪੁਛਣ ਲੱਗਾੌ ਕਾਕਾ ਰੀਡਰ ਦਾ ਕੋਈ ਸੁਖ ਸੁਨੇਹਾ ਅਇਆ ਕਿ ਨਹੀ..? ਮੁੰਡੇ ਨੇ ਨਾਂਹ ਵਿੱਚ ਸਿਰ ਹਿਲਾਇਆ ਅਤੇ ਕਿਹਾ ਬਾਪੂ ਜੀ ਤੁਸੀ ਬਹੁਤਾ ਫਿਕਰ ਨਾਂ ਕਰਿਆ ਕਰੋ ਮੈ ਕਰਦਾ ਵੱਡੇ ਦਿਨ ਉਹਨੂੰ ਫੋਨ ।ਘੰਟੇ ਕੁ ਪਿਛੋ ਬਾਪੂ ਦਾ ਮੁੰਡਾ ਰੀਡਰ ਨਾਲ ਗੱਲ ਕਰਨ ਉਪਰੰਤ ਢਿੱਲਾ ਜਿਹਾ ਮੂੰਹ ਕਰੀ ਬਾਪੂ ਨੂੰ ਕਹਿਣ ਲੱਗਾ ਕਿ ਬਾਪੂ ਜੀ ਰੀਡਰ ਕਹਿੰਦਾ ਮੈ ਤਾਂ ਮੁਕਤਸਰ ਮਾਘੀ ਮੇਲੇ ਤੇ ਫੋਰਸ ਲੈਕੇ ਅਇਆ ਹੋਇਆ ਹਾਂ, ਮੈ ਡੀ ਸੀ ਸਹਿਬ ਦੇ ਅਸਲਾ ਤਫਤੀਸ਼ ਕਲਰਕ ਗੁਰਜੀਤ ਕੋਲ ਤੁਹਾਡੀ ਸਿਫਾਰਸ਼ ਲਗਾ ਦਿੱਤੀ ਹੈ, ਤੁਸੀ ਕੱਲ ਨੂੰ ਮੋਗੇ ਸੁਵਿਧਾ ਸੈਟਰ ਵਿੱਚ ਉਹਨੂੰ ਮਿਲ ਲਿਓ।ਸਵੇਰਿਓ ਫੇਰ ਮੁੰਡੇ ਬਾਪੂ ਸਮੇਤ ਮੋਗੇ ਪਹੁੰਚ ਗਏ, ਜਾਕੇ ਗੁਰਜੀਤ ਨੂੰ ਮਿਲੇ, ਗੁਰਜੀਤ ਦੇ ਟੁਟੇ ਜਿਹੇ ਮੇਜ ਤੇ ਜਿਵੇ ਚਾਰ ਪੰਡਾਂ ਕਾਗਜਾ ਦੀਆਂ ਖਿਲਰੀਆਂ ਵੇਖ ਕਿ ਬਾਪੂ ਦੇ ਫੇਰ ਸਾਹ ਸੁਕ ਗਏ।ਬਾਪੂ ਨੇ ਹੌਸਲਾ ਜਿਹਾ ਕਰਕੇ ਕਿਹਾ 'ਕਾਕਾ ਅਸੀ ਧੂਹੜਕੋਟ ਤੋ ਆਏ ਹਾਂ, ਚੰਨਣ ਸਿੰਘ ਨੇ ਤੈਨੂੰ ਮਿਲਣ ਵਾਸਤੇ ਕਿਹਾ ਸੀ, ਮੇਰੀ ਰਫਲ ਦੇ ਮੁਤੱਲਿਕ। ਗੁਰਜੀਤ ਕਹਿਣ ਲੱਗਾ ਕੀ ਨਾਂ ਬਜੁਰਗ ..? ਬਾਪੂ ਕਹਿੰਦਾ ਹਰਦਿਆਲ ਸਿੰਘ ਸਪੁਤਰ ਕਿਹਰ ਸਿੰਘ,ਪਿੰਡ ਧੂਹੜਕੋਟ। ਘੰਟਾ ਕੁ ਗੁਰਜੀਤ ਦੇ ਲੱਛਣ ਵੇਖ ਕਿ ਬਾਪੂ ਕਹਿੰਦਾ ਕਿਓ ਬਈ ਜੁਆਨਾਂ ਸਾਡਾ ਕੀ ਬਣਿਆ..? ਗੁਰਜੀਤ ਕਹਿੰਦਾਂ ਬਜੁਰਗੋ ਤੁਹਾਡੀ ਤਾਂ ਫਾਇਲ ਹੀ ਨਹੀ ਲੱਭ ਰਹੀ।ਬਾਪੂ ਦਾ ਵੱਡਾ ਮੁੰਡਾ ਹਰਮੇਲ ਚੌਕ ਪਿਆ ਅਤੇ ਬੋਲਿਆ ਓਦਣ ਤਾਂ ਕਹਿੰਦਾ ਸੀ ਮੇਰੇ ਕੋਲ ਤੁਹਾਡੀ ਤਫਤੀਸ਼ ਵਾਲੀ ਫਾਇਲ ਪਹੁੰਚੀ ਹੋਈ ਆਤ ਅੱਜ ਫਾਇਲ ਕੋਈ ਚੋਰੀ ਕਰਕੇ ਲੈ ਗਿਆ..? ਗੁਰਜੀਤ ਕਹਿੰਦਾ ਬਾਈ ਜੀ ਆ ਕੁਝ ਕੁ ਫਾਇਲਾਂ ਤੁਸੀ ਦੇਖਿਓ ਸ਼ਾਇਦ ਮੇਰੀ ਨਿਗਹਾ ਚੋ ਬਜੁਰਗਾਂ ਦਾ ਨਾਮ ਖੁੰਝ ਗਿਆ ਹੋਵੇ।

> ਲੇਖਕ ਅਨੁਸਾਰ ਇਹ ਇੱਕ ਸੱਚੇ ਵਰਤਾਰੇ ਤੇ ਅਧਾਰਤ ਗਾਥਾ ਹੈ। ਇਸ ਲੇਖ ਵਿੱਚਲੇ ਪਾਤਰ ਅਤੇ ਪਿੰਡ ਫਰਜੀ ਹਨ। ਕਈ ਵਾਰੀ ਸਬੱਬੀ ਨਾਮ ਮੇਲ ਖਾ ਜਾਏ ਤਾਂ ਕੋਈ ਇਹ ਨਾ ਸਮਝੇ ਕਿ ਕਿਸੇ ਨੂੰ ਟਾਰਗੇਟ ਕਰਕੇ ਜਾ ਨਾਮ ਜਾਣ ਬੁੱਝ ਕੇ ਵਰਤੇ ਗਏ ਹਨ।
> 
> **– ਸੰਪਾਦਕ**

ਹਰਮੇਲ ਦੇ ਮੂਹਰੇ ਗੁਰਜੀਤ ਨੇ ਪੰਡ ਪੇਪਰਾ ਦੀ ਖਿਲਾਰ ਦਿੱਤੀ ਅਤੇ ਆਪ ਬੇਧਿਆਨਾਂ ਜਿਹਾ ਹੋਕੇ ਹੋਰ ਕਲਰਕਾਂ ਨਾਲ ਗੱਲੀ ਰੁਝ ਗਿਆ। ਬਾਪੂ ਅਤੇ ਦੋਨੋ ਮੁੰਡੇ ਅੱਖਾ ਪਾੜ ਪਾੜ ਪੇਪਰ ਲੱਭਣ ਵਿੱਚ ਪੂਰਾ ਦਿਮਾਗ ਲਾ ਰਹੇ ਸਨ। ਜਦੋ ਪੂਰੀ ਪੰਡ ਪੇਪਰਾ ਦੀ ਛਾਨਣ ਤੋ ਬਾਅਦ ਕੁਝ ਪੱਲੇ ਨਾਂ ਪਿਆ ਤਾਂ ਬਜੁਰਗ ਨੇ ਗੁਰਜੀਤ ਨੂੰ ਕਿਹਾ, ਜੁਆਨਾਂ ਇਹਦੇ ਵਿੱਚੋ ਸਾਨੂੰ ਕੁਝ ਨਹੀ ਲੱਭਾ, ਇਹਦਾ ਕੋਈ ਹੱਲ ਦੱਸ? ਗੁਰਜੀਤ ਉਠਿਆ ਅਤੇ ਕਹਿੰਦਾ ਆਜੋ ਆਪਾ ਡੀ ਸੀ ਸਹਿਬ ਦੇ ਰੀਡਰ ਸਤਿਨਾਮ ਸਿੰਘ ਨਾਲ ਗੱਲ ਕਰਦੇ ਹਾਂ ਜੀ। ਲੰਮੀ ਦਾਹੜੀ, ਸਿੱਖੀ ਸਰੂਪ ਵਾਲੇ ਡੀ ਸੀ ਦੇ ਰੀਡਰ ਸਤਿਨਾਮ ਸਿੰਘ ਨੂੰ ਬਾਪੂ ਸਮੇਤ ਮੁੰਡਿਆ ਨੇ ਜਾ ਫਤਿਹ ਬੁਲਾਈ। ਗੁਰਜੀਤ ਨੇ ਸੰਖੇਪ ਵਿੱਚ ਸਤਿਨਾਮ ਨੂੰ ਲਾਇਸੈਸ ਵਾਲੀ ਗੱਲ ਦੱਸੀ ਕਿੌ ਯਾਰ ਵੇਖੀ ਕਿਤੇ ਇਹਨਾਂ ਬਜੁਰਗਾਂ ਦੀ ਅਸਲੇ ਵਾਲੀ ਫਾਇਲ ਤੇਰੇ ਦਫਤਰ 'ਚ ਤਾਂ ਨਹੀ ਆਗੀ..? ਸਤਿਨਾਮ ਨੇ ਬਿਨਾਂ ਦੇਖੇ ਕਿਹਾ ਮੇਰੇ ਕੋਲ ਅੱਜ ਚਾਰ ਫਾਇਲਾਂ ਥੱਲਿਓ ਉੱਪਰ ਆਈਆ ਨੇ, ਪਰ ਧੂਹੜਕੋਟ ਵਾਲਿਆਂ ਦੀ ਕੋਈ ਫਾਇਲ ਨਹੀ ਆਈ। ਗੁਰਜੀਤ ਕਹਿਣ ਲੱਗਾ ਚਲੋ ਮੈ ਦੁਬਾਰਾ ਹੇਠਾਂ ਆਪਣੇ ਦਫਤਰ 'ਚ ਚਿੱਕ ਕਰਦਾ ਹਾਂ, ਮੈਨੂੰ ਦਿਓ ਘੰਟਾ ਕੁ।

ਬਾਪੂ ਅਤੇ ਮੁੰਡਿਆ ਦੀ ਹਾਲਤ ਵੇਖਕੇ ਡੀ ਸੀ ਸਹਿਬ ਦਾ ਰੀਡਰ ਕਹਿਣ ਲੱਗਾ ਬਾਪੂ ਜੀ ਕੀ ਗੱਲ ਹੋਈ ਬੜੇ ਦੁਖੀ ਪੈਰਤੀਤ ਹੁੰਦੇ ਹੋ..? ਬਾਪੂ ਨੇ ਸਾਰਾ ਮਾਜਰਾ ਰੀਡਰ ਸਤਿਨਾਮ ਸਿੰਘ ਨੂੰ ਦੱਸਿਆ । ਸਾਰੀ ਵਿਥਿਆਂ ਸੁਣਨ ਤੋ ਬਾਅਦ ਰੀਡਰ ਕਹਿਣ ਲੱਗਾ ਬਾਪੂ ਜੀ ਤੁਸੀ ਗੰਨ ਦਾ ਲਾਇਸ਼ੈਸ਼ ਕੈਂਸਲ ਕਰਵਾ ਦੇਵੋ ਕਿਉਕੇ ਤੁਹਾਡੇ ਕੋਲ ਸਮਾਂ ਘੱਟ ਹੈ ਅਤੇ ਇਥੇ ਪੰਜਾਬ ਦੇ ਮਾੜੇ ਸਿਸਟਮ ਵਿੱਚ ਐਨੀ ਜਲਦੀ ਇਹ ਕੰਮ ਨਹੀ ਹੋਣਾਂ, ਅਗਰ ਹੋ ਵੀ ਗਿਆ ਤਾਂ ਜਦੋ ਨੂੰ ਤੁਸੀ ਦੁਬਾਰਾ ਅਮਰੀਕਾ ਤੋ ਮੁੜਕੇ ਪੰਜਾਬ ਆਉਣਾ 'ਤਾਂ ਇਹ ਲਾਇਸ਼ੈਸ ਦੀ ਮਿਆਦ ਫਿਰ ਲੰਘੀ ਹੋਵੇਗੀ । ਬਾਪੂ ਦੇ ਕੁਝ ਕੁ ਗੱਲ ਖਾਨੇ ਪਈ, ਉਦੋ ਨੂੰ ਗੁਰਜੀਤ ਨੇ ਆਣ ਅਵਾਜ ਮਾਰੀ, ਹੁਣ ਤਾਂ ਕੁਵੇਲਾ ਹੋ ਗਿਆਂ ਜੀ, ਤੁਸੀ ਕੱਲ ਨੂੰ ਦੁਬਾਰਾ ਆਇਓ ਤੁਹਾਡਾ ਕੰਮ ਆਪਾਂ ਪਹਿਲ ਦੇ ਅਧਾਰ ਤੇ ਕਰਵਾ ਕਿ ਦੇਵਾਂਗੇ, ਕਿਉਕੇ ਮੈਨੂੰ ਅਬੋਹਰ ਤੋ ਵੀ ਕਈ ਵਾਰ ਤੁਹਾਡੇ ਕੰਮ ਸਬੰਧੀ ਫੋਨ ਆ ਚੁਕੇ ਨੇ। ਬਾਪੂ ਦੇ ਕੰਨਾਂ ਵਿੱਚ ਸਤਿਨਾਮ ਦੇ ਬੋਲ ਗੂੰਜ ਰਹੇ ਸਨ। ਬਾਪੂ ਤੇ ਮੁੰਡੇ ਭੁੱਖੇ ਤਿਹਾਏ ਅੱਕਲਕਾਣ ਹੋਏ ਬਿਨਾਂ ਇੱਕ ਦੂਜੇ ਨਾਲ ਬੋਲੇ ,ਪਰ ਮਨ ਵਿੱਚ ਤਿੰਨਾਂ ਪਿਓ ਪੁਤਾਂ ਦੇ ਇਹੀ ਵਿਚਾਰ ਚੱਲ ਰਹੇ ਸਨ ਕਿ ਪੰਜਾਬ ਦੇ ਹਾਕਮਾਂ ਨੇ ਤਰੱਕੀ ਦੇ ਨਾਅਰੇ ਤਾਂ ਬਹੁਤ ਲਾਏ ਨੇ ਪਰ ਇੱਕ ਛੋਟੇ ਜਿਹੇ ਕੰਮ ਨੇ ਸਾਡੀਆਂ ਨੱਕ ਨਾਲ ਲਕੀਰਾਂ ਕਢਵਾ ਦਿੱਤੀਆ, ਅਗਰ ਕੋਈ ਫੌਜਦਾਰੀ ਵਗੈਰਾ ਦਾ ਮੁਕੱਦਮਾਂ ਪੈ ਜਾਵੇ ਫੇਰ ਤਾਂ ਰੱਬ ਹੀ ਰਾਖਾ। ਤਿੰਨੇ ਜਾਣੇ ਸਾਂਮ ਨੂੰ ਹਨੇਰੇ ਹੋਏ ਘਰੇ ਵੜੇ , ਬਿਨਾਂ ਕੋਈ ਬਹੁਤੀ ਗੱਲਬਾਤ ਕੀਤਿਆਂ ਸਾਰਾ ਟੱਬਰ ਆਪੋ ਆਪਣੇ ਕਮਰਿਆਂ ਵਿੱਚ ਜਾ ਵੜਿਆ। ਔਰਤਾਂ ਵੀ ਹਰਰੋਜ ਦੇ ਮੋਗੇ ਦੇ ਗੇੜਿਆਂ ਤੋ ਅੱਕ ਚੁਕੀਆਂ ਸਨ ਕਿਉਕੇ ਛੁੱਟੀਆਂ ਘਟਦੀਆਂ ਜਾਦੀਆਂ ਸਨ ਤੇ ਰਾਇਫਲ ਦੇ ਚੱਕਰ ਵਿੱਚ ਕਿਤੇ ਘੁੰਮਣ ਫਿਰਨ ਵੀ ਨਹੀ ਜਾ ਸਕੇ ਸੀ।ਪੋਤੇ ਨੇ ਵੀ ਅੱਜ ਬਾਪੂ ਦੀ ਰਾਇਫਲ ਵਿੱਚ ਦਿਲਚਸਪੀ ਲੈਣੀ ਛੱਡ ਦਿੱਤੀ ਸੀ।

ਅਗਲੀ ਸਵੇਰ ਤਿੰਨੇ ਪਿਓ ਪੁੱਤ ਫੇਰ ਮੋਗੇ ਜਾਣ ਲਈ ਤਿਆਰ ਖੜੇ ਸਨ।ਵੱਡੇ ਮੁੰਡੇ ਨੇ ਗੱਡੀ ਦੀ ਸਿਲਫ ਮਾਰੀ ਤਾਂ ਬਾਪੂ ਨੂਹਾਂ ਨੂੰ ਮੁਖਾਫਿਤ ਹੋਕੇ ਕਹਿਣ ਲੱਗਾ, ਬੱਸ ਪੁੱਤ ਅੱਜ ਰਫਲ ਦਾ ਨਿਬੇੜਾ ਕਰਕੇ ਹੀ ਮੁੜਾਗੇ । ਗੱਡੀ ਮੋਗੇ ਸੁਵਿਧਾ ਸੈਟਰ ਪੁਹੰਚ ਗਈ, ਮੂਹਰੇ ਗੇਟ ਤੇ ਸੁਵਿਧਾ ਸੈਟਰ ਦਾ ਸਾਈਨ ਲੱਗਿਆ ਵੇਖ ਬਾਪੂ ਦਾ ਛੋਟਾ ਮੁੰਡਾ ਆਪ ਮੁਹਾਰੇ ਬੋਲਿਆੌ ਲੱਗਦੇ ਸੁਵਿਧਾ ਸੈਟਰ ਦੇ, ਇਹਦਾ ਨਾਂਮ ਤਾ ਅਸੁਵਿਧਾ ਸੈਟਰ ਹੋਣਾਂ ਚਾਹਿੰਦਾ ਹੈ. ਤਿੰਨੇ ਜਾਣੇ ਬੁੜ ਬੁੜ ਕਰਦੇ ਅਸਲਾ ਕਲਰਕ ਗੁਰਜੀਤ ਦੇ ਦਫਤਰ ਵਿੱਚ ਜਾ ਵੜੇ। ਗੁਰਜੀਤ ਵੇਖਣ ਸਾਰ ਕਹਿੰਦਾ, ਮੈਨੂੰ ਅੰਕਲ ਜੀ ਤੁਹਾਡੀ ਫਾਇਲ ਨਹੀ ਲੱਭੀ ਤੁਸੀ ਐਸ ਐਸ ਪੀ ਸਹਿਬ ਦੇ ਅਸਲਾ ਕਲੱਰਕ ਜਸਵੀਰ ਤੋ ਫਾਇਲ ਨੰਬਰ ਪਤਾ ਕਰਕੇ ਆਓ, ਮੈ ਉਹਨੂੰ ਫੋਨ ਕਰ ਦਿੰਦਾ ਹਾਂ । ਦੰਦ ਕਰੀਚਦੇ ਬਾਪੂ ਦੇ ਮਗਰ ਮਗਰ ਮੁੰਡੇ ਐਸ ਐਸ ਪੀ ਦਫਤਰ ਦੇ ਅਸਲਾ ਕਲਰਕ ਜਸਵੀਰ ਕੋਲ ਪਹੁੰਚ ਗਏ ਅਤੇ ਜਾ ਫਤਿਹ ਬੁਲਾਈ। ਜਸਵੀਰ ਨੇ ਬਿਨਾਂ ਫਤਿਹ ਦਾ ਜੁਆਬ ਦਿੱਤਿਆਂ ਭ੍ਰਿਸ਼ਟ ਅੱਖਾਂ ਨਾਲ ਪੁਲਿਸ ਵਾਲਿਆਂ ਵਾਲੀ ਬੋਲੀ ਵਿੱਚ ਰੋਹਬ ਭਰੀ ਅਵਾਜ ਨਾਲ ਕਿਹਾ 'ਦੱਸੋ' ਬਾਪੂ ਨੇ ਬੜੀ ਹਲੀਮੀ ਨਾਲ ਸਾਰੀ ਗੱਲ ਦੱਸਣ ਦੀ ਕੋਸਿਸ ਕੀਤੀ।ਜਸਵੀਰ ਨੇ ਕੁਰੱਖਤ ਅਤੇ ਪੁਲਿਸ ਵਾਲੀ ਹਵਸ ਭਰੀ ਅਵਾਜ ਨਾਲ ਗੱਲ ਅਰੰਭੀਂ ਜੇ ਲੈਣੀ ਹੋਵੇ ਦਵਾਈ, ਤੇ ਬੰਦਾ ਤੁਰਿਆਂ ਪਨਸਾਰੀ ਦੀ ਦੁਕਾਨ 'ਤੇ, ਫਿਰ ਕਸੂਰ ਕੀਹਦਾ? ਬਾਪੂ ਗੱਲ ਸੁਣ ਕਿ ਭੰਬਲ ਭੁਸੇ ਵਿੱਚ ਪੈ ਗਿਆ ਅਤੇ ਬੋਲਿਆ 'ਪੁਤਰਾ ਸਾਨੂੰ ਹੁਣ ਕੀ ਪਤਾ ਕੀਹਦੇ ਕੋਲ ਜਾਣਾ ਤੇ ਕੀਹਦੇ ਕੋਲ ਨਹੀਤ? ਜਿਥੇ ਸਾਨੂੰ ਕੋਈ ਭੇਜੀ ਜਾਦਾ, ਅਸੀ ਉਥੇ ਜਾਈ ਜਾਨੇ ਆਤ! ਕਲਰਕ ਗੱਲ ਸੁਣ ਕਿ ਹੋਰ ਭੂਸਰ ਗਿਆਂ ਤੇ ਕਹਿੰਦਾ ਤੁਹਾਡਾ ਏ ਐਲ ਆਰ ਨੰਬਰ ਕੀ ਆ..? ਬਾਪੂ ਦਾ ਛੋਟਾ ਮੁੰਡਾ ਕਹਿੰਦਾ ਉਹ ਕੀ ਹੁੰਦਾ..? ਕਲਰਕ ਜਸਵੀਰ ਸਿੰਘ ਕਹਿੰਦਾ, ਆਪਣੇ ਹਲਕੇ ਦੇ ਥਾਣੇ ਦੇ ਮੁਣਸੀ ਨੂੰ ਫੋਨ ਕਰੋ ਉਹ ਦੱਸ ਦੇਵੇਗਾ।ਮੁੰਡੇ ਨੇ ਆਪਣੇ ਪਿੰਡ ਦੇ ਸਰਪੰਚ ਨੂੰ ਫੋਨ ਕਰਕੇ ਮੁਣਸੀ ਦਾ ਨੰਬਰ ਲੈਕੇ ਫੋਨ ਮੁਣਸੀ ਨੂੰ ਘੁੰਮਾਂ ਦਿੱਤਾ, ਮੂਹਰਿਓ ਮੁਣਸੀ ਕਹਿੰਦਾ 'ਫਾਇਲਾਂ ਦੇ ਨੰਬਰ ਇਓ ਫੋਨਾਂ ਤੇ ਨਹੀ ਮਿਲਦੇ ਹੁੰਦੇ, ਕੱਲ ਨੂੰ ਥਾਣੇ ਆਕੇ ਲੈ ਜਾਇਓ' ਅਤੇ ਪਟੱਕ ਕਰਕੇ ਫੋਨ ਕੱਟ ਦਿੱਤਾ। ਤਿੰਨੇ ਪਿਓ ਪੁੱਤ ਢਿੱਲੇ ਜਿਹੇ ਮੂੰਹ ਕਰਕੇ ਗੁਰਜੀਤ ਕੋਲ ਫੇਰ ਪੁਹੰਚ ਗਏ। ਗੁਰਜੀਤ ਵੇਖਣ ਸਾਰ ਕਹਿੰਦਾ ਮਿਲ ਗਿਆ ਜੀ ਫਾਇਲ ਨੰਬਰ । ਬਾਪੂ ਦਾ ਵੱਡਾ ਮੁੰਡਾ ਕਹਿੰਦਾ ਤੂੰ ਫਾਇਲ ਨੰਬਰ ਦੀ ਗੱਲ ਕਰਦਾ, ਉਹਦਾ ਤਾਂ ਜੀ ਕਰਦਾ ਸੀ ਜਿਵੇਂ ਸਾਨੂੰ ਦਫਤਰ ਵਿੱਚ ਬੰਨ ਕਿ ਕੁੱਟਦਾ, ਇਨੇ ਨੂੰ ਬਾਪੂ ਦਾ ਛੋਟਾ ਮੁੰਡਾ ਗੁਰਜੀਤ ਦੇ ਮੋਢੇ ਤੇ ਹੱਥ ਰੱਖ ਸਾਇਡ ਤੇ ਲੈ ਗਿਆਂ, ਤੇ ਕਹਿੰਦਾੌ ਵੇਖ ਲੈਅ ਯਾਰ ਜੇ ਕੁਝ ਲੈ ਦੇਕੇ ਕੰਮ ਚਲਦਾ ਤਾਂ ਇਹਨਾਂ ਸੁਣਦੇ ਸਾਰ ਗੁਰਜੀਤ ਵੀ ਫੁਲ ਵਾਂਗੂ ਖਿਲ ਗਿਆ। ਸਾਰਾ ਪੇਪਰਾ ਦਾ ਰੱਫੜ ਵਿੱਚੇ ਛੱਡ ਗੁਰਜੀਤ ਕਾਹਲੀ ਕਾਹਲੀ ਬਾਪੂ ਤੇ ਮੁੰਡਿਆ ਨੂੰ ਨਾਲ ਲੈਕੇ ਜਸਵੀਰ ਦੇ ਦਫਤਰ ਪਹੁੰਚ ਗਿਆ ਅਤੇ ਕਹਿੰਦਾ 'ਯਾਰ ਜਸਵੀਰ ਇਹ ਆਪਣੇ ਆਵਦੇ ਬੰਦੇ ਨੇ ਯਾਰ, ਇਹਨਾਂ ਦਾ ਕੰਮ ਆਪਾ ਜਰੂਰ ਕਰਕੇ ਦੇਣਾ । ਪਹਿਲਾ ਤਾਂ ਜਸਵੀਰ ਪੈਰਾ ਤੇ ਪਾਣੀ ਨਾਂਹ ਪੈਣ ਦੇਵੇ ਕਹੇੌ ਮੈ ਕਿਥੋ ਲੱਭਾ ਫਾਇਲਾ, ਅਸੀ ਇਥੇ ਫਾਇਲਾ ਲੱਭਣ ਵਾਸਤੇ ਵਿਹਲੇ ਬੈਠੇ ਆ. ਸਾਨੂੰ ਹੋਰ ਵੀ ਬਥੇਰੇ ਕੰਮ ਨੇ,ਗਰਦ ਪਤਾ ਕਿੰਨੇ ਹੀ ਜਿਆਦਾ ਪਈ ਆ ਫਾਇਲਾ ਵਾਲੇ ਕਮਰੇ ਵਿੱਚ। ਗੁਰਜੀਤ ਨੇ ਖਚਰਾ ਹਾਸਾ ਹਸਦੇ ਹੋਏ ਜਸਵੀਰ ਦੀ ਕੰਡ ਤੇ ਹੱਥ ਫੇਰਦਿਆਂ ਕਿਹਾ 'ਯਾਰ ਫਿਕਰ ਕਿਓ ਕਰਦਾ ਸਰਦਾਰ ਹੋਰੀ ਤੇਰੀ ਸਾਰੀ ਗਰਦ ਝਾੜਕੇ ਜਾਣਗੇ । ਗੱਲ ਸੁਣਦੇ ਸੁਣਦੇ ਜਸਵੀਰ ਦੇ ਭੈਰਿਸ਼ਟ ਚਿਹਰੇ ਤੇ ਡਰਾਉਣੀ ਜਿਹੀ ਮੁਸਕਰਾਹਟ ਆ ਗਈ। ਸ਼ਰਾਬੀ ਚਿਹਰਾ ਰਿਸ਼ਵਤ ਦੇ ਪੈਸਿਆਂ ਲਈ ਹੋਰ ਲਾਲ ਹੋ ਗਿਆ। ਉਸ ਦੀਆਂ ਅੱਖਾਂ ਵਿੱਚੋ ਪੁਲਿਸ ਦੀ ਲਾਲਚੀ ਹਵਸ਼ ਠਾਠਾਂ ਮਾਰ ਉਠੀ ਅਤੇ ਬੋਲਿਆ 'ਅੱਧੇ ਕੁ ਘੰਟੇ ਨੂੰ ਲੈ ਜਿਓ ਫਾਇਲ । ਜਿਵੇਂ ਹੀ ਬਾਪੂ ਹੋਰੀ ਜਸਵੀਰ ਦੇ ਦਫਤਰ ਵਿੱਚੋ ਬਾਹਰ ਨਿਲਕੇ ਬਾਪੂ ਖਿਝ ਕੇ ਬੋਲਿਆ 'ਜਾਹ ਯਾਰ ਗੁਰਜੀਤ ਤੂੰ ਵੀ ਤੇ ਤੇਰਾ ਜਸਵੀਰ ਵੀ ਚਾਹ ਪੂਰਾ ਕਰ ਲਵੋ ਮੈ ਲਾਈਸੈਂਸ ਬਣਵਾਉਣਾ ਹੀ ਨਹੀ। ਬਾਪੂ ਦੀ ਸ਼ਪੱਸ਼ਟ ਗੱਲ ਸੁਣਕੇ ਗੁਰਜੀਤ ਦੇ ਚਿਹਰੇ ਦਾ ਰੰਗ ਉੱਡ ਗਿਆ। ਉਹਨੂੰ ਮਹਿਸੂਸ ਹੋਇਆ ਜਿਵੇਂ ਜਾਲ ਵਿੱਚ ਫਸਿਆ ਤਿੱਤਰ ਉਡਾਰੀ ਮਾਰ ਗਿਆ ਹੋਵੇ।ਲੜਖੜਾਉਦੀ ਜਵਾਨ ਨਾਲ ਕਹਿੰਦਾ 'ਅੰਕਲ ਜੀ ਹੁਣ ਤਾਂ ਕੰਮ ਆਪਣਾ ਸਿਰੇ ਲੱਗਣ ਵਾਲਾ ਸੀ 'ਤੇ ਇਹ ਤੁਸੀ ਕੀ ਕਹਿ ਰਹੇ ਹੋਤ? ਬਾਪੂ ਨੇ ਭਰੇ ਮਨ ਨਾਲ ਕਿਹਾ ਹੁਣ ਮੈਨੂੰ ਪਤਾ ਲੱਗਾ ਕਿ ਪੰਜਾਬ ਦਾ ਹਰ ਇੱਕ ਨੌਜੁਆਨ ਮੁੰਡਾ ਜਾ ਕੁੜੀ ਅਮਰੀਕਾ ਜਾਣ ਲਈ ਕਿਉ ਤੱਤਪਰ ਹੈ। ਜਿਹੜੇ ਕੰਮ ਅਮਰੀਕਾ ਫੋਨ ਤੇ ਹੁੰਦੇ ਨੇ, ਉਹਨਾਂ ਕੰਮਾ ਲਈ ਇੱਥੇ ਸਾਡੀਆਂ ਜੁਤੀਆਂ ਘਸ ਗਈਆਂ। ਪਹਿਲੋ ਪਹਿਲ ਮੈਨੂੰ ਲਗਦਾ ਹੁੰਦਾਂ ਸੀ ਸਾਇਦ ਅਮਰੀਕਾ ਜਾ ਕਿ ਅਸੀ ਗਲਤ ਫੈਸਲਾ ਕੀਤਾ, ਪਰ ਹੁਣ ਮਹਿਸੂਸ ਹੁੰਦਾ ਕਿ ਐਵੇ ਨਹੀ ਪੂਜਦੀ ਦੁਨੀਆਂ ਨੀਲੇ ਦੇ ਸ਼ਾਹ ਅਸ਼ਵਾਰ ਨੂੰ , ਬੁੜ ਬੁੜ ਕਰਦਾ ਬਾਪੂ ਨਾਲੇ ਸਤਿਨਾਮ ਸਿੰਘ ਦੇ ਦਫਤਰ ਵੱਲ ਨੂੰ ਤੁਰਿਆ ਜਾਵੇ ਨਾਲੇ ਕਹਿੰਦਾ 'ਦਲ ਸਹਿਬ ਕਹਿੰਦੇ ਸੀ ਕਿ ਅਸੀ ਪੰਜਾਬ ਨੂੰ ਕੈਲੇਫੋਰਨੀਆਂ ਬਣਾਂ ਦੇਣਾ ਹੈ, ਰੱਬ ਦਾ ਵਾਸਤਾ ਪੰਜਾਬ ਨੂੰ ਪੰਜਾਬ ਹੀ ਰਹਿਣ ਦਿਓ, ਐਨਾਂ ਵਿਸ਼ਵਾਸ਼ਘਾਤ ਪੰਜਾਬੀਆਂ ਨਾਲ 'ਕਹਿੰਦੇ ਐਨ ਆਰ ਆਈ ਵੀਰਾ ਲਈ ਸਪੈਸਲ ਥਾਣੇ, ਰਿਸ਼ਵਤਖੋਰੀ ਬੰਦ, ਅੱਜ ਵੀ ਪੰਜਾਬ ਦਾ ਪੁਲਿਸ ਅਤੇ ਨਿਆਂ ਪਾਲਕਾ ਪੂਰੇ ਦਾ ਪੂਰਾ ਸਿਸਟਮ ਸੰਨ 47 ਨਾਲੋ ਕੋਈ ਬਹੁਤਾ ਬਿਹਤਰ ਨਹੀਂ ।

ਸਤਿਨਾਮ ਸਿੰਘ ਦੇ ਦਫਤਰ ਪਹੁੰਚਕੇ ਬਾਪੂ ਕਹਿੰਦਾ ਲੈ ਬਈ ਜੁਆਨਾਂ ਕਰਦੇ ਲਾਈਸੈਂਸ ਕੈਂਸਲ। ਸਾਮ ਦੇ 3 ਵੱਜ ਚੁੱਕੇ ਸਨ, ਸਤਿਨਾਮ ਨੇ ਅਰਜੀ ਅਤੇ ਕੁਝ ਹੋਰ ਪੇਪਰ ਭਰਨ ਲਈ ਬਾਪੂ ਨੂੰ ਫੜਾਏ ਅਤੇ ਕਹਿੰਦਾ ਕਿ ਥੱਲੇ ਜਾ ਕਿ ਆਰਜੀ ਨਸੀਬ ਤੋ ਪੇਪਰ ਭਰਵਾ ਕਿ ਵਕੀਲ ਤੋ ਅਟੈਸਟਿਡ ਕਰਵਾ ਕਿ ਲਿਆਓ। ਮੁੰਡਿਆ ਨੇ ਮਸਾ ਭੱਜ ਨੱਠ ਕਰਕੇ ਕਾਗਜ ਪੱਤਰ ਤਿਆਰ ਕੀਤੇ, ਜਦੋ ਸਤਿਨਾਮ ਕੋਲ ਪਹੁੰਚੇ ਤਾਂ ਉਹ ਕਹਿੰਦਾ ਬਜੁਰਗੋ ਏ ਡੀ ਸੀ ਸਹਿਬ ਉਠ ਖੜੇ ਹੁਣ ਤਾਂ ਤੁਸੀ ਕੱਲ ਨੂੰ 12 ਕੁ ਵਜੇ ਆਇਓ ਮੈ ਤੁਹਾਡੀ ਫਾਇਲ ਤੇ ਸਾਈਨ ਕਰਵਾਕੇ ਰੱਖਾਗਾ।ਫੇਰ ਮੰਦੜੇ ਹਾਲੀ ਤਿੰਨੇ ਪਿੰਡ ਪਹੁੰਚ ਗਏ। ਸਵੇਰਿਓ ਫੇਰ ਉਹੀ ਕਹੀ ਤੇ ਓਹੀ ਘੁਹਾੜਾ, ਮੁੜ ਘੁੜ ਬੋਤੀ ਬੋਹੜ ਥੱਲੇ।ਫੇਰ ਤਿਕੜੀ ਮੋਗੇ ਪਹੁੰਚ ਗਈ ਦੁਪਿਹਰ ਕੁ ਜੀ ਨੂੰ ਸਤਿਨਾਮ ਸਿੰਘ ਤਿੰਨਾਂ ਨੂੰ ਵੇਖ ਬੜੇ ਅਦਬ ਸਤਿਕਾਰ ਨਾਲ ਮਿਲਿਆ ਪਰ ਉਦਾਸ ਮਨ ਨਾਲ ਕਹਿੰਦਾ ਕਿ ਏ ਡੀ ਸੀ ਸਹਿਬ ਅਜੇ ਦਫਤਰ ਵਿੱਚ ਪਹੁੰਚੇ ਨਹੀ, ਪਰ ਤੁਸੀ ਬੈਠੋ ਮੈ ਚਾਹ ਮੰਗਵਾਉਦਾ ਹਾਂ,ਜਦੋ ਹੀ ਸਹਿਬ ਆਉਦੇ ਨੇ ਮੈ ਸਭ ਤੋ ਪਹਿਲਾਂ ਤੁਹਾਡਾ ਹੀ ਕੰਮ ਕਰਵਾ ਕਿ ਦੇਵਾਂਗਾ। ਤਿੰਨਾਂ ਪਿਓ ਪੁਤਾ ਕੋਲ ਸਹਿਬ ਦੀ ਉਡੀਕ ਕਰਨ ਤੋ ਬਿਨਾਂ ਹੋਰ ਕੋਈ ਚਾਰਾ ਨਹੀ ਸੀ।ਦੁਪਿਹਰ 12 ਵਜੇ ਤੋ ਲੈਕੇ ਸਾਮ ਦੇ 6 ਵੱਜ ਚੁਕੇ ਸਨ ,ਪਰ ਹਾਲੇ ਤੱਕ ਸਹਿਬ ਨਹੀ ਸੀ ਪਹੁੰਚਿਆ।

ਭੁੱਖਣ ਭਾਣੇ ਤਿੰਨੇ ਜਾਣੇ ਬਾਪੂ ਹੋਰੀ ਵੀ ਕੁਰਸੀਆਂ ਤੇ ਸੌਅ ਸੌਅ ਅੱਕ ਚੁਕੇ ਸਨ , ਪਰ ਬੇਯਕੀਨੀ ਉਡੀਕ ਕਰਨ ਤੋ ਬਿਨਾਂ ਉਹਨਾਂ ਕੋਲ ਹੋਰ ਕੋਈ ਰਾਹ ਨਹੀ ਸੀ।ਅਖੀਰ ਸਾਮ ਨੂੰ 7 ਵਜੇ ਏ ਡੀ ਸੀ ਸਹਿਬ ਦਫਤਰ ਵਿੱਚ ਪਹੁੰਚੇ। ਬੜੇ ਕੁਰੱਖਤ ਸੁਭਾਅ ਵਾਲੇ ਹਿੰਦੂ ਸਹਿਬ ਅੱਗੇ ਬਜੁਰਗ ਅਤੇ ਉਹਦੇ ਮੁੰਡੇ ਹੱਥ ਜੋੜੀ ਖੜੇ ਲਾਈਸੈਂਸ ਕੈਸ਼ਲ ਕਰਵਾਉਣ ਲਈ ਰਹਿਮ ਦੀ ਭੀਖ ਮੰਗ ਰਹੇ ਸਨ।ਪਰ ਸਹਿਬ ਬਿਨਾਂ ਕਿਸੇ ਦੀ ਸੱਤ ਸੈਰੀ ਅਕਾਲ ਦਾ ਜੁਆਬ ਦਿੱਤਿਆ ਬਸ ਕਾਗਜਾ ਤੇ ਯਰੀਟਾਂ ਮਾਰੀ ਜਾ ਰਿਹਾ ਸੀ। ਅਖੀਰ ਕੈਸਲ ਕਰਵਾ ਕਿ, ਰਾਇਫਲ ਵੇਚਣ ਦਾ ਸਰਟੀਫਿਕੇਟ ਲੈਕੇ ਤਿੰਨੇ ਪਿਓ ਪੁੱਤ ਅਸਲੇ ਵਾਲੀ ਦੁਕਾਨ ਤੇ ਪਹੁੰਚੇ । ਜਦੋ ਦੁਕਾਨ ਵਾਲੇ ਨੇ ਸਰਟੀਫਿਕੇਟ ਵੇਖਿਆਂ ਤਾਂ ਉਹ ਮੱਥੇ ਤੇ ਹੱਥ ਮਾਰ ਕਿ ਕਹਿਣ ਲੱਗਾ 'ਅੰਕਲ ਜੀ ਇਹ ਤਾਂ ਕੈਹਰੀ ਨਾਲੀ ਵੇਚਣ ਦਾ ਸਰਟੀਫਿਕੇਟ ਤੁਸੀ ਚੱਕੀ ਫਿਰਦੇ ਹੋ, ਆਪਣੀ ਗੰਨ ਤਾਂ ਦੋਨਾਲੀ ਹੈ? ਬਾਪੂ ਨੂੰ ਸੁਣਦੇ ਸਾਰ ਪਸੀਨਾਂ ਆ ਗਿਆਂ ਤੇ ਕਹਿੰਦਾ ਯਾਰ ਸਾਥੋ ਹੁਣ ਹੋਰ ਪੰਗੇ ਨਹੀ ਕੀਤੇ ਜਾਦੇਤ ਸਾਡੀਆਂ ਤਾਂ ਰਾਇਫਲ ਨੇ 'ਲੇਲੜੀਆਂ ਕਢਵਾ ਦਿਤੀਆਂ ਨੌ ਸਾਰਾ ਟੱਬਰ ਕੰਮ ਕਾਰ ਛੱਡੀ ਇਸੇ ਕੰਜਰਖਾਨੇ 'ਚ ਤੁਰੇ ਫਿਰਦੇ ਹਾਂ ਮਹੀਨਾ ਹੋ ਗਿਆ। ਤੂੰ ਪੁੱਤਰਾ ਜਿਨੇ ਦੀ ਮਰਜੀ ਰਾਇਫਲ ਰੱਖ ਲੈ ਸਾਡਾ ਖਹਿੜਾ ਛੁਡਵਾ ਦੇ ਇੱਕ ਵਾਰੀ। ਅਖੀਰ ਕੌਡੀਆਂ ਦੇ ਭਾਅ ਦੁਨਾਲੀ ਰਾਇਫਲ ਵੇਚ ਕਿ ਤਿੰਨੇ ਪਿਓ ਪੁੱਤ ਸਿਸਟਮ ਨੂੰ ਕੋਸਦੇ ਆਪਣੇ ਘਰ ਵਾਪਸ ਆਏ ਅਤੇ ਰੱਜ ਕਿ ਆਪਣੀ ਨੀਂਦ ਸੁੱਤੇ । ਸਾਰਾ ਟੱਬਰ ਅੱਜ ਇੰਝ ਮਹਿਸੂਸ ਕਰ ਰਿਹਾ ਸੀ ਜਿਵੇਂ ਸਿਰ ਤੋਂ ਬਹੁਤ ਵੱਡਾ ਬੋਝ ਹਲਕਾ ਹੋ ਗਿਆ ਹੋਵੇ।

## ਗੱਪਾਂ ਦੀ ਉਲੰਪਿਕ ਗੇਮ ?

ਸਿਆਸੀ ਪਿੜ ਵਿੱਚ ਐਹੋ ਵਰ੍ਹਿਆਂ ਤੋਂ ਨੱਚੀ ਜਾਂਦੇ
'ਚਾਰੀ ਜਾਂਦੇ' ਆਪਣੇ ਹੀ ਹੈਗਾ ਨਾ ਕੋਈ ਲਾਂਭਲਾ।
ਕਿਹਨੇ ਕਿੰਨੀ ਵਾਰੀ ਲਾਰੇ ਲਾ ਲਾ ਕੇ ਰਾਜ ਕੀਤਾ
ਭੋਲ਼ਾ ਹੁਣ ਬਣੀ ਨਾ ਪੰਜਾਬੀਆ 'ਹਿਸਾਬ' ਲਾ।
ਖੜ-ਸੁੱਕ ਹੋਇਆਂ ਨੇ ਹੈ ਦੇਣੀ ਹਰਿਆਲੀ ਕਿੱਥੋਂ
'ਪਰਖਿਆਂ' ਨੂੰ ਪੁੱਟ ਕੇ ਤੇ ਨਵੀਂ ਕੋਈ 'ਦਾਬ' ਲਾ।
ਲੁੱਟ-ਪੁੱਟ ਹੋਇਆਂ ਹੈਂ ਤੂੰ ਵਾਰ ਵਾਰ ਖਾ ਕੇ ਧੋਖੇ
ਲਾਈ-ਲੱਗ ਬਣੀ ਨਾ 'ਤਾਰੀਖ' ਦਿਆ ਕਾਬਲਾ।
'ਯੂਨਿਟਾਂ' ਮੁਫਤ ਦੇਣੇ ਵਾਲਿਆਂ ਨੂੰ ਪੁੱਛੀਂ ਜ਼ਰਾ
ਤੋਰੇ ਕਿਉਂ ਵਿਦੇਸ਼ੀਂ ਧੀਆਂ ਪੁੱਤਾਂ ਦਿਆ ਬਾਬਲਾ।
ਝੂਠੇ ਆਗੂ ਜਿਦੋ ਜਿਦੀ ਵਾਅ੍ਹਦੇ ਏਦਾਂ ਕਰੀ ਜਾਂਦੇ
ਉਲੰਪਿਕ ਦੇ ਵਿੱਚ ਹੋਵੇ 'ਗੱਪਾਂ ਦਾ ਮੁਕਾਬਲਾ' !

-ਤਰਲੋਚਨ ਸਿੰਘ
ਦੁਪਾਲ ਪੁਰ
001-408-915-1268



# ਹਾਕੀ ਖਿਡਾਰਨ ਵੰਦਨਾ ਕਟਾਰੀਆ ਦੇ ਘਰ ਵੱਲ ਜਾਤੀਵਾਦੀ ਕਤੀੜਾਂ ਦੀ ਬਊਂ-ਬਊਂ

ਗੁਰਮੀਤ ਕੜਿਆਲਵੀ

ਜਦੋਂ ਦੇਸ਼ ਦੀਆਂ ਧੀਆਂ ਦੇਸ਼ ਦਾ ਮਾਣ ਵਧਾਉਣ ਲਈ ਮੈਦਾਨ 'ਚ ਖੂਨ ਪਸੀਨਾ ਵਹਾ ਰਹੀਆਂ ਨੇ, ਉਸ ਸਮੇਂ ਮਨੂੰਵਾਦ ਦੇ ਗੜ੍ਹ ਹਰਿਦੁਆਰ ਤੋਂ ਸ਼ਰਮ ਕਰ ਦੇਣ ਵਾਲੀ ਘਟਨਾ ਸਾਹਮਣੇ ਆਈ ਹੈ। ਦੇਸ਼ ਦੀ ਤੇਜ਼ ਤਰਾਰ ਖਿਡਾਰਨ ਤੇ ਮੁੱਖ ਹਮਲਾਵਰ ਖਿਡਾਰੀ ਵੰਦਨਾ ਕਟਾਰੀਆ ਦੇ ਘਰ ਬਾਹਰ ਕੁੱਝ ਜਾਤੀਵਾਦੀ ਕਤੀੜਾਂ ਨੇ ਗੰਦ ਮੰਦ ਬਕਿਆ। ਹੱਲਾ ਕੀਤਾ ਤੇ ਆਖਿਆ ਕਿ ਦੇਸ਼ ਨੂੰ ਗੋਲਡ ਮੈਡਲ ਇਸੇ ਕਰਕੇ ਨਹੀ ਮਿਲਿਆ ਕਿਉਂ ਕੇ ਬਹੁਤ ਸਾਰੇ ਦਲਿਤ ਖਿਡਾਰੀ ਖੇਡ ਰਹੇ ਹਨ। ਕੀ ਇਹਨਾਂ ਕਤੀੜਾਂ ਨੂੰ ਪਤਾ ਨਹੀਂ ਕਿ ਭਾਰਤੀ ਕੁੜੀਆਂ ਦੀ ਹਾਕੀ ਟੀਮ ਨੂੰ ਇਥੇ ਤੱਕ ਪਹੁੰਚਾਉਣ ਲਈ ਵੰਦਨਾ ਦਾ ਕਿੰਨਾ ਵੱਡਾ ਯੋਗਦਾਨ ਹੈ।

ਵੰਦਨਾ ਕਟਾਰੀਆ ਦੀ ਹੈਟ੍ਰਿਕ ਨੂੰ ਬਹੁਤੇ ਦਿਨ ਵੀ ਨਹੀਂ ਹੋਏ। ਫਿਰ ਹਰ ਮੈਚ ਵਿੱਚ ਉਸਦੀ ਖੇਡ ਉਚ ਮਿਆਰੀ ਰਹੀ ਹੈ। ਉਸਨੇ ਦੁਨੀਆ ਦੀਆਂ ਅਵਲ ਨੰਬਰ ਵਾਲੀਆਂ ਟੀਮਾਂ ਦੀ ਰੱਖਿਆ ਕਤਾਰ ਨੂੰ ਵਖਤ ਪਾਈ ਰੱਖਿਆ ਹੈ। ਵੰਦਨਾ ਟੀਮ ਦੀ ਧੁਰੀ ਹੈ। ਵੰਦਨਾ ਟੀਮ ਦੀ ਜਿੰਦਜਾਨ ਹੈ। ਵੰਦਨਾ ਹੀ ਨਹੀਂ ਰਾਣੀ ਰਾਮਪਾਲ ਵੀ ਰੇਹੜਾ ਵਾਹੁਣ ਵਾਲੇ ਮਜ਼ਦੂਰ ਦੀ ਧੀ ਹੈ। ਭਾਰਤੀ ਕੁੜੀਆਂ ਤੇ ਮੁੰਡਿਆਂ ਦੀਆਂ ਟੀਮਾਂ ਦੇ ਵਧੇਰੇ ਖਿਡਾਰੀ ਕਿਰਤੀਆਂ ਜਾਂ ਕਿਸਾਨਾਂ ਦੇ ਪੁੱਤ ਧੀਆਂ ਹਨ। ਅਮੀਰਾਂ ਦੇ ਜੁਆਕਾਂ ਨੂੰ ਤਾਂ ਆਪਣੇ ਕਾਰੋਬਾਰਾਂ, ਡਾਕਟਰ/ਵਕੀਲ/ਉਚ ਅਧਿਕਾਰੀ ਬਣਕੇ ਲੁੱਟਣ ਖੋਹਣ ਤੋਂ ਬਿਨਾਂ ਹੋਰ ਕੁਝ ਸੁਝਦਾ ਹੀ ਨਹੀਂ। ਖੂਨ ਪਸੀਨਾ ਵਹਾਉਣਾ-ਭਾਵੇਂ ਲੜਾਈ ਦਾ ਮੈਦਾਨ ਹੋਵੇ ਜਾਂ ਖੇਡ ਦਾ ਮੈਦਾਨ, ਮਿਹਨਤਕਸ਼ਾਂ ਦੇ ਹਿੱਸੇ ਆਉਂਦਾ ਹੈ।

ਜਾਤੀਵਾਦੀ ਕਤੀੜਾਂ ਨੇ ਪੀ ਵੀ ਸਿੰਧੂ ਦੀ ਜਾਤੀ ਨੂੰ ਖੰਘਾਲਣ ਲਈ ਵੀ ਗੂਗਲ 'ਤੇ ਭਾਲ ਜਾਰੀ ਰੱਖੀ। ਪਤਾ ਨਹੀਂ ਲਵਲੀਨਾ ਦੀ ਕੀ ਜਾਤੀ ਹੈ?

ਮੀਰਾ ਬਾਈ ਚਾਨੂ ਕੌਣ ਹੈ? ਪੀ ਵੀ ਸਿੰਧੂ ਕੌਣ ਜਾਤੀ ਦੀ ਹੈ ? ਕਤੀੜਾਂ ਲਈ ਇਹਨਾਂ ਦੀਆਂ ਜਾਤੀਆਂ ਮਹਿਨੇ ਰੱਖਦੀਆਂ ਹੋਣਗੀਆਂ ਪਰ ਸਾਡੇ ਲਈ- ਅਸੀਂ ਜੋ ਦੇਸ਼ ਨੂੰ ਪਿਆਰ ਕਰਦੇ ਹਾਂ। ਅਸੀਂ ਜੋ ਦੇਸ਼ ਨੂੰ ਸਿਉਂਕ ਬਣਕੇ ਲੁੱਟਣ ਵਾਲਿਆਂ ਵਿੱਚ ਨਹੀਂ ਅਸੀਂ ਜੋ ਦੇਸ਼ ਦੀ ਧਰਤੀ ਨੂੰ ਸਦੀਆਂ ਤੋਂ ਆਪਣੇ ਖੂਨ ਤੇ ਪਸੀਨੇ ਨਾਲ ਸਿੰਝਦੇ ਆਏ ਹਾਂ- ਅਸੀਂ ਦੇਸ਼ ਲਈ ਮੈਦਾਨਾਂ ਵਿੱਚ ਪਸੀਨਾ ਵਹਾਉਣ ਵਾਲੀਆਂ ਧੀਆਂ ਨੂੰ ਆਪਣੀਆਂ ਧੀਆਂ ਮੰਨਦੇ ਹਾਂ।

ਪਿਆਰੀਏ ਵੰਦਨਾ ਧੀਏ ! ਕਤੀੜਾਂ ਦੀ ਪ੍ਰਵਾਹ ਨਹੀਂ ਕਰੀਦੀ। ਇਹ ਕਤੀੜਾਂ ਉਹ ਨੇ ਜਿਹੜੀਆਂ ਢੋਰ ਗੰਵਾਰ ਸ਼ੂਦਰ ਔਰ ਨਾਰੀ, ਚਾਰੋਂ ਤਾੜਨ ਕੇ ਅਧਿਕਾਰੀ ਆਖਣ ਵਾਲੇ ਦੀਆਂ ਪੈਰੋਕਾਰ ਨੇ। ਕਦੇ ਕਹਿੰਦੀਆਂ ਕੁੜੀਆਂ ਆਹ ਨ੍ਹੀ ਅਹੁ ਪਾਉਣ। ਕਦੇ ਬਲਾਤਕਾਰੀਆਂ ਦੇ ਖੁੱਲ ਕੇ ਹੱਕ 'ਚ ਮੁਜ਼ਾਹਰੇ ਕਰਦੀਆਂ ਨੇ। ਕਦੇ ਉਹਨਾਂ ਲਈ ਸਿੱਖਿਆ ਦੇ ਦਰਵਾਜ਼ੇ ਬੰਦ ਕਰ ਦੇਣ ਦੀਆਂ ਬਦਦਿਮਾਗੀ ਭਰੀਆਂ ਗੱਲਾਂ ਕਰਦੀਆਂ ਨੇ। ਇਹ ਕਤੀੜਾਂ ਉਹ ਨੇ ਜਿੰਨਾ ਨੇ ਕਦੇ ਖਿੱਦੋ ਖੂੰਡੀ ਵੀ ਨਹੀਂ ਖੇਡ ਕੇ ਵੇਖੀ ਹੋਣੀ। ਗੁੱਲੀ ਡੰਡਾ ਨੀ ਖੇਡਿਆ। ਭਿਜ ਜਾਣ ਤੋਂ ਡਰਦਿਆਂ ਮਹੀਨਾ ਮਹੀਨਾ ਨਹਾਉਂਦੇ ਨਹੀਂ। ਗਲੀ 'ਚ ਸਾਹਮਣੇ ਤੋਂ ਕੁੱਤਾ ਮਿਲ ਪਏ ਤਾਂ ਨੀਕਰ ਲਬੇੜ ਲੈਂਦੇ ਹਨ। ਇਹਨਾਂ ਦਾ ਇਤਿਹਾਸ ਬੜਾ ਮਹਾਨ ਹੈ। ਇਤਿਹਾਸ ਇਹਨਾਂ ਜਾਤੀਵਾਦੀ ਕਤੀੜਾਂ ਦੀਆਂ ਬਹਾਦਰੀਆਂ ਨਾਲ ਭਰਿਆ ਪਿਆ ਹੈ। ਇਹਨਾਂ ਨੂੰ ਆਪਣੀਆਂ ਇਤਿਹਾਸਕ ਬਹਾਦਰੀਆਂ 'ਤੇ ਮਾਣ ਕਰੀ ਜਾਣ ਦਿਓ। ਤੁਸੀਂ ਕਿਰਤੀ ਲੋਕਾਂ ਲਈ, ਦੇਸ਼ ਲਈ ਤੇ ਆਪਣੇ ਲਈ ਖੇਡ ਮੈਦਾਨ ਵਿਚ ਪਸੀਨਾ ਵਹਾਉਣਾ ਜਾਰੀ ਰੱਖਣਾ। ਦੇਸ਼ ਤੁਹਾਡੇ ਵੱਲ ਦੇਖ ਰਿਹਾ ਹੈ। ਵੰਦਨਾ ਧੀਏ! ਘਬਰਾਉਣਾ ਨਹੀਂ। ਖੇਡਾਂ ਖਾਸ ਕਰ ਹਾਕੀ ਹੈ ਈ ਕਿਰਤੀਆਂ ਦੀ ਖੇਡ। ਕਿਰਤੀਆਂ ਨੇ ਹੀ ਦੇਸ਼ ਦੀ ਲਾਜ ਰੱਖਣੀ ਹੈ। ਦੇਸ਼ ਦੇ ਗੁਪਤ ਭੇਦ ਬਾਹਰਲੇ ਦੇਸ਼ਾਂ ਨੂੰ ਵੇਚਣ ਵਾਲੇ ਹੋਰ ਹੁੰਦੇ ਨੇ।

ਦੇਸ਼ ਦੀਆਂ ਬੈਂਕਾਂ ਦਾ ਪੈਸਾ ਲੁੱਟ ਕੇ ਵਿਦੇਸ਼ ਭੱਜਣ ਵਾਲੇ ਹੋਰ ਹੁੰਦੇ ਨੇ। ਦੇਸ਼ ਨਾਲ ਗਦਾਰੀਆਂ ਕਰਨ ਵਾਲੇ ਹੋਰ ਹੁੰਦੇ ਨੇ। ਕਿਰਤੀ ਲੋਕ ਦੇਸ਼ ਦਾ ਮਾਣ ਵਧਾਉਂਦੇ ਆਏ ਨੇ ਤੇ ਵਧਾਉਂਦੇ ਰਹਿਣਗੇ। ਜਿੰਦਾਬਾਦ ਵੰਦਨਾ ! ਜਿੰਦਾਬਾਦ ਦੇਸ਼ ਦੀਆਂ ਤਮਾਮ ਧੀਆਂ।










# ਜਾਤੀ ਨੂੰ ਲੈ ਕੇ ਓਲੰਪਿਕ ਹਾਕੀ ਖਿਡਾਰਣ ਦਾ ਅਪਮਾਨ ਕਰਨਾ ਦੇਸ਼ ਦੇ ਮੱਥੇ 'ਤੇ ਕਲੰਕ - ਹਰਭਜਨ ਸੁਮਨ

**ਫਗਵਾੜਾ 6 ਅਗਸਤ (ਬੀ.ਕੇ.ਰੱਤੂ)** ਅੰਬੇਡਕਰ ਸੈਨਾ ਮੂਲ ਨਿਵਾਸੀ ਦੇ ਸੂਬਾ ਪ੍ਰਧਾਨ ਹਰਭਜਨ ਸੁਮਨ ਨੇ ਭਾਰਤੀ ਹਾਕੀ ਟੀਮ ਦੀ ਖਿਡਾਰਣ ਵੰਦਨਾ ਕਟਾਰੀਆ ਦੇ ਘਰ ਦੇ ਬਾਹਰ ਕੁੱਝ ਸ਼ਰਾਰਤੀ ਅਨਸਰਾਂ ਵਲੋਂ ਕੀਤੀ ਹੁੜਦੰਗ ਬਾਜੀ ਦੀ ਸਖਤ ਨਖੇਦੀ ਕਰਦਿਆਂ ਇਹਨਾਂ ਅਨਸਰਾਂ ਖਿਲਾਫ ਐਟਰੋਸਿਟੀ ਐਕਟ ਅਧੀਨ ਕਾਰਵਾਈ ਦੀ ਮੰਗ ਕੀਤੀ ਹੈ। ਅੱਜ ਇੱਥੇ ਗੱਲਬਾਤ ਕਰਦਿਆਂ ਹਰਭਜਨ ਸੁਮਨ ਨੇ ਕਿਹਾ ਕਿ ਜਪਾਨ ਦੀ ਰਾਜਧਾਨੀ ਟੋਕੀਓ ਵਿਖੇ ਜਾਰੀ ਓਲੰਪਿਕ-2020 ਦੌਰਾਨ ਭਾਰਤ ਦੀ ਮਹਿਲਾ ਹਾਕੀ ਟੀਮ ਦੀ ਖਿਡਾਰਣ ਵੰਦਨਾ ਕਟਾਰੀਆ ਨੇ ਬਹੁਤ ਹੀ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਹੈ-ਟ੍ਰਿਕ ਲਗਾਈ। ਜਿਸ ਕਰਕੇ ਭਾਰਤੀ ਟੀਮ ਸੈਮੀਫਾਈਨਲ ਵਿਚ ਕੁਆਲੀਫਾਈ ਕਰ ਸਕੀ। ਪਰ ਅਰਜਨਟਾਈਨ ਦੀ ਟੀਮ ਤੋਂ ਹਾਰਨ ਤੋਂ ਬਾਅਦ ਕੁੱਝ ਸ਼ਰਾਰਤੀ ਅਨਸਰਾਂ ਵਲੋਂ ਖਿਡਾਰਣ ਵੰਦਨਾ ਕਟਾਰੀਆ ਦੇ ਉਤਰਾਖੰਡ ਸਥਿਤ ਘਰ ਦੇ ਬਾਹਰ ਕੁੱਝ ਜਾਤੀ ਹੰਕਾਰੀਆਂ ਵਲੋਂ ਪਟਾਖੇ ਚਲਾਏ ਗਏ ਅਤੇ ਜਾਤੀ ਸੂਚਕ ਸ਼ਬਦਾਂ ਦੀ ਵਰਤੋਂ ਕਰਨ ਦੇ ਨਾਲ ਅਸ਼ਲੀਲ ਹਰਕਤਾਂ ਕੀਤੀਆਂ ਗਈਆਂ। ਇਹ ਵੀ ਕਿਹਾ ਕਿ ਦਲਿਤਾਂ ਨੂੰ ਹਾਕੀ ਸਮੇਤ



ਸਾਰੀਆਂ ਖੇਡਾਂ ਤੋਂ ਬਾਹਰ ਰੱਖਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਇਹਨਾਂ ਜਾਤੀ ਹੰਕਾਰੀਆਂ ਨੂੰ ਨਹੀਂ ਪਤਾ ਕਿ ਰਾਸ਼ਟਰੀ ਟੀਮ ਵਿਚ ਜਗ੍ਹਾ ਬਨਾਉਣ ਲਈ ਕਿੰਨੀ ਸਖਤ ਮਿਹਨਤ ਕਰਨੀ ਪੈਂਦੀ ਹੈ। ਉਹਨਾਂ ਤਲਖ ਲਹਿਜੇ ਵਿਚ ਕਿਹਾ ਕਿ ਕੁਝ ਜਾਤੀ ਵਾਦੀ ਲੋਕ ਨਹੀਂ ਚਾਹੁੰਦੇ ਕਿ ਦੇਸ਼ ਦਾ ਐਸ.ਸੀ. ਸਮਾਜ ਤਰੱਕੀ ਕਰੇ ਪਰ ਸਭ ਤੋਂ ਸ਼ਰਮ ਦੀ ਗੱਲ ਤਾਂ ਇਹ ਹੈ ਕਿ ਓਲੰਪਿਕ ਦੀ ਹਰ ਹਾਰ-ਜਿੱਤ ਤੇ ਪਹਿਲੀ ਪ੍ਰਤੀਕ੍ਰਿਆ ਦੇਣ ਵਾਲੇ ਪ੍ਰਧਾਨ ਮੰਤਰੀ ਮੋਦੀ ਤੇ ਨਾ ਉਤਰਖਾਂਡ ਦੇ ਮੁੱਖ ਮੰਤਰੀ ਅਤੇ ਨਾ ਹੀ ਕੇਂਦਰ ਸਰਕਾਰ ਦੇ ਖੇਡ ਮੰਤਰੀ ਨੇ ਇਸ ਘਟਨਾ ਦੀ ਨਿੰਦਿਆ ਕਰਨਾ ਜਰੂਰੀ ਸਮਝਿਆ।

ਇਹ ਸਭ ਦਰਸਾਉਂਦਾ ਹੈ ਕਿ ਇਸ ਦੇਸ਼ ਵਿਚ ਵਿਅਕਤੀ ਦੇ ਗੁਣ ਦੀ ਨਹੀਂ ਉਸਦੀ ਜਾਤੀ ਦੀ ਕਦਰ ਕੀਤੀ ਜਾਂਦੀ ਹੈ ਤਾਂ ਹੀ ਤਾਂ ਸਾਡਾ ਦੇਸ਼ ਤਰੱਕੀ ਨਹੀਂ ਕਰ ਰਿਹਾ ਅਤੇ ਸਮਾਜ ਜਾਤੀਵਾਦੀ ਮਾਨਸਿਕਤਾ ਦਾ ਸ਼ਿਕਾਰ ਹੈ। ਉਹਨਾਂ ਮੰਗ ਕੀਤੀ ਕਿ ਇਹਨਾਂ ਅਨਸਰਾਂ ਖਿਲਾਫ ਦੇਸ਼ਧ੍ਰੋਹ ਦਾ ਪਰਚਾ ਵੀ ਦਰਜ ਕੀਤਾ ਜਾਵੇ ਕਿਉਂਕਿ ਇਹਨਾਂ ਅਨਸਰਾਂ ਨੇ ਦੇਸ਼ ਦੀ ਟੀਮ ਦੀ ਹਾਰ ਦੀ ਖੁਸ਼ੀ ਮਨਾਈ ਅਤੇ ਪਟਾਖੇ ਚਲਾਏ ਹਨ।

# ਅਰਪਨ ਸੰਸਥਾ ਨੇ ਤੀਆਂ ਦਾ ਤਿਉਹਾਰ ਮਨਾਇਆ

ਅਰਪਨ ਸੰਸਥਾ ਵਲੋ ਵੂਮੈਨ ਇਮੰਪਾਵਰਮੈਂਟ ਸੈਂਟਰ ਕੰਚੇਹੜਾ ਨੰਗਲ ਵਿੱਚ ਤੀਆਂ ਦਾ ਤਿਉਹਾਰ ਮਨਾਇਆ ਗਿਆ ਜਿਸ ਵਿੱਚ ਇਲਾਕੇ ਦੀਆਂ ਲੜਕੀਆਂ ਅਤੇ ਮਹਿਲਾਵਾਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ। ਇਸ ਮੌਕੇ ਤੇ ਲੜਕੀਆਂ ਅਤੇ ਮਹਿਲਾਵਾਂ ਨੇ ਮਿਲਕੇ ਮਹਿੰਦੀ ਲਗਾਈ ਅਤੇ ਪੀਂਘ ਤੇ ਝੂਟੇ ਲਏ ਅਤੇ ਗਿੱਧਾ ਪਾਇਆ। ਇਸ ਮੌਕੇ ਵਿਸ਼ੇਸ ਤੋਰ ਤੇ ਪਹੁੰਚੇ ਅਰਪਨ ਦੇ ਡਾਇਰੈਕਟਰ ਕੁਲਦੀਪ ਚੰਦ ਨੇ ਤੀਆਂ ਦੇ ਤਿਉਹਾਰ ਦੀ ਮਹੱਤਤਾ ਬਾਰੇ ਦੱਸਿਆ। ਉਨ੍ਹਾਂ ਦੱਸਿਆ ਕਿ ਪੰਜਾਬ ਜੋਕਿ ਮੇਲਿਆਂ ਅਤੇ ਤਿਉਹਾਰਾਂ ਦੀ ਧਰਤੀ ਹੈ ਵਿੱਚ ਇਸ ਤੀਆਂ ਦੇ ਤਿਉਹਾਰ ਦੇ ਵਿਸੇਸ ਮਹੱਤਵ ਹੈ। ਉਨ੍ਹਾਂ ਦੱਸਿਆ ਕਿ ਸਾਵਣ ਮਹੀਨਾ ਜਿਸਨੂੰ ਹਰਾ ਮਹੀਨਾ ਵੀ ਕਿਹਾ ਜਾਂਦਾ ਹੈ ਹਰ ਪਾਸੇ ਹਰਿਆਲੀ ਨਜ਼ਰ ਆਂਦੀ ਹੈ ਜੋਕਿ ਖੁਸਹਾਲੀ ਦਾ ਪ੍ਰਤੀਕ ਹੈ। ਉਨ੍ਹਾਂ ਦੱਸਿਆ ਕਿ ਸਮੇਂ ਵਿੱਚ ਆ ਰਹੇ ਬਦਲਾਓ ਕਾਰਨ ਇਹ ਤਿਉਹਾਰ ਵੀ ਹੁਣ ਆਲੋਪ ਹੁੰਦਾ ਜਾ ਰਿਹਾ ਜਿਸ ਨੂੰ ਸਾਂਭਣਾ ਅਤਿ ਜਰੂਰੀ ਹੈ ਅਤੇ ਇਸ ਲਈ ਹੀ ਅਰਪਨ ਸੰਸਥਾ ਜੋਕਿ ਵਿਸੇਸ ਤੋਰ ਤੇ ਸਮਾਜ ਦੇ ਪੱਛੜੇ ਵਰਗਾਂ ਅਤੇ ਮਹਿਲਾਵਾਂ ਅਤੇ ਬੱਚਿਆਂ ਦੇ ਵਿਕਾਸ ਲਈ ਕੰਮ ਕਰ ਰਹੀ ਹੈ ਵਲੋਂ ਇਸਦਾ ਆਯੋਜਨ ਕੀਤਾ ਗਿਆ ਹੈ ਤਾਂ ਜੋ ਪੰਜਾਬੀ ਸਭਿਆਚਾਰ ਸਬੰਧੀ ਲੋਕਾਂ ਨੂੰ ਜਾਣੂ ਕਰਵਾਇਆ ਜਾ ਸਕੇ। ਸੁਨੀਤਾ ਦੇਵੀ ਨੇ ਦੱਸਿਆ ਕਿ ਬੇਸੱਕ ਸਮਾਜ ਵਿੱਚ ਬਹੁਤੇ ਤਿਉਹਾਰਾਂ ਦਾ ਸਬੰਧ ਲੜਕਿਆਂ ਨਾਲ ਹੀ ਹੈ ਪਰ ਇਹ ਤਿਉਹਾਰ ਵਿਸ਼ੇਸ ਤੋਰ ਤੇ ਲੜਕੀਆਂ ਅਤੇ ਮਹਿਲਾਵਾਂ ਨਾਲ ਸਬੰਧਿਤ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਸਭਿਆਚਾਰ ਅਨੁਸਾਰ ਇਸ ਮਹੀਨੇ ਵਿੱਚ ਨਵ ਵਿਆਹੀਆਂ ਲੜਕੀਆਂ ਅਪਣੇ ਪੇਕੇ ਪਰਿਵਾਰ ਹੀ ਰਹਿੰਦੀਆਂ ਹਨ ਅਤੇ ਇਸ ਤਿਉਹਾਰ ਨੂੰ ਅਪਣੀਆਂ ਹਮ ਉਮਰ ਸਹੇਲੀਆਂ ਅਤੇ ਪਰਿਵਾਰ ਦੀਆਂ ਲੜਕੀਆਂ ਅਤੇ ਮਹਿਲਾਵਾਂ ਨਾਲ ਮਿਲਕੇ ਮੰਨਾਉਦੀਆਂ ਹਨ। ਇਸ ਮਹੀਨੇ ਵਿੱਚ ਵੱਖ ਵੱਖ ਥਾਵਾਂ ਤੇ ਬੂਟਿਆਂ ਤੇ ਪੀਂਘਾਂ ਪਾਈਆਂ ਜਾਂਦੀਆਂ ਹਨ ਅਤੇ ਲੜਕੀਆਂ ਤੇ ਮਹਿਲਾਵਾਂ ਇਕੱਠੀਆਂ ਹੋਕੇ ਹਾਰ ਸ਼ਿੰਗਾਰ ਕਰਕੇ ਪੀਂਘਾਂ ਝੂਟਦੀਆਂ ਹਨ ਅਤੇ ਗੀਤ ਗਾਂਦੀਆਂ ਹਨ ਅਤੇ ਅਪਣੇ ਦੁੱਖ ਸੁੱਖ ਸਾਂਝੇ ਕਰਦੀਆਂ ਹਨ। ਪ੍ਰੋਜੈਕਟ ਕੋਆਰਡੀਨੇਟਰ ਰੀ-ਤਿਕਾ ਨੇ ਕਿਹਾਕਿ ਲੜਕੀਆਂ ਕਿਸੇ ਵੀ ਤਰਾਂ ਲੜਕਿਆਂ ਨਾਲੋਂ ਘੱਟ ਨਹੀਂ ਹਨ ਸਗੋਂ ਕਈ ਖੇਤਰਾਂ ਵਿੱਚ ਲੜਕਿਆਂ ਤੋਂ ਵੀ ਅੱਗੇ ਹਨ। ਉਹਨਾਂ ਨੇ ਕਿਹਾਕਿ ਜੇਕਰ ਲੜਕੀਆਂ ਨੂੰ ਵੀ ਲੜਕਿਆਂ ਦੇ ਬਰਾਬਰ ਪੜ੍ਹਣ ਅਤੇ ਵਿਕਾਸ ਕਰਨ ਦਾ ਮੌਕਾ ਦਿੱਤਾ ਜਾਵੇ ਤਾਂ ਉਹ ਵੀ ਅਪਣੇ ਮਾਪਿਆਂ ਦਾ, ਪਿੰਡ ਦਾ, ਸਮਾਜ ਦਾ ਅਤੇ ਦੇਸ਼ ਦਾ ਨਾਮ ਰੋਸ਼ਨ ਕਰ ਸਕਦੀਆਂ ਹਨ। ਉਹਨਾਂ ਨੇ ਇਸ ਮੌਕੇ ਤੇ ਔਰਤਾਂ ਨੂੰ ਬੇਨਤੀ ਕੀਤੀ ਕਿ ਉਹ ਕੁੜੀਆਂ ਨਾਲ ਕਿਸੇ ਵੀ ਤਰਾਂ ਦਾ ਪੱਖਪਾਤ ਨਾ ਕਰਨ ਅਤੇ ਉਹਨਾ ਨੂੰ ਵੀ ਮੁੰਡਿਆਂ ਦੇ ਬਰਾਬਰ ਹੀ ਸਹੂਲਤਾਂ ਦੇਣ। ਸੈਂਟਰ ਇੰਚਾਰਜ ਪੂਜਾ ਠਾਕੁਰ ਨੇ ਦੱਸਿਆ ਕਿ ਇਸ ਪ੍ਰੋਗਰਾਮ ਦੇ ਆਯੋਜਨ ਦਾ ਮੁੱਖ ਮੰਤਬ ਇਲਾਕੇ ਦੀਆਂ ਮਹਿਲਾਵਾਂ ਅਤੇ ਲੜਕੀਆਂ ਨੂੰ ਪੰਜਾਬੀ ਸਭਿਆਚਾਰ ਜੋਕਿ ਹੋਲੀ ਹੋਲੀ ਆਲੋਪ ਹੁੰਦਾ ਜਾ ਰਿਹਾ ਨਾਲ ਜੋੜ੍ਹਣਾ ਹੈ। ਮੋਨਿਕਾ ਅਤੇ ਰੁਪਾਲੀ ਨੇ ਅਰਪਨ ਸੰਸਥਾ ਵਲੋਂ ਲੜਕੀਆਂ, ਮਹਿਲਾਵਾਂ ਅਤੇ ਬੱਚਿਆਂ ਦੀ ਸਿਹਤ ਲਈ ਚਲਾਈਆਂ ਜਾ ਰਹੀਆਂ ਗਤੀਵਿਧੀਆਂ ਬਾਰੇ ਦੱਸਿਆ। ਇਸ ਮੌਕੇ ਅੰਜਲੀ, ਭਾਰਤੀ, ਸ਼ਿਵਾਨੀ, ਮੁਸਕਾਨ ਆਦਿ ਨੇ ਵੀ ਅਪਣੇ ਵਿਚਾਰ ਦੱਸੇ। ਇਸ ਪ੍ਰੋਗਰਾਮ ਵਿੱਚ ਸੋਨੀਆ, ਰਾਜਵੀਰ ਕੌਰ, ਸ਼ਿਫਾ, ਰਮਨਾ, ਸੀਮਾ, ਰੀਨਾ, ਸੀਮਾ, ਮੀਨਾ, ਸੋਨਾ ਦੇਵੀ, ਮੁਸਕਾਨ, ਰੀਨਾ ਰਾਣੀ, ਸ਼ਿਵਾਨੀ, ਕੁਸੁਮ, ਸੁਨੀਤਾ ਦੇਵੀ, ਅਮਨਦੀਪ ਕੌਰ, ਰਾਜਵਿੰਦਰ ਕੌਰ, ਰਜਨੀ ਆਦਿ ਹਾਜਰ ਸਨ। ਹਾਜਰ ਲੜਕੀਆਂ ਅਤੇ ਮਹਿਲਾਵਾਂ ਨੇ ਦੱਸਿਆ ਕਿ ਇਸ ਸੈਂਟਰ ਵਿੱਚ ਆਕੇ ਉਨ੍ਹਾਂ ਨੂੰ ਕਈ ਨਵੀਆਂ ਚੀਜਾਂ ਸਿੱਖਣ ਨੂੰ ਮਿਲ ਰਹੀਆਂ ਹਨ ਅਤੇ ਅੱਜ ਦੇ ਤੀਆਂ ਦੇ ਪ੍ਰੋਗਰਾਮ ਵਿੱਚ ਉਨ੍ਹਾਂ ਨੂੰ ਪੰਜਾਬੀ ਸਭਿਆਚਾਰ ਨਾਲ ਜੁੜ੍ਹਣ ਦਾ ਮੌਕਾ ਮਿਲਿਆ ਹੈ।



**- ਕੁਲਦੀਪ ਚੰਦ** (91-94175-63054)

# ਕੰਪਿਊਟਰ ਅਧਿਆਪਕ ਯੂਨੀਅਨ ਵੱਲੋਂ 14 ਦੀ ਰੈਲੀ ਦਾ ਐਲਾਨ

ਕੰਪਿਊਟਰ ਅਧਿਆਪਕ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਜਗਦੀਸ਼ ਸ਼ਰਮਾ ਅਤੇ ਜਨਰਲ ਸਕੱਤਰ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਤਿੱਨ ਅਗਸਤ ਨੂੰ ਮੁੱਖ ਮੰਤਰੀ ਪੰਜਾਬ ਦੇ ਚੀਫ ਪ੍ਰਿੰਸੀਪਲ ਸਕੱਤਰ ਅਤੇ ਸਿੱਖਿਆ ਮੰਤਰੀ ਪੰਜਾਬ ਨਾਲ ਹੋਈ ਪੈਨਲ ਮੀਟਿੰਗ ਵਿਚ ਕੰਪਿਊਟਰ ਅਧਿਆਪਕਾਂ ਦੇ 2010 ਵਿਚ ਜਾਰੀ ਨੋਟੀਫਿਕੇਸ਼ਨ ਦੇ ਆਧਾਰ ਤੇ 2011 ਵਿੱਚ ਜਾਰੀ ਕੀਤੇ ਨਿਯੁਕਤੀ ਪੱਤਰਾਂ ਅਨੁਸਾਰ ਬਣਦੇ ਲਾਭ ਜਿਵੇਂ ਆਈਆਰ , ਏਸੀਪੀ ,ਪੰਜਾਬ ਸਿਵਲ ਸਰਵਿਸ ਰੂਲਜ਼ ਆਦਿ ਤੁਰੰਤ ਲਾਗੂ ਕਰਨ ਤੇ ਜਲਦ ਹੀ ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਮਰਜ ਕਰਨ ਸਬੰਧੀ ਫਾਈਲ ਕੈਬਨਿਟ ਸਬ ਕਮੇਟੀ ਨੂੰ ਭੇਜਣ ਸਬੰਧੀ ਸਹਿਮਤੀ ਬਣੀ ਹੈ, ਇਤਿਹਾਸ ਵਿਚ ਪਹਿਲੀ ਵਾਰੀ ਇਹ ਹੋਇਆ ਹੋਵੇਗਾ ਜਦੋਂ ਕਿਸੇ ਨੂੰ ਰਾਜਪਾਲ ਦੀ ਮਨਜ਼ੂਰੀ ਉਪਰੰਤ ਜਾਰੀ ਨੋਟੀਫਿਕੇਸ਼ਨ ਅਤੇ ਰੈਗੂਲਰ ਵਾਲੀ ਨਿਯੁਕਤੀ ਪੱਤਰ ਜਾਰੀ ਕਰਨ ਦੇ ਦਸ ਸਾਲ ਬੀਤਣ ਦੇ ਬਾਵਜੂਦ ਰੈਗੂਲਰ ਵਾਲੇ ਲਾਭ ਲਾਗੂ ਨਾ ਕੀਤੇ ਗਏ ਹੋਣ, ਪਿਛਲੀਆਂ ਮੀ-ਟਿੰਗਾਂ ਦੀ ਤਰ੍ਹਾਂ ਜੇਕਰ ਇਸ ਮੀਟਿੰਗ ਵਿੱਚ ਮੰਨੀਆਂ ਗਈਆਂ ਮੰਗਾਂ ਤੁਰੰਤ ਲਾਗੂ ਨਾ ਕੀਤੀਆਂ ਗਈਆਂ ਤਾਂ ਕੰਪਿਊਟਰ ਅਧਿਆਪਕਾਂ ਵੱਲੋਂ 14 ਅਗਸਤ ਨੂੰ ਪਟਿਆਲਾ ਵਿਖੇ ਸੂਬਾ ਪੱਧਰੀ ਐਕਸ਼ਨ ਕੀਤਾ ਜਾਵੇਗਾ, ਜਿਸ ਦੀ ਜ਼ੁੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ, ਇਸ ਮੌਕੇ ਉਨ੍ਹਾਂ ਨਾਲ ਯਾਦਵਿੰਦਰ ਸਿੰਘ ,ਪੁਸ਼ਪਿੰਦਰ ਭਾਰਦਵਾਜ, ਨਰਦੀਪ ਸ਼ਰਮਾ, ਵਰਿੰਦਰ ਹੰਸ, ਕੁਲਦੀਪ ਸ਼ਰਮਾ, ਪਰਮਿੰਦਰ ਢੀਂਡਸਾ, ਅਸ਼ਵਨੀ ਕੁਮਾਰ, ਜਗਤਾਰ ਸਿੰਘ ਆਦਿ ਹਾਜ਼ਰ ਸਨ। **- ਮੇਜਰ ਸਿੰਘ ਨਾਭਾ**


'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com
Prem. K. Chumber
Contact in USA: 1-916-947-8920

# ਭਾਰਤ ਅਤੇ 55ਵੇਂ ਜਨਮ ਦਿਨ 'ਤੇ ਡਾ.ਅੰਬੇਡਕਰ ਦਾ ਸੰਦੇਸ਼

ਓਲੰਪਿਕ ਖੇਡਾਂ ਵਿਚ ਭਾਰਤੀ ਮਹਿਲਾ ਹਾਕੀ ਟੀਮ ਨੇ ਕਈ ਮੈਚ ਜਿੱਤੇ, ਬਹੁਤ ਨਾਮ ਹੋਇਆ, ਚਰਚਾ ਹੋਈ, ਨਵੀਂ ਰੋਸ਼ਨੀ ਜਗਾਈ, ਪਰ ਮੈਡਲ ਦੋੜ ਵਿਚ ਪਛੜ ਗਈ। ਜੋ ਖੇਢ ਦਿਖਾਈ ਬਹੁਤ ਹੀ ਸਲਾਘਾ ਯੋਗ ਹੈ, ਖਿਢਾਰੀ ਲੋਕਾਂ ਨੂੰ ਯਾਦ ਰਹਿਣਗੇ। ਮਹਿਲਾ ਹਾਕੀ ਦੇ 125 ਸਾਲਾਂ ਦੇ ਇਤਿਹਾਸ ਵਿੱਚ ਲਗਾਤਾਰ 3 ਗੋਲ ਕਰਕੇ ਹੈਟਟ੍ਰਿਕ ਬਨਾਉਣ ਵਾਲੀ ਵੰਦਨਾ ਕਟਾਰੀਆ ਪਹਿਲੀ ਭਾਰਤੀ ਹੀ ਨਹੀਂ ਵਿਸ਼ਵ ਦੀ ਪਹਿਲੀ ਮਹਿਲਾ ਬਣ ਗਈ ਹੈ। ਉਸ ਨੇ ਅਸਮਾਨ ਛੂਹਿਆ ਹੈ। ਭਾਰਤੀ ਸਮੁੱਚੀ ਮਹਿਲਾ ਹਾਕੀ ਟੀਮ ਵਧਾਈ ਦੀ ਪਾਤਰ ਹੈ।

ਵੰਦਨਾ ਕਟਾਰੀਆ ਦਾ ਜਨਮ 15 ਅਪ੍ਰੈਲ 1992 ਹਰਿਦੁਆਰ, ਉੱਤਰ ਪ੍ਰਦੇਸ਼ (ਹੁਣ ਉੱਤਰਾਖੰਡ ਵਿੱਚ) ਵਿੱਚ ਹੋਇਆ। ਉਸਦੇ ਪਿਤਾ ਨਾਹਰ ਸਿੰਘ ਭੇਲ, ਹਰਿਦੁਆਰ ਵਿੱਚ ਇੱਕ ਮਾਸਟਰ ਟੈਕਨੀਸ਼ੀਅਨ ਵਜੋਂ ਕੰਮ ਕਰਦੇ ਸਨ, ਉਹਨਾ ਦੀ ਮਈ ਵਿੱਚ ਮੌਤ ਹੋ ਗਈ ਸੀ। ਓਸੰਪਿਕ ਦੀ ਤਿਆਰੀ ਦੇ ਚਲਦੇ ਵੰਦਨਾ ਵਿਤਾ ਦੀ ਮੌਤ ਉੱਤੇ ਨਹੀਂ ਆ ਸਕੀ ਸੀ। ਹਰਿਦੁਆਰ ਜ਼ਲ੍ਹਿ ਦੇ ਰੋਸ਼ਨਾਬਾਦ ਦੀ ਰਹਿਣ ਵਾਲੀ, ਵੰਦਨਾ ਪਿਛਲੇ ਦੋ ਸਾਲਾਂ ਵਿੱਚ ਭਾਰਤ ਲਈ ਸਭ ਤੋਂ ਬਿਹਤਰ ਖਿਡਾਰੀਆਂ ਵਿੱਚੋਂ ਇੱਕ ਹੈ। ਨੌਜਵਾਨ ਨੇ ਚਾਰ ਸਾਲ ਬਾਅਦ ਸੀਨੀਅਰ ਅੰਤਰਰਾਸ਼ਟਰੀ ਡੈਬਿਊਕਰਨ ਤੋਂ ਪਹਿਲਾਂ 2006 ਵਿੱਚ ਪਹਿਲੀ ਵਾਰ ਜੂਨੀਅਰ ਅੰਤਰਰਾਸ਼ਟਰੀ ਸ਼ੁਰੂਆਤ ਕੀਤੀ।

ਇੱਕ ਭਾਰਤੀ ਫੀਲਡ ਹਾਕੀ ਖਿਡਾਰੀ ਹੈ। ਉਹ ਭਾਰਤੀ ਰਾਸ਼ਟਰੀ ਟੀਮ ਵਿੱਚ ਇੱਕ ਫਾਰਵਰਡ ਦੇ ਰੂਪ ਵਿੱਚ ਖੇਡਦੀ ਹੈ. ਵੰਦਨਾ 2013 ਵਿੱਚ ਪ੍ਰਮੁੱਖਤਾ ਨਾਲ ਉੱਭਰੀ, 2013 ਮਹਿਲਾ ਹਾਕੀ ਜੂਨੀਅਰ ਵਿਸ਼ਵ ਕੱਪ ਵਿੱਚ ਭਾਰਤ ਦੀ ਸਭ ਤੋਂ ਵੱਧ ਗੋਲ ਕਰਨ ਵਾਲੀ ਖਿਡਾਰੀ ਰਹੀ, ਜਿੱਥੇ ਭਾਰਤ ਨੇ ਕਾਂਸੀ ਦਾ ਤਗਮਾ ਜਿੱਤਿਆ; ਉਸਨੇ ਟੂਰਨਾਮੈਂਟ ਵਿੱਚ ਪੰਜ ਗੋਲ ਕੀਤੇ, ਕਿਸੇ ਵੀ ਖਿਡਾਰੀ ਦੁਆਰਾ ਤੀਜੀ ਵਾਰ ਦੁਹਰਾਇਆ ਹੈ।

ਕਟਾਰੀਆ 200 ਤੋਂ ਵੱਧ ਅੰਤਰਰਾਸ਼ਟਰੀ ਮੈਚਾਂ ਵਿੱਚ ਸੀਨੀਅਰ ਰਾਸ਼ਟਰੀ ਟੀਮ ਲਈ ਖੇਡ ਚੁੱਕੀ ਹੈ। ਉਹ ਭਾਰਤੀ ਟੀਮ ਦਾ ਹਿੱਸਾ ਸੀ ਜਿਸਨੇ 2014 ਦੀਆਂ ਏਸ਼ੀਆਈ ਖੇਡਾਂ ਵਿੱਚ ਕਾਂਸੀ ਦਾ ਤਗਮਾ ਜਿੱਤਿਆ ਅਤੇ 2016 ਰੀਓ ਓਲੰਪਿਕ ਵਿੱਚ ਭਾਰਤ ਦੀ ਪ੍ਰਤੀਨਿਧਤਾ ਕੀਤੀ। ਉਸਨੇ ਆਪਣੀ ਪਸੰਦੀਦਾ ਖਿਡਾਰੀ ਵਜੋਂ ਅਰਜਨਟੀਨਾ ਦੀ ਲੂਸੀਆਨਾ ਆਇਮਰ ਦਾ ਹਵਾਲਾ ਦਿੱਤਾ ਹੈ।

ਦੂਜੇ ਪੱਖ ਭਾਰਤ ਲਈ ਬੇਹੱਦ ਸ਼ਰਮਨਾਕ ਹੈ। ਵੰਦਨਾ ਕਟਾਰੀਆ ਨੇ ਬੇਸ਼ਕ ਅਸਮਾਨ ਛੂਹ ਲਿਆ ਹੈ ਪਰ ਉਹ ਭਾਰਤੀ ਜਾਤੀਵਾਦ ਤੋਂ ਪਾਰ ਨਹੀਂ ਪਾ ਸਕੀ। ਇਹ ਇਕੱਲਾ ਉਸ ਉੱਤੇ ਹੀ ਲਾਗੂ ਨਹੀਂ ਹੁੰਦਾ ਭਰਾਤ ਦੇ ਰਾਸ਼ਟਰਪਤੀ ਵਰਗੇ ਔਹਦੇਦਾਰਾਂ ਲਈ ਵੀ ਲਾਗੂ ਹੁੰਦਾ ਹੈ। ਅੱਜ ਵੀ ਭਾਰਤ ਦਾ ਅਨੁਸੂਚਿਤ ਵਰਗ ਬੇਸ਼ਕ ਜਿੰਨਾ ਮਰਜੀ ਤਰੱਕੀ ਕਰ ਲਵੇ, ਭਾਰਤੀ ਕਥਿਤ ਸਵਰਣ ਸਮਾਜ ਦੇ ਦਿਮਾਗ ਵਿੱਚੋਂ ਜਾਤੀਵਾਦ ਨਹੀਂ ਕਢ ਸਕਿਆ। ਹਜਾਰਾਂ ਸਾਲਾਂ ਤੋਂ ਰਹਿਬਰਾਂ ਦੇ ਸੰਦੇਸ਼ ਬੇਅਸਰ ਹਨ। ਜਾਤੀਵਾਦ ਜੋ ਥੋੜਾ ਬਹੁਤ ਢਿੱਲਾ ਪਿਆ ਵੀ ਹੈ, ਉਹ ਭਾਰਤੀ ਸੰਵਿਧਾਨ ਦੇ ਲਾਗੂ ਹੋਣ ਦੇ ਕਾਰਨ। ਜਾਤੀਵਾਦ ਦਾ ਜਹਿਰ ਨੂੰ ਸਰਵਜਨਕ ਵਿਖਾਵੇ ਉਤੇ ਰੋਕ ਲਾਉਂਦਾ ਹੈ, ਕਿਸੇ ਦੇ ਅੰਦਰੋ ਨਹੀਂ ਕਢ ਸਕਿਆ।

ਦੱਖਣੀ ਪੱਛਮੀ ਦਿੱਲੀ ਵਿੱਚ ਐਤਵਾਰ ਸ਼ਾਮ ਨੂੰ ਇੱਕ ਨੌਂ ਸਾਲਾ ਦਲਿਤ ਲੜਕੀ ਨਾਲ ਕਥਿਤ ਤੌਰ 'ਤੇ ਸਮੂਹਿਕ ਬਲਾਤਕਾਰ ਕੀਤਾ ਗਿਆ, ਉਸਦਾ ਕਤਲ ਕਰ ਦਿੱਤਾ ਗਿਆ ਅਤੇ ਫਿਰ ਉਸਦਾ ਅੰਤਿਮ ਸੰਸਕਾਰ ਕਰ ਦਿੱਤਾ ਗਿਆ। ਦਿੱਲੀ ਪੁਲਿਸ ਨੇ ਮੰਗਲਵਾਰ ਨੂੰ ਕਿਹਾ ਕਿ ਫੌਰੈਂਸਿਕ ਟੀਮ ਨੂੰ ਇਕੱਠੀ ਕਰਨ ਲਈ ਉਸ ਦੇ ਪੈਰ ਉਸ ਦੀਆਂ ਅਸਥੀਆਂ ਤੋਂ ਇਲਾਵਾ ਬਾਕੀ ਸਨ।ਚਾਰ ਸ਼ੱਕੀ ਵਿਅਕਤੀਆਂ ਨੂੰ ਸੋਮਵਾਰ ਨੂੰ ਗ੍ਰਿਫਤਾਰ ਕੀਤਾ ਗਿਆ - ਇੱਕ ਪੁਜਾਰੀ, ਰਾਧੇ ਸ਼ਿਆਮ, ਲਕਸ਼ਮੀ ਨਰਾਇਣ ਅਤੇ ਕੁਲਦੀਪ ਜੋ ਕਿ ਪੁਜਾਰੀ ਦੇ ਨਾਲ ਕੰਮ ਕਰਦੇ ਸਨ, ਅਤੇ ਸਲੀਮ, ਜੋ ਕਿ ਇਲਾਕੇ ਦੇ ਵਸਨੀਕ ਸਨ - ਇੱਕ ਦਿਨ ਬਾਅਦ ਬੱਚੇ ਦੀ ਮਾਂ ਦੁਆਰਾ ਉਨ੍ਹਾਂ ਦੀ ਪਛਾਣ ਕੀਤੀ ਗਈ।

ਦੋਸ਼ੀਆਂ 'ਤੇ ਭਾਰਤੀ ਦੰਡ ਸੰਹਿਤਾ (ਆਈਪੀਸੀ) ਦੀਆਂ ਧਾਰਾਵਾਂ 376 (ਬਲਾਤਕਾਰ), 302 (ਕਤਲ), 506 (ਅਪਰਾਧਕ ਧਮਕਾਉਣਾ) ਅਤੇ 204 (ਸਬੂਤਾਂ ਦਾ ਵਿਨਾਸ਼) ਦੇ ਇਲਾਵਾ ਦੋਸ਼ ਲਾਇਆ ਗਿਆ ਹੈ, ਇਸ ਤੋਂ ਇਲਾਵਾ ਜਿਨਸੀ ਅਪਰਾਧਾਂ ਤੋਂ ਬੱਚਿਆਂ ਦੀ ਸੁਰੱਖਿਆ ਦੀਆਂ ਸਬੰਧਤ ਧਾਰਾਵਾਂ (ਪੋਕਸੋ) ਐਕਟ ਅਤੇ ਐਸਸੀ/ਐਸਟੀ ਐਕਟ ਵੀ ਦਰਜ ਕੀਤਾ ਹੈ। ਪੀੜਤ ਦੇ ਪਰਿਵਾਰਕ ਮੈਂਬਰ ਅਤੇ ਰਿਸ਼ਤੇਦਾਰ ਅਤੇ ਨਾਲ ਹੀ ਦਿੱਲੀ ਛਾਉਣੀ ਖੇਤਰ ਦੇ ਪੁਰਾਣਾ ਨੰਗਲ ਦੇ ਵਸਨੀਕ, ਜਿੱਥੇ ਪਰਿਵਾਰ ਰਹਿੰਦਾ ਹੈ, ਸੋਮਵਾਰ ਸ਼ਾਮ ਤੋਂ ਹੀ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਦੀ ਮੰਗ ਨੂੰ ਲੈ ਕੇ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ।



ਕਠੂਆ, ਹਾਥਰਸ ਜਾ ਹੋਰ ਘਟਨਾਵਾਂ ਹੋਣ, ਸ਼ਾਸ਼ਨ, ਪ੍ਰਸ਼ਾਸ਼ਨ ਦਾ ਕੰਮ ਅਤੇ ਰਵਈਆ ਲਗਭਗ ਇੱਕੋ ਜਿਹਾ ਹੀ ਹੁੰਦਾ ਹੈ, ਇਨਸਾਫ ਦਾ ਦਿਖਾਵਾ ਹੁੰਦਾ ਹੈ, ਇਨਸਾਫ ਨਹੀਂ ਹੁੰਦਾ, ਇਸ ਲਈ ਘਟ-ਨਾਵਾਂ ਨਹੀਂ ਰੁਕ-ਦੀਆਂ।ਜਦੋਂ ਤਕ ਜਾਤੀਵਾਦ ਦੇ ਸ਼ੋਸ਼ਣ ਕਰਤਾ ਦੇ ਹੱਥ ਵਿੱਚ ਸੱਤਾ ਰਹੇਗੀ ਜਾਤੀਵਾਦ ਨਹੀਂ ਹਟੇਗਾ। ਸਮਾਜ ਵਿੱਚ ਇਸ ਦੀਆਂ ਜੜਾਂ ਲਾਉਣ ਅਤੇ ਪੱਕਾ ਕਰਨ ਵਾਲੀ ਹਿੰਦੂਵਾਦੀ ਵਰਣ ਵਿਵਸਤਾ ਹੈ ਅਤੇ ਅਨੁਸੂਚਿਤ ਵਰਗ ਦਾ ਇਸ ਨੂੰ ਅਪਨਾਉਣਾ ਹੈ। ਡਾ. ਅੰਬੇਡਕਰ ਦੀ ਮਿਹਨਤ ਦੇ ਕਾਰਨ ਹੀ ਰਾਹਤ ਲੈ ਪਾਏ ਹਨ, ਉਹਨਾ ਦੇ ਦਿਖਾਏ ਰਾਹ ਉੱਤੇ ਚੱਲਕੇ ਹੀ ਸੁਧਾਰ ਦੀ ਉਮੀਦ ਹੈ। ਬਾਬਾ ਸਾਹਿਬ ਲਿਖਤਾਂ ਅਤੇ ਭਾਸ਼ਨ ਬਾਰਤ ਸਰਕਾਰ ਦੀ ਪ੍ਰਕਾਸ਼ਿਤ ਕਿਤਾਬਾਂ ਦੀਆਂ ਲਿਖਤਾਂ ਸਮਝਣ ਵਿੱਚ ਬਹੁਤ ਸਹਾਇਤਾ ਕਰਦੀਆਂ ਹਨ। 1916 ਵਿੱਚ ਯੂਨੀਵਰਸ਼ਟੀ ਵਿੱਚ ਉਹਨਾ ਭਾਸ਼ਨ ਵਿੱਚ ਕਿਹਾ ਸੀ ਕਿ ਜਾਤੀਵਾਦ ਭਾਰਤੀ ਸਮਾਜ ਦੀ ਸੰਸਾਰ ਦੇ ਦੂਜੇ ਦੇਸ਼ਾਂ ਨਾਲੋ ਅਲਗ ਅਤੇ ਖਤਰਨਾਕ ਬਿਮ-ਾਰੀ ਹੈ, ਇਹ ਕੇਵਲ ਭਾਰਤ ਵਿੱਚ ਹੀ ਹੈ, ਮੈਂ ਸੋਚਦਾ ਹਾਂ ਕਿ ਜੇ ਕਰ ਇਹ ਬਿਮਾਰੀ ਸੰਸਾਰ ਦੇ ਦੂਜੇ ਦੇਸ਼ਾਂ ਵਿੱਚ ਫੈਲ ਗਈ ਤਾਂ ਹਾਲਾਤ ਬਹੁਤ ਗਲਤ ਹੋ ਸਕਦੇ ਹਨ।

ਭਾਰਤ ਰਤਨ ਬਾਬਾ ਸਾਹਿਬ ਡਾ.ਭੀਮ ਰਾਓ ਅੰਬੇਦਕਰ ਜੀ ਦੁਆਰਾ ਉਹਨਾਂ ਦੇ ਆਪਣੇ 55 ਜਨਮ ਦਿਨ ਉਤੇ ਆਪਣੇ ਸਮਰਥਕਾਂ ਦੇ ਕਹਿਣ ਉਤੇ ਸੰਦੇਸ਼ ਦਿਤਾ ਗਿਆ, ਜਿਹੜਾ ਭਾਰਤ ਸਰਕਾਰ ਦੁਆਰਾ ਡਾ. ਅੰਬੇਡਕਰ ਜੀ ਦੇ ਲੇਖ ਅਤੇ ਲੈਕਚਰ ਕਿਤਾਬਾਂ ਦੀ ਲੜੀ ਦੇ 17 ਨੰਬਰ ਖੰਡ ਦੇ ਵਿਚ ਛਾਪਿਆ ਗਿਆ ਹੈ। ਪਾਠਕਾ ਦੇ ਲਾਭ ਅਤੇ ਜਾਣਕਾਰੀ ਲਈ ਇਸ ਦਾ ਅਨੁਵਾਦ ਪੰਜਾਬੀ ਵਿਚ ਕੀਤਾ ਗਿਆ ਹੈ। ਉਹ ਸੰਦੇਸ਼ ਵਿਚ ਕਹਿੰਦੇ ਹਨ:-

"ਤੁਸੀਂ ਮੈਨੂੰ ਮੇਰੇ 55 ਵੇਂ ਜਨਮਦਿਨ ਤੇ ਆਪਣੇ ਸਪੈਸ਼ਲ ਨੰਬਰ (55) ਲਈ ਤੁਹਾਨੂੰ ਖਾਸ ਸੁਨੇਹਾ ਭੇਜਣ ਲਈ ਕਿਹਾ ਹੈ। ਇਹ ਇਕ ਮੰਦਭਾਗਾ ਤੱਥ ਹੈ ਕਿ ਭਾਰਤ ਵਿਚ ਰਾਜਨੀਤਿਕ ਨੇਤਾ ਨਬੀ ਵਾਂਗ ਹੀ ਪੈਰ ਰੱਖਦਾ ਹੈ। ਭਾਰਤ ਤੋਂ ਬਾਹਰ, ਲੋਕ ਆਪਣੇ ਨਬੀਆਂ ਦਾ ਜਨਮਦਿਨ ਮਨਾਉਂਦੇ ਹਨ। ਇਹ ਸਿਰਫ ਭਾਰਤ ਵਿੱਚ ਹੈ ਕਿ ਦੋਵਾਂ ਨਬੀਆਂ ਦੇ ਨਾਲ ਨਾਲ ਰਾਜਨੇਤਾਵਾਂ ਦਾ ਜਨਮਦਿਨ ਮਨਾਇਆ ਜਾਂਦਾ ਹੈ। ਦੁੱਖ ਦੀ ਗੱਲ ਹੈ ਕਿ ਅਜਿਹਾ ਨਹੀਂ ਹੋਣਾ ਚਾਹੀਦਾ। ਵਿਅਕਤੀਗਤ ਤੌਰ ਤੇ, ਮੈਨੂੰ ਮੇਰੇ ਜਨਮਦਿਨ ਦਾ ਜਸ਼ਨ ਪਸੰਦ ਨਹੀਂ ਹੈ। ਮੈਂ ਲੋਕਤੰਤਰ ਦੀ ਬਹੁਤ ਜ਼ਿਆਦਾ ਮਾਨਵ-ਪੂਜਾ ਦਾ ਅਨੰਦ ਲੈਣ ਲਈ ਨਹੀਂ ਹਾਂ ਜਿਸ ਨੂੰ ਮੈਂ ਲੋਕਤੰਤਰ ਦਾ ਵਿਗਾੜ ਮੰਨਦਾ ਹਾਂ। ਜੇ ਉਹ ਨੇਤਾ ਕਿਸੇ ਦਾ ਹੱਕਦਾਰ ਹੈ, ਤਾਂ ਉਸ ਲਈ ਪ੍ਰਸ਼ੰਸਾ, ਪਿਆਰ, ਸਤਿਕਾਰ ਅਤੇ ਸਤਿਕਾਰ ਦੀ ਆਗਿਆ ਹੈ ਅਤੇ ਨੇਤਾ ਅਤੇ ਪੈ-ਰੋਕਾਰਾਂ ਦੋਵਾਂ ਲਈ ਇਹ ਕਾਫ਼ੀ ਹੋਣਾ ਚਾਹੀਦਾ ਹੈ। ਪਰ ਨੇਤਾ ਦੀ ਪੂਜਾ ਨਿਸ਼ਚਤ ਤੌਰ ਤੇ ਜਾਇਜ਼ ਨਹੀਂ ਹੈ। ਇਹ ਦੋਵਾਂ ਲਈ ਨਿਰਾਸ਼ਾਜਨਕ ਹੈ। ਪਰ ਮੇਰੇ ਖਿਆਲ ਇਹ ਸਭ ਕੁਝ ਪ੍ਰਤੀਕ ਦੇ ਵਜੋਂ ਹੀ ਹੈ। ਇਕ ਵਾਰ ਜਦੋਂ ਇਕ ਰਾਜਨੀਤਿਕ ਨੇਤਾ ਨਬੀ ਦੀ ਤਰਾਂ, ਪੈਰਾਂ 'ਤੇ ਖੜ੍ਹਾ ਹੋ ਜਾਂਦਾ ਹੈ, ਤਾਂ ਉਸਨੂੰ ਨਬੀ ਦੀ ਭੂਮਿਕਾ ਨਿਭਾਉਣੀ ਚਾਹੀਦੀ ਹੈ ਅਤੇ ਆਪਣੇ ਪੈਰੋਕਾਰਾਂ ਨੂੰ ਉਸੇ ਤਰ੍ਹਾਂ ਸੰਦੇਸ਼ ਦੇਣਾ ਚਾਹੀਦਾ ਹੈ ਜਿਵੇਂ ਨਬੀ ਨੇ ਕੀਤਾ ਸੀ।ਜਿਸ ਨੂੰ ਬਾਅਦ ਵਿੱਚ ਟ੍ਰਿਪਲੋਟਲੇਮੋਸ ਵਜੋਂ ਜਾਣਿਆ ਜਾਂਦਾ ਹੈ।

ਹਰ ਸ਼ਾਮ, ਬੰਦ ਦਰਵਾਜ਼ਿਆਂ ਦੇ ਪਿੱਛੇ, ਜਦੋਂ ਬੱਡਾ ਘਰ ਸੁੱਤਾ ਹੋਇਆ ਹੁੰਦਾ ਸੀ। ਡਿਮੀਟਰ ਨੇ ਆਰਾਮਦੇਹ ਪੰਘੂੜੇ ਅਤੇ ਨਿਰਦਈਤਾ ਨਾਲ ਥੋੜ੍ਹੇ ਜਿਹੇ ਡੈਮੋਫ੍ਰੂਨ ਨੂੰ ਬਾਹਰ ਕੱਢਿਆ, ਹਾਲਾਂਕਿ ਇਕ ਬੜੇ ਪਿਆਰ ਅਤੇ ਅਸਲ ਵਿਚ ਉਸਨੂੰ ਰੱਬ ਹੋਣ ਦੀ ਸਥਿਤੀ ਵਿਚ ਲਿਆਉਣ ਦੀਆਂ ਇੱਛਾਵਾਂ ਨਾਲ ਹਕੀਕਤ ਵਿਚ ਪ੍ਰੇਰਿਤ ਹੋ, ਨੰਗੇ ਬੱਚੇ ਨੂੰ ਇਕ ਚਮਕਦੇ ਬਿਸਤਰੇ 'ਤੇ ਰੱਖਿਆ। ਬੱਚਾ, ਡੈਮੋਫ੍ਰੂਨ ਬਲਦੇ ਹੋਏ ਲਕੜ ਦੇ ਕੋਲੇ ਨੂੰ ਸਹਾਰਦਾ ਹੈ, ਉਹ ਅਸਿਹ ਦੁਖ ਨਾਲ ਗਾਇਬੀ ਤਾਕਤ ਪ੍ਰਾਪਤ ਕਰਦਾ ਹੈ।

ਦੰਤਕਥਾ ਕਹਿੰਦੀ ਹੈ ਕਿ ਮੈਟੋਨੀਰਾ ਚਿੰਤਤ ਹੋ ਗਈ, ਇਕ ਸ਼ਾਮ ਅਚਾਨਕ ਉਸ ਕਮਰੇ ਵਿਚ ਜਾ ਕੇ ਧਮਕੀ ਅਤੇ ਦੇਵੀ ਉਤੇ ਫਟ ਪਈ ਜਿਥੇ ਬੱਚੇ ਨੂੰ ਸੁਪਰਮੈਨ ਬਨਾਉਣ ਦਾ ਕੰਮ ਬਨਾਉਣ ਦਾ ਪ੍ਰਯੋਗ ਕੀਤਾ ਜਾ ਰਿਹਾ ਸੀ ਅਤੇ ਰਾਣੀਉਸ ਦੇ ਗਲਤ ਡਰ ਕਾਰਨ ਨਿਰਦੇਸ਼ਿਤ ਹੋ ਗਈ ਸੀ। ਰਾਣੀ ਨੇ ਦੇਵੀ ਨੂੰ ਧੱਕਾ ਦਿਤਾ ਅਤੇ ਇਕ ਪਾਸੇ ਕਰ ਦਿੱਤਾ, ਬੱਚੇ ਨੂੰ ਅੰਗਾਰਿਆ ਤੋਂ ਬਾਹਰ ਚੁੱਕ ਲਿਆ ਅਤੇ ਲੈ ਗਈ। ਉਸ ਨੇ ਆਪਣੇ ਨਤੀਜੇ ਦੇ ਨਾਲ ਉਸਨੇ ਬੱਚੇ ਨੂੰ ਬਚਾਇਆ। ਪਰ ਉਸਨੇ ਬੱਚੇ ਦੇ ਭਵਿੱਖ ਵਿੱਚ ਸੁਪਰਮੈਨ ਬਣਨ ਦੇ ਕਰਮ ਨੂੰ ਗੁਆ ਲਿਆ ਅਤੇ ਆਖਰੀ ਉਸ ਦੇਵੀ ਨੂੰ ਵੀ ਗੁਆ ਦਿੱਤਾ।



ਹਰਦੀਪ ਸਿੰਘ ਚੁੰਬਰ
91-94636-01616

ਇਹ ਕਹਾਣੀ ਕੀ ਸਿਖਾਉਂਦੀ ਹੈ? ਮੇਰੇ ਦਿਮਾਗ ਨਾਲ, ਇਹ ਸਿਖਾਉਂਦੀ ਹੈ ਕਿ ਮਹਾਨਤਾ ਸਿਰਫ ਸੰਘਰਸ਼ ਅਤੇ ਕੁਰਬਾਨੀ ਨਾਲ ਪ੍ਰਾਪਤ ਕੀਤੀ ਜਾ ਸਕਦੀ ਹੈ। ਨਾਂ ਤਾਂ ਮਰਦਪੁਣੇ ਅਤੇ ਨਾ ਹੀ ਰੱਬਪੁਣੇ ਤੋਂ। ਇਹ ਅੱਗਾਂ ਵਰਗੀਆਂ ਮੁਸ਼ਕਲ ਵਿਚੋਂ ਲੰਘੇ ਬਿਨਾਂ ਪ੍ਰਾਪਤ ਨਹੀਂ ਕੀਤੀ ਜਾ ਸਕਦੀ। ਅੱਗ ਸ਼ੁੱਧ ਕਰਦੀ ਹੈ, ਅੱਗ ਮਜ਼ਬੂਤ ਕਰਦੀਹੈ, ਇਸੇ ਤਰ੍ਹਾਂ ਸੰਘਰਸ਼ ਅਤੇ ਦੁੱਖ ਹੁੰਦੇ ਹਨ। ਕੋਈ ਵੀ ਹੇਠਾਂ-ਦੱਬਿਆ ਆਦਮੀ ਮਹਾਨਤਾ ਪ੍ਰਾਪਤ ਨਹੀਂ ਕਰ ਸਕਦਾ ਜਦ ਤੱਕ ਉਹ ਸੰਘਰਸ਼ ਅਤੇ ਦੁੱਖਾਂ ਲਈ ਤਿਆਰ ਨਾ ਹੋਵੇ। ਉਸਨੂੰ ਲਾਜ਼ਮੀ ਹੈ ਕਿ ਉਹ ਆਪਣੇ ਭਵਿੱਖ ਨੂੰ ਬਣਾਉਣ ਲਈ ਸੁੱਖ ਸਹੂਲਤਾਂ ਅਤੇ ਇੱਥੋਂ ਦੀਆਂ ਜ਼ਰੂਰਤਾਂ ਦੀ ਵੀ ਕੁਰਬਾਨੀਆਂ ਕਰਨ ਲਈ ਤਿਆਰ ਹੋਵੇ। ਜੀਵਨ ਦੀ ਦੌੜ ਲਈ ਬਾਈਬਲ ਦੀ ਭਾਸ਼ਾ ਦੀ ਵਰਤੋਂ ਕਰਨ ਲਈ ਸਭ ਨੂੰ ਮੰਨਿਆ ਜਾਂਦਾ ਹੈ। ਪਰ ਕੁਝ ਹੀ, ਚੁਣੇ ਹੋਏ ਅਗੇ ਵਧਦੇ ਹਨ। ਕਿਉਂ? ਕਾਰਨ ਸਪੱਸ਼ਟ ਹੈ।
ਬ ਹ ੁ ਤ
ਨਿਰਾਸ਼ ਲੋਕ ਜ਼ੰਦਿਗੀ ਦੀ ਇਸ ਦੌੜ ਵਿਚ ਮਹਾਨਤਾ ਪ੍ਰਾਪਤ ਕਰਨ ਵਿਚ ਅਸਫਲ ਰਹਿੰਦੇ ਹਨ ਕਿਉਂਕਿ ਉਨ੍ਹਾਂ ਕੋਲ ਆਪਣੇ ਭਵਿੱਖ ਦੀਆਂ ਜ਼ਰੂਰਤਾਂ ਲਈ ਮੌਜੂਦਾ ਮੌਜਾਂ ਦੀਆਂ ਕੁਰਬਾਨੀਆਂ ਦੇਣ ਦੀ ਹਿੰਮਤ ਅਤੇ ਦ੍ਰਿੜਤਾ ਨਹੀਂ ਹੈ।

ਇਸ ਕਥਾ ਵਿੱਚ ਸ਼ਾਮਲ ਹੈ ਇਸ ਤੋਂ ਵਧੀਆ ਕੀ ਅਤੇ ਵੱਡਾ ਸੁਨੇਹਾ ਹੋ ਸਕਦਾ ਹੈ? ਮੈਂ ਇਕ ਲੱਭ ਸਕਦਾ ਹਾਂ ਇਹ ਸਭ ਤੋਂ ਉੱਤਮ ਅਤੇ ਸਭ ਤੋਂ ਉਚਿਤ ਸੰਦੇਸ਼ ਹੈ ਜੋ ਮੈਂ ਅਛੂਤ ਲੋਕਾਂ ਲਈ ਸੋਚ ਸਕਦਾ ਹਾਂ। ਮੈਂ ਉਨ੍ਹਾਂ ਦੇ ਸੰਘਰਸ਼ ਅਤੇ ਉਨ੍ਹਾਂ ਦੇ ਦੁੱਖਾਂ ਤੋਂ ਜਾਣੂ ਹਾਂ। ਮੈਂ ਜਾਣਦਾ ਹਾਂ ਕਿ ਆਜ਼ਾਦੀ ਲਈ ਉਨ੍ਹਾਂ ਦੇ ਸੰਘਰਸ਼ ਵਿਚ ਉਹ ਮੇਰੇ ਨਾਲੋਂ ਜ਼ਿਆਦਾ ਸਤਾਏ ਹੋਏ ਹਨ। ਇਸ ਸਭ ਦੇ ਨਾਲ, ਮੈਂ ਉਨ੍ਹਾਂ ਨੂੰ ਕੋਈ ਹੋਰ ਸੰਦੇਸ਼ ਨਹੀਂ ਦੇ ਸਕਦਾ।

ਮੇਰਾ ਸੰਦੇਸ਼ ਸੰਘਰਸ਼, ਅਤੇ ਵਧੇਰੇ ਸੰਘਰਸ਼, ਕੁਰਬਾਨੀ ਅਤੇ ਵਧੇਰੇ ਕੁਰਬਾਨੀ ਹੈ। ਇਹ ਕੁਰਬਾਨੀਆਂ ਜਾਂ ਦੁੱਖਾਂ ਦੀ ਗਿਣਤੀ ਕੀਤੇ ਬਗੈਰ ਇਕੱਲੇ ਸੰਘਰਸ਼ ਅਤੇ ਸੰਘਰਸ਼ ਹੈ ਜੋ ਉਨ੍ਹਾਂ ਨੂੰ ਛੁਟਕਾਰਾ ਦਵਾਉਣਗੇ। ਹੋਰ ਕੁਝ ਨਹੀਂ ਕਰੇਗਾ।

ਅਛੂੱਤ ਲੋਕਾਂ ਨੂੰ ਉਠਣ ਅਤੇ ਵਿਰੋਧ ਕਰਨ ਲਈ ਇੱਕ ਸਮੂਹਿਕ ਇੱਛਾ ਦਾ ਵਿਕਾਸ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਆਪਣੇ ਕੰਮ ਦੀ ਪਵਿੱਤਰਤਾ ਵਿੱਚ ਵਿਸ਼ਵਾਸ ਕਰਨਾ ਚਾਹੀਦਾ ਹੈ ਅਤੇ ਆਪਣੇ ਟੀਚੇ ਨੂੰ ਪ੍ਰਾਪਤ ਕਰਨਾ ਦ੍ਰਿੜਤਾ ਨਾਲ ਇੱਕ ਕਮਾਂਡ ਨਿਰਧਾਰਤ ਕਰ ਵਿਕਾਸ ਕਰਨਾ ਚਾਹੀਦਾ ਹੈ। ਉਨ੍ਹਾਂ ਦਾ ਕੰਮ ਇੰਨਾ ਮਹਾਨ ਅਤੇ ਮਕਸਦ ਇੰਨਾ ਨੇਕ ਹੈ ਕਿ ਅਛੂਤਾਂ ਨੂੰ ਇਕ ਪ੍ਰਣ ਨਾਲ ਪ੍ਰਾਰਥਨਾ ਵਿਚ ਸ਼ਾਮਲ ਹੋਣਾ ਚਾਹੀਦਾ ਹੈ ਅਤੇ ਕਹਿਣਾ ਚਾਹੀਦਾ ਹੈ: "ਧੰਨ ਹਨ ਉਹ ਜਿਹੜੇ ਜਿੰਨ੍ਹਾਂ ਦੇ ਵਿਚ ਉਹ ਪੈਦਾ ਹੋਏ ਹਨ ਉਨ੍ਹਾਂ ਦਾ ਪਾਲਣ ਪੋਸ਼ਣ ਕਰਨ ਲਈ ਜਿੰਦਾ ਹਨ।

ਮੁਬਾਰਕ ਹਨ ਉਹ ਜਿਹੜੇ ਆਪਣੇ ਸੁੱਖ ਦੇ ਦਿਨਾਂ ਨੂੰ ਦੇਣ ਦਾ ਪ੍ਰਣ ਕਰਦੇ ਹਨ, ਉਨ੍ਹਾਂ ਦੀ ਤਾਕਤ ਰੂਹ ਅਤੇ ਸਰੀਰ ਅਤੇ ਉਨ੍ਹਾਂ ਦੇ ਪੈਸਾ ਦੀ ਹੈ, ਗੁਲਾਮੀ ਦੇ ਵਿਰੁੱਧ ਵਿਰੋਧ ਦੀ ਮੁਹਿੰਮ ਨੂੰ ਅੱਗੇ ਵਧਾਉਣ ਲਈ। ਮੁਬਾਰਕ ਹਨ ਉਹ ਜਿਹੜੇ ਸੰਕਲਪ ਲੈਂਦੇ ਹਨ - ਚੰਗੇ ਆਉਂਦੇ ਹਨ, ਬੁਰੇ ਆਉਂਦੇ ਹਨ, ਧੁੱਪੇ ਆਉਂਦੇ ਹਨ, ਤੂਫਾਨ ਵਿਚ ਆਉਂਦੇ ਹਨ, ਇੱਜਤ

# ਭਾਰਤੀ ਕੁੜੀਆਂ ਦੀ ਹਾਕੀ ਟੀਮ ਨੇ ਚੌਥਾ ਸਥਾਨ ਪ੍ਰਾਪਤ ਕੀਤਾ !

ਟੋਕੀਓ ਦੀ ਉਲੰਪਿਕ ਵਿਖੇ ਭਾਰਤੀ ਕੁੜੀਆਂ ਦੀ ਹਾਕੀ ਟੀਮ ਨੇ ਚੌਥਾ ਸਥਾਨ ਪ੍ਰਾਪਤ ਕੀਤਾ। ਜਿੰਨੇ ਵੀ ਮੈਚ ਹੋਏ, ਇਹ ਸੋਚੋ , ਉਹ ਕਿਨ੍ਹਾਂ ਦੇਸ਼ਾਂ ਦੀਆਂ ਟੀਮਾਂ ਨਾਲ ਹੋਏ, ਉਨ੍ਹਾ ਦੇਸ਼ਾਂ ਦੀਆਂ ਟੀਮਾਂ ਦੇ ਖੇਡਾਂ ਦੇ ਬੱਜਟ ਦੇਖੋ, ਉਨ੍ਹਾਂ ਦੀ ਤਿਆਰੀ ਦੇਖੋ, ਸਰਕਾਰਾਂ ਵਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਦੇਖੋ। ਫੇਰ ਕਰੋ ਭਾਰਤ ਨਾਲ ਮੁਕਾਬਲਾ। ਕੁੜੀਆਂ ਤੋਂ ਤਮਗਿਆਂ ਦੀ ਆਸ ਰੱਖਣ ਵਾਲਿਉ ਉਨ੍ਹਾਂ ਨੂੰ ਤਮਗਿਆਂ ਜੋਗੀਆਂ ਵੀ ਬਣਾਉ। ਭਾਰਤ ਅੰਦਰਲਾ ਖੇਡ ਬੱਜਟ ਲਗਾਤਾਰ ਘੱਟ ਕੀਤਾ ਜਾ ਰਿਹਾ ਹੈ, (ਲੋਕ ਚੁੱਪ ਹਨ) ਇਸਦਾ ਭਾਵ ਕਿ ਖਿਡਾਰੀਆਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਵਿਚ ਕਟੌਤੀ। ਜਦੋਂ ਸਰਕਾਰਾਂ ਆਪਣੇ ਫ਼ਰਜ਼ ਪੂਰੇ ਕਰਨਗੀਆਂ ਤਾਂ ਇਹੀ ਕੁੜੀਆਂ ਤਮਗਿਆਂ ਦੇ ਢੇਰ ਲਾ ਦੇਣਗੀਆਂ। ਵਿਸ਼ਵਾਸ ਰੱਖਿਉ ਫੇਰ ਜਿੱਤ ਇਨ੍ਹਾਂ ਦੇ ਪੈਰ ਚੁੰਮੇਗੀ । ਲੋਕੋ ਤੁਸੀਂ ਆਪਣਾ ਫ਼ਰਜ਼ ਵੀ ਨਿਭਾਉ, ਆਵਾਜ਼ ਚੁੱਕੋ ਤਾਂ ਕਿ ਖਿਡਾਰੀਆਂ ਨੂੰ ਖੇਡਾਂ ਦੀ ਤਿਆਰੀ ਵਾਸਤੇ ਪੂਰੇ ਸਾਧਨ ਅਤੇ ਪੂਰੀਆਂ ਸਹੂਲਤਾਂ ਮਿਲਣ। ਉਲੰਪਿਕ ਅੰਦਰ ਹਾਕੀ ਖੇਡਦਿਆਂ, ਤਕੜੀਆਂ ਟੀਮਾਂ ਨਾਲ ਮੁਕਾਬਲੇ ਕਰਦਿਆਂ, ਆਪਣੀ ਹਿੰਮਤ ਤੇ ਹੌਸਲੇ ਨਾਲ ਚੌਥਾ ਸਥਾਨ ਪ੍ਰਾਪਤ ਕਰਨ ਵਾਲੀਆਂ ਭਾਰਤ ਦੀਆਂ ਬਹਾਦਰ ਕੁੜੀਆਂ - ਜਿੰਦਾਬਾਦ।



**– ਕੇਹਰ ਸ਼ਰੀਫ**



Many many congratulations to Sumit Valmiki and the entire Indian hockey team who won the medal and made the country famous in Tokyo Japan Olympics, Sumit Valmicki made the country proud as well as the society, Haryana government will give crore rupees and a job, plot Adi ''Salute Sumit Valmiki''

**Rakesh Dhenwak**
**Courtesy: Facebook wall**

# ਅਲਵਿਦਾ ਟੋਕੀਓ, ਫੇਰ ਮਿਲਾਂਗੇ ਪੈਰਿਸ 2024



ਖੇਡ ਮੈਦਾਨ ਬੋਲਦਾ ਹੈ
ਜਗਰੂਪ ਸਿੰਘ ਜਰਖੜ
98143-00722



ਟੋਕੀਓ ਓਲੰਪਿਕ ਖੇਡਾਂ 2020 ਆਪਣੀਆਂ ਖੱਟੀਆਂ ਮਿੱਠੀਆਂ ਯਾਦਾਂ ਛੱਡਦੀਆਂ ਹੋਈਆਂ ਸਮਾਪਤ ਹੋਈਆਂ ਅਮਰੀਕਾ ਨੇ ਟੋਕੀਓ ਓਲੰਪਿਕ ਵਿੱਚ ਮੁੜ ਆਪਣੀ ਸਰਦਾਰੀ ਨੂੰ ਦਰਸ-ਾਇਆ। ਅਮਰੀਕਾ ਨੇ 39 ਸੋਨੇ ਦੇ 41 ਚਾਂਦੀ ਦੇ, 33 ਕਾਸ਼ੀ ਦੇ ਕੁੱਲ 113 ਤਮਗੇ ਜਿੱਤਕੇ ਓਵਰਆਲ ਚੈਂਪੀਅਨ ਬਣਿਆ। ਚੀਨ 38 ਸੋਨੇ ਦੇ, 32 ਚਾਂਦੀ ਦੇ ,18 ਕਾਂਸੀ ਦੇ ਕੁੱਲ 88 ਤਮਗਿਆ ਨਾਲ ਦੂਜੇ ਨੰਬਰ ਤੇ, ਮੇਜਬਾਨ ਜਪਾਨ 27 ਸੋਨੇ ਦੇ,14 ਚਾਂਦੀ ਦੇ, 17 ਕਾਂਸੀ ਦੇ ਕੁੱਲ 58 ਤਮਗਿਆਂ ਨਾਲ ਤੀਸਰੇ ਸਥਾਨ ਤੇ ਆਇਆਂ। ਭਾਰਤ 1 ਸੋਨੇ ਦਾ, 2 ਚਾਂਦੀ ਦੇ, 4 ਕਾਂਸੀ ਦੇ ਕੁੱਲ 7 ਤਮਗਿਆਂ ਨਾਲ 48ਵੈਂ ਸਥਾਨ ਤੇ ਰਿਹਾ ।ਕੁੱਲ ਮਿਲਾਕੇ ਕੁੱਲ ਮਿਲਾ ਕੇ ਜੇਕਰ ਭਾਰਤ ਦੀ ਓਲੰਪਿਕ ਖੇਡਾਂ ਦੇ ਇਤਿਹਾਸ ਵਿਚ ਕੁਲ ਕਾਰਗੁਜ਼ਾਰੀ ਵੇਖੀ ਜਾਵੇ ਇਹ ਕਾਰਗੁਜ਼ਾਰੀ ਹੁਣ ਤਕ ਦੀ ਸਭ ਤੋਂ ਵਧੀਆ ਕਾਰਗੁਜ਼ਾਰੀ ਹੈ। ਓਲੰਪਿਕ ਖੇਡਾਂ ਦੇ ਇਤਿਹਾਸ ਵਿੱਚ ਭਾਰਤ ਨੇ ਕੁੱਲ 35 ਤਮਗੇ ਜਿੱਤੇ ਹਨ। ਜਿਨ੍ਹਾਂ ਵਿੱਚ ਸਭ ਤੋਂ ਵੱਧ 7 ਟੋਕੀਓ ਓਲੰਪਿਕ 2020 ਵਿੱਚ ਹੀ ਜਿੱਤੇ ਹਨ। ਹਾਕੀ ਵਿੱਚ ਭਾਰਤ ਨੂੰ 41 ਸਾਲ ਬਾਅਦ ਤਮਗਾ ਮਿਲਿਆ ਹੈ ਇਸ ਵਾਰ ਭਾਰਤ ਨੇ ਜਰਮਨੀ ਨੂੰ ਹਰਾ ਕੇ ਕਾਂਸੀ ਦਾ ਤਗ਼ਮਾ ਜਿੱਤਿਆ ਹੈ ਜਦਕਿ ਅਥਲੈਟਿਕਸ ਵਿੱਚ ਭਾਰਤ ਨੇ ਪਹਿਲੀ ਵਾਰ ਸੋਨ ਤਮਗਾ ਜਿੱਤਣ ਦਾ ਇਤਿਹਾਸ ਸਿਰਜਿਆ ਹੈ। ਨੀਰਜ ਚੋਪੜਾ ਨੇ ਜੈਵਲਿਨ ਥ੍ਰੋ ਦੇ ਵਿੱਚ ਜੇਤੂ ਬਾਜ਼ੀ ਮਾਰੀ ਹੈ ਇਸ ਤੋਂ ਇਲਾਵਾ ਵੇਟਲਿਫਟਿੰਗ ਅਤੇ ਕੁਸ਼ਤੀ ਵਿੱਚ ਮੀਰਾਬਾਈ ਚਾਨੂ ਅਤੇ ਰਵੀ ਕੁਮਾਰ ਦਾਹੀਆਂ ਨੇ ਕ੍ਰਮਵਾਰ ਚਾਂਦੀ ਦੇ ਤਮਗੇ ਜਿੱਤੇ। ਕੁਸ਼ਤੀ ਵਿੱਚ ਭਾਰਤ ਦੇ ਪਹਿਲਵਾਨ ਬਜਰੰਗ ਪੂਨੀਆ ਨੂੰ ਕਾਂਸੀ ਦੇ ਤਮਗੇ ਨਾਲ ਹੀ ਸਬਰ ਕਰਨਾ ਪਿਆ ਜਦਕਿ ਸੋਨ ਤਮਗੇ ਦੀ ਦਾਅਵੇਦਾਰ ਪੀ ਵੀ ਸਿੰਧੂ ਨੇ ਬੈਡਮਿੰਟਨ ਵਿੱਚ ਕਾਂਸੀ ਦਾ ਤਮਗਾ ਜਿੱਤਿਆ ਇਸ ਤੋਂ ਇਲਾਵਾ ਮੁੱਕੇਬਾਜ਼ੀ ਵਿੱਚ ਲਵਲੀਨਾ ਬੋਰਗੋਹੇਨ ਨੇ ਕਾਂਸੀ ਦਾ ਤਗ਼ਮਾ ਜਿੱਤਿਆ। ਹਾਕੀ ਵਿੱਚ ਲੜਕੀਆਂ ਭਾਵੇਂ ਕੋਈ ਤਮਗਾ ਤਾਂ ਨਹੀਂ ਜਿੱਤ ਸਕਿਆ ਪਰ ਲੋਕਾਂ ਦੇ ਦਿਲ ਜ਼ਰੂਰ ਜਿੱਤ ਗਈਆਂ ਹਨ ਭਾਰਤ ਪਹਿਲੀ ਵਾਰ ਓਲੰਪਿਕ ਖੇਡਾਂ ਦੇ ਇਤਿਹਾਸ ਵਿੱਚ ਲੜਕੀਆਂ ਦੀ ਹਾਕੀ ਵਿੱਚ ਸੈਮੀ ਫਾਈਨਲ ਵਿੱਚ ਪੁੱਜਿਆ ਅਤੇ ਭਾਰਤੀ ਟੀਮ ਤੋਂ ਕਰੜੇ ਸੰਘਰਸ਼ ਬਾਅਦ ਚੌਥਾ ਸਥਾਨ ਨਸੀਬ ਹੋਇਆ।

ਜੇਕਰ ਕੁੱਲ ਮਿਲਾ ਕੇ ਟੋਕੀਓ ਓਲੰਪਿਕ ਖੇਡਾਂ 2020 ਦੀ ਚਰਚਾ ਕੀਤੀ ਜਾਵੇ ਤਾਂ ਫੁੱਟਬਾਲ ਮਰਦਾਂ ਦੇ ਵਰਗ ਵਿੱਚ ਬਰਾਜ਼ੀਲ ਨੇ ਪਹਿਲਾ ਸਥਾਨ, ਸਪੇਨ ਨੇ ਦੂਸਰਾ, ਮੈਕਸੀਕੋ ਨੇ ਤੀਸਰਾ ਸਥਾਨ, ਜਦਕਿ ਲੜਕੀਆਂ ਦੀ ਫੁੱਟਬਾਲ ਵਿੱਚ ਵੱਡਾ ਉਲਟਫੇਰ ਕਰਦਿਆਂ ਕੈਨੇਡਾ ਨੇ ਪਹਿਲਾ ਸਥਾਨ, ਸਵੀਡਨ ਨੇ ਦੂਸਰਾ, ਅਮਰੀਕਾ ਨੇ ਤੀਸਰਾ, ਬਾਸਕਟਬਾਲ ਮੁੰਡੇ ਅਤੇ ਕੁੜੀਆਂ ਦੇ ਦੋਹਾਂ ਵਰਗਾਂ ਵਿੱਚ ਅਮਰੀਕਾ ਨੇ ਬਾਜ਼ੀ ਮਾਰੀ, ਮੁੰਡਿਆਂ ਵਿੱਚ ਜਪਾਨ ਨੂੰ ਦੂਸਰਾ, ਫਰਾਂਸ ਨੂੰ ਤੀਸਰਾ, ਜਦਕਿ ਕੁੜੀਆਂ ਵਿਚ ਫਰਾਂਸ ਨੂੰ ਦੂਸਰਾ ਅਤੇ ਆਸਟ੍ਰੇਲੀਆ ਨੂੰ ਤੀਸਰਾ ਸਥਾਨ ਹਾਸਲ ਹੋਇਆ। ਓਲੰਪਿਕ ਖੇਡਾਂ ਵਿਚ ਸਭ ਤੋਂ ਵੱਧ ਖਿੱਚ ਦਾ ਕੇਂਦਰ ਮੀਟਰ 100 ਦੌੜ ਵਿੱਚ ਇਟਲੀ ਦੇ ਮਾਰਸ਼ਲ ਜੁਕੋਬ ਨੇ ਸੋਨ ਤਮਗਾ ਹਾਸਲ ਕਰਕੇ ਤੇਜ਼ ਦੌੜਾਕ ਦਾ ਖ਼ਿਤਾਬ ਜਿੱਤਦਿਆਂ ਉਸੈਨ ਬੋਲਟ ਦੀਆਂ ਯਾਦਾਂ ਨੂੰ ਤਾਜ਼ਾ ਕੀਤਾ।

ਟੋਕੀਓ ਓਲੰਪਿਕ ਖੇਡਾਂ 2020 ਦਾ ਸਮਾਪਤੀ ਸਮਰੋਹ ਬੇਹੱਦ ਲਾਜਵਾਬ ਸੀ । ਭਾਵੇਂ ਕੋਰੋਨਾ ਮਹਾਂਮਾਰੀ ਕਾਰਨ ਵੱਖ ਵੱਖ ਸਟੇਡੀਅਮਾਂ ਵਿੱਚ ਦਰਸ਼ਕਾਂ ਦੀ ਹਾਜ਼ਰੀ ਨਾ ਮਾਤਰ ਰਹੀ ਪਰ ਬਹੁਤ ਵੱਡੀ ਗਿਣਤੀ ਵਿਚ ਪੂਰੀ ਦੁਨੀਆ ਵਿਚ ਟੀ ਵੀ ਚੈਨਲਾਂ ਉੱਤੇ ਕਰੋੜਾਂ ਲੋਕਾਂ ਵੱਲੋਂ ਟੋਕੀਓ ਓਲੰਪਿਕ ਖੇਡਾਂ ਨੂੰ ਵੇਖਿਆ ਗਿਆ। ਇਸ ਵਾਰ ਟੋਕੀਓ ਓਲੰਪਿਕ ਖੇਡਾਂ ਨੇ ਪੂਰੀ ਦੁਨੀਆਂ ਵਿੱਚ ਖੇਡ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਦੀ ਇਕ ਨਵੀਂ ਤਸਵੀਰ ਪੇਸ਼ ਕੀਤੀ। ਕੁੱਲ ਮਿਲਾ ਕੇ ਟੋਕੀਓ ਓਲੰਪਿਕ ਖੇਡਾਂ 2020 ਫਿਰ ਮਿਲਣ ਦੇ ਵਾਅਦੇ ਨਾਲ ਸਮਾਪਤ ਹੋਈਆਂ ।ਅਗਲੀਆਂ ਓਲੰਪਿਕ ਖੇਡਾਂ ਫਰਾਂਸ ਦੇ ਸ਼ਹਿਰ ਪੈਰਿਸ



# ਕੁੜੀਆਂ ਦੀ ਹਾਕੀ ਦਾ ਪੱਧਰ ਉੱਚਾ ਚੁੱਕਣ ਲਈ ਪੰਜਾਬ ਸਰਕਾਰ ਵਿਸ਼ੇਸ਼ ਯੋਜਨਾ ਉਲੀਕੇ

ਭਾਰਤੀ ਮਹਿਲਾ ਹਾਕੀ ਟੀਮ ਨੇ ਟੋਕੀਓ ਓਲੰਪਿਕ ਖੇਡਾਂ 2021 ਦੇ ਸੈਮੀਫਾਈਨਲ ਮੁਕਾਬਲੇ ਵਿੱਚ ਪਹੁੰਚਕੇ ਇੱਕ ਨਵਾਂ ਇਤਿਹਾਸ ਸਿਰਜਿਆ ਹੈ , ਅਜਿਹੇ ਇਤਿਹਾਸ ਰੋਜ਼ ਰੋਜ਼ ਨਹੀਂ ਸਿਰਜੇ ਜਾਂਦੇ, ਇਹ ਪਹਿਲਾ ਮੌਕਾ ਹੈ ਕਿ ਜਦੋਂ ਮਹਿਲਾ ਹਾਕੀ ਨੇ ਆਲਮੀ ਪੱਧਰ ਤੇ ਆਪਣੀ ਵਿਲੱਖਣ ਪਹਿਚਾਣ ਬਣਾਈ ਹੈ। ਟੋਕੀਓ ਓਲੰਪਿਕ 2021 ਖੇਡਣ ਗਈ ਭਾਰਤੀ ਮਹਿਲਾ ਹਾਕੀ ਟੀਮ ਵਿੱਚ 8 ਖਿਡਾਰਨਾਂ ਹਰਿਆਣਾ ਨਾਲ ਸਬੰਧਤ ਹਨ ਜਦਕਿ ਇੱਕ ਖਿਡਾਰਨ ਗੁਰਜੀਤ ਕੌਰ ਪੰਜਾਬ ਨਾਲ ਸਬੰਧਤ ਹੈ ,ਅੱਜ ਭਾਰਤੀ ਹਾਕੀ ਟੀਮ ਵਿੱਚ ਹਰਿਆਣਾ ਝਾਰਖੰਡ ਮੱਧ ਪ੍ਰਦੇਸ਼ ਆਦਿ ਰਾਜਾਂ ਦੀ ਚੜ੍ਹਤ ਹੈ ਜਦਕਿ ਪੰਜਾਬ ਮਹਿਲਾ ਹਾਕੀ ਵਿੱਚ ਬੁਰੀ ਤਰ੍ਹਾਂ ਪਛੜ ਗਿਆ ਹੈ ਪਰ ਇੱਕ ਵਕਤ ਸੀ ਜਦੋਂ ਪੰਜਾਬ ਦੀਆਂ ਕੁੜੀਆਂ ਦੀ ਭਾਰਤੀ ਹਾਕੀ ਵਿੱਚ ਸਰਦਾਰੀ ਹੁੰਦੀ ਸੀ। ਟੋਕੀਓ ਓਲੰਪਿਕ 2021 ਤੋਂ ਪਹਿਲਾਂ 1974 ਵਿਸ਼ਵ ਕੱਪ ਚ ਅਤੇ 1980 ਮਾਸਕੋ ਓਲੰਪਿਕ ਵਿੱਚ ਭਾਰਤ ਨੇ ਭਾਰਤੀ ਮਹਿਲਾ ਹਾਕੀ ਟੀਮ ਨੇ ਚੌਥਾ ਸਥਾਨ ਹਾਸਿਲ ਕੀਤਾ। 80ਵੈਂ ਦਹਾਕੇ 1980 ਮਾਸਕੋ ਓਲੰਪਿਕ ਖੇਡਣ ਵਾਲੀਆਂ ਖਿਡਾਰਨਾਂ ਹਰਪ੍ਰੀਤ ਕੌਰ ਗਿੱਲ, ਨਿਸ਼ਾ, ਰੂਪਾ ਸੈਣੀ ਸ਼ਰਨਜੀਤ ਕੌਰ ਤੋਂ ਇਲਾਵਾ ਅਜਿੰਦਰ ਕੌਰ, ਸਤਿੰਦਰ ਵਾਲੀਆਂ, ਨਿਰਮਲਾ ਕੁਮ-ਾਰੀ, ਪ੍ਰੇਮਾ ਸੈਣੀ, ਪੁਸ਼ਪਿੰਦਰ ਕੌਰ, ਉਸ ਤੋਂ ਬਾਅਦ ਗੋਲਡਨ ਗਰਲ ਰਾਜਬੀਰ ਕੌਰ ,ਸਰੋਜ ਬਾਲਾ, ਮਨਜਿੰਦਰ ਕੌਰ, ਅਮ-ਨਦੀਪ ਕੌਰ, ਰੇਨੂੰ ਬਾਲਾ, ਅਮਨਦੀਪ ਕੌਰ ਤਖਾਣਬੱਧ, ਆਦਿ ਕਈ ਹੋਰ ਅਜਿਹੀਆਂ ਪੰਜਾਬ ਦੀਆਂ ਖਿਡਾਰਨਾਂ ਹਨ, ਜਿਨ੍ਹਾਂ ਦਾ ਹਾਕੀ ਹੁਨਰ ਦੁਨੀਆਂ ਦੀ ਹਾਕੀ ਵਿੱਚ ਸਿਰ ਚੜ੍ਹਕੇ ਬੋਲਿਆ ਅਤੇ ਭਾਰਤੀ ਮਹਿਲਾ ਹਾਕੀ ਟੀਮ ਨੇ ਵੱਡੀਆਂ ਪ੍ਰਾਪਤੀਆਂ ਵੀ ਹਾਸਲ ਕੀਤੀਆਂ ਹਨ। ਨਹਿਰੂ ਗਾਰਡਨ ਜਲੰਧਰ ਅਤੇ ਕੈਰੋ ਹਾਕੀ ਸੈਂਟਰਾਂ ਦਾ ਪੰਜਾਬ ਦੀ ਕੁੜੀਆਂ ਦੀ ਹਾਕੀ ਦੀ ਤਰੱਕੀ ਵਿੱਚ ਵੱਡਾ ਯੋਗਦਾਨ ਪਾਇਆ ਹੈ।ਪਰ ਸਮੇਂ ਸਮੇਂ ਦੀਆਂ ਰਾਜ ਸਰਕਾਰਾਂ ਨੇ ਕਦੇ ਵੀ ਪੰਜਾਬ ਦੀ ਹਾਕੀ ਅਤੇ ਹੋਰ ਕੁੜੀਆਂ ਦੀਆਂ ਖੇਡਾਂ ਵੱਲ ਧਿਆਨ ਹੀ ਨਹੀਂ ਦਿੱਤਾ, ਇਸ ਇਸੇ ਕਰਕੇ ਪੰਜਾਬ ਦੀਆਂ ਖਿਡਾਰਨਾਂ ਨੂੰ ਨੌਕਰੀਆਂ ਹਾਸਿਲ ਕਰਨ ਲਈ ਮਜਬੂਰਨ ਬਾਹਰਲੇ ਰਾਜਾਂ ਜਾਂ ਹੋਰ ਵਿਭਾਗਾਂ ਵਿੱਚ ਜਾਣਾ ਪੈਂਦਾ ਹੈ। ਅੱਜ ਦੀ ਘੜੀ ਹਰਿਆਣਾ ਖੇਡਾਂ ਦੇ ਖੇਤਰ ਵਿੱਚ ਪੰਜਾਬ ਨਾਲੋਂ ਕੋਹਾਂ ਅੱਗੇ ਨਿਕਲ ਗਿਆ ਹੈ ਉਸ ਦਾ ਇੱਕੋ ਵੱਡਾ ਕਾਰਨ ਹੈ ਕਿ ਸ਼ਾਹਬਾਦ ਮਾਰਕੰਡਾ ਅਤੇ ਸੋਨੀਪਤ ਹਾਕੀ ਸੈਂਟਰ ਕੁੜੀਆਂ ਦੀ ਹਾਕੀ ਦੀ ਤਰੱਕੀ ਵਿਚ ਆਪਣਾ ਵਡਮੁੱਲਾ ਯੋਗਦਾਨ ਪਾ ਰਹੇ ਹਨ ਇਸ ਤੋਂ ਇਲਾਵਾ ਉੱਥੋਂ ਦੀ ਬਣੀ ਖੇਡ ਨੀਤੀ ਖਿਡਾਰੀਆਂ ਦੇ ਕਾਫੀ ਹਿੱਤ ਵਿੱਚ ਹੈ।

ਪਰ ਦੂਜੇ ਪਾਸੇ ਪੰਜਾਬ ਵਿੱਚ ਜਿਹੜੇ ਕੁੜੀਆਂ ਦੇ ਹਾਕੀ ਸੈਂਟਰ ਥੋੜੇ ਬਹੁਤੇ ਚਲਦੇ ਸਨ ਉਹ ਵੀ ਸਰਕਾਰਾਂ ਦੀਆਂ ਮਿਹਰਬਾਨੀਆਂ ਕਾਰਨ ਬੰਦ ਪਏ ਹਨ। ਪੰਜਾਬ ਖੇਡ ਨੀਤੀ ਵਿੱਚ ਕੁੜੀਆਂ ਨਾਲ ਹਰ ਤਰ੍ਹਾਂ ਦਾ ਪੱਖਪਾਤ ਹੁੰਦਾ ਹੈ । ਜੇਕਰ ਪੰਜਾਬ ਦੇ ਵਿੱਚ ਕੁੜੀਆਂ ਦੀ ਹਾਕੀ ਨੂੰ ਬਚਾਉਣਾ ਤਾਂ ਸਕੂਲਾਂ ਅਤੇ ਕਾਲਜਾਂ ਵਿਚ ਸਹੂਲਤਾਂ ਸਮੇਤ ਹਾਕੀ ਸੈਂਟਰ ਖੋਲ੍ਹਣੇ ਪੈਣਗੇ, ਕੁੜੀਆਂ ਦੇ ਹਾਕੀ ਵਾਸਤੇ ਸਰਕਾਰ ਨੂੰ ਵਿਸ਼ੇਸ਼ ਪ੍ਰੋਗਰਾਮ ਓਲੀਕਣਾ ਪਵੇਗਾ।

ਕੁੜੀਆਂ ਲਈ ਨੌਕਰੀਆਂ ਦੇ ਮੌਕੇ ਪ੍ਰਦਾਨ ਕਰਨੇ ਪੈਣਗੇ, ਵੱਖ ਵੱਖ ਵਿਭਾਗੀ ਟੀਮਾਂ ਤਿਆਰ ਕੀਤੀਆਂ ਜਾਣ, ਸਕੂਲੀ ਪੱਧਰ ਤੋਂ ਲੈ ਕੇ ਕੌਮੀ ਪੱਧਰ ਦੀਆਂ ਜੇਤੂ ਖਿਡਾਰਨਾਂ ਨੂੰ ਇਨਾਮੀ ਰਾਸ਼ੀ ਅਤੇ ਜੇਤੂ ਐਵਾਰਡ ਦਿੱਤੇ ਜਾਣ।ਕੁੜੀਆਂ ਲਈ ਪੇਂਡੂ ਖੇਤਰਾ ਵਿੱਚ ਐਸਟਰੋਟਰਫ ਮੈਦਾਨਾਂ ਦਾ ਨਿਰਮਾਣ ਕੀਤਾ ਜਾਵੇ ਅਤੇ ਵੱਡੇ ਪੱਧਰ ਤੇ ਕੋਚਾ ਦੀ ਭਰਤੀ ਕੀਤੀ ਜਾਵੇ। ਜਿਹੜੀਆਂ ਹਾਕੀ ਅਕੈਡਮੀਆਂ ਹਾਕੀ ਦੀ ਤਰੱਕੀ ਵਿੱਚ ਵੱਡਮੁੱਲਾ ਯੋਗਦਾਨ ਪਾ ਰਹੀਆਂ ਹਨ ਜਿਵੇਂ ਸੁਰਜੀਤ ਅਕੈਡਮੀ ਜਲੰਧਰ, ਜਰਖੜ ਅਕੈਡਮੀ, ਅਮਰਗੜ੍ਹ ਹਾਕੀ ਸੈਂਟਰ, ਕੈਰੋਂ, ਰਾਮਪੁਰ ਹਾਕੀ ਸੈਂਟਰ ਆਦਿ ਹੋਰ ਨਾਮੀ ਹਾਕੀ ਸੈਂਟਰਾ ਨੂੰ ਪੱਕੀ ਗਰਾਂਟ ਅਤੇ ਕੁੜੀਆਂ ਦੇ ਹਾਕੀ ਵਿੰਗ ਵੀ ਅਲਾਟ ਕੀਤੇ ਜਾਣ। ਇੰਨਾ ਕੁੱਝ ਜੇਕਰ ਪੰਜਾਬ ਦੀ ਹਾਕੀ ਨੂੰ ਮਿਲ ਜਾਵੇ ਤਾਂ ਯਕੀਨੀ ਪੰਜਾਬ ਦੀਆਂ ਕੁੜੀਆਂ 2024 ਪੈਰਿਸ ਓਲੰਪਿਕ ਅਤੇ 2028 ਲਾਸ ਏਜ਼ਲਸ ਓਲੰਪਿਕ ਖੇਡਾਂ ਵਿੱਚ ਆਪਣੇ ਹਾਕੀ ਹੁਨਰ ਦਾ ਰੰਗ ਬਿਖੇਰਕੇ ਪੰਜਾਬ ਦਾ ਨਾਮ ਦੁਨੀਆਂ ਵਿੱਚ ਰੋਸ਼ਨ ਕਰਨ-ਗੀਆਂ। ਅੱਜ ਕੁੜੀਆਂ ਦੀ ਹਾਕੀ ਦਾ ਜਨੂੰਨ ਸਿਰ ਚੜ੍ਹ ਕੇ ਬੋਲ ਰਿਹਾ ਹੈ, ਪੰਜਾਬ ਸਰਕਾਰ ਅੱਜ ਹੀ ਇਹ ਮੌਕਾ ਸੰਭਾਲੇ ਜੇਕਰ ਕੱਲ ਹੋ ਗਈ ਫੇਰ ਪੰਜਾਬ ਦੀ ਕੁੜੀਆਂ ਦੀ ਹਾਕੀ ਅੱਗੇ ਨਹੀਂ ਵਧੇਗੀ। ਰੱਬ ਰਾਖਾ!







### ਜਰਖੜ ਹਾਕੀ ਲੀਗ

# ਸਬ ਜੂਨੀਅਰ ਵਰਗ ਵਿੱਚ ਰਾਮਪੁਰ ਸੈਂਟਰ ਸੀਨੀਅਰ ਵਰਗ ਵਿੱਚ ਜਰਖੜ ਅਕੈਡਮੀ ਬਣੇ ਚੈਂਪੀਅਨ

## ਜਰਖੜ ਸਟੇਡੀਅਮ ਵਾਸਤੇ 5 ਲੱਖ ਦੀ ਗਰਾਂਟ, ਰਾਜ ਸੱਤਾ 'ਚ ਆਏ ਹਰਿਆਣਾ ਨਾਲੋਂ ਬਣਾਵਾਂਗੇ ਬਿਹਤਰ ਖੇਡ ਨੀਤੀ - ਢੀਂਡਸਾ

**ਲੁਧਿਆਣਾ 9 ਅਗਸਤ–** ਜਰਖੜ ਹਾਕੀ ਅਕੈਡਮੀ ਵੱਲੋਂ ਕੌਮੀ ਹਾਕੀ ਖਿਡਾਰੀ ਧਰਮਿੰਦਰ ਸਿੰਘ ਮਨੀ ਦੀ ਮਾਤਾ ਗੁਰਮੀਤ ਕੌਰ ਅਤੇ ਸਵਰਗੀ ਹਾਕੀ ਖਿਡਾਰੀ ਗੁਰਿੰਦਰਪਾਲ ਸਿੰਘ ਵੜੈਚ ਦੀ ਯਾਦ ਨੂੰ ਸਮਰਪਿਤ ਜਰਖੜ ਹਾਕੀ ਸਟੇਡੀਅਮ ਵਿਖੇ 7-ਏ-ਸਾਈਡ ਹਾਕੀ ਲੀਗ ਅੱਜ ਧੂਮ ਧੜੱਕੇ ਨਾਲ ਸਮਾਪਤ ਹੋਈ ਜਰਖੜ ਸਟੇਡੀਅਮ ਵਿਖੇ ਲੀਗ ਦੇ ਆਖਰੀ ਦਿਨ ਖੇਡੇ ਗਏ ਫਾਈਨਲ ਮੁਕਾਬਲਿਆਂ ਵਿੱਚ ਸਬ ਜੂਨੀਅਰ ਵਰਗ ਵਿੱਚ ਰਾਮਪੁਰ ਕੋਚਿੰਗ ਸੈਂਟਰ ਅਤੇ ਸੀਨੀਅਰ ਵਰਗ ਵਿੱਚ ਜਰਖੜ ਹਾਕੀ ਅਕੈਡਮੀ ਚੈਂਪੀਅਨ ਬਣੇ।







ਸੀਨੀਅਰ ਵਰਗ ਵਿੱਚ ਫਾਈਨਲ ਮੁਕਾਬਲੇ ਵਿੱਚ ਜਰਖੜ ਹਾਕੀ ਅਕੈਡਮੀ ਨੇ ਗਿੱਲ ਕਲੱਬ ਘਵੱਦੀ ਨੂੰ 8-5 ਗੋਲਾਂ ਨਾਲ ਹਰਾ ਕੇ ਖਿਤਾਬੀ ਜਿੱਤ ਹਾਸਲ ਕੀਤੀ। ਜਦਕਿ ਜੂਨੀਅਰ ਵਰਗ ਵਿੱਚ ਰਾਮਪੁਰ ਕੋਚਿੰਗ ਸੈਂਟਰ ਨੇ ਅਮਰਗੜ੍ਹ ਹਾਕੀ ਸੈਂਟਰ (ਮਲੇਰ ਕੋਟਲਾ) ਨੂੰ 4-1 ਗੋਲਾਂ ਨਾਲ ਹਰਾਇਆ। ਰਾਮਪੁਰ ਸੈਂਟਰ ਦੇ ਅਰਸ਼ਪ੍ਰੀਤ ਸਿੰਘ ਨੂੰ ਮੈਨ ਆਫ ਦਾ ਟੂਰਨਾਮੈਂਟ, ਨਵਜੋਤ ਸਿੰਘ ਰਾਮਪੁਰ ,ਅੰਗਦ ਸਿੰਘ ਤੇ ਸੁਖਦੇਵ ਸਿੰਘ ਅਮਰਗੜ੍ਹ, ਅਨੂਪ੍ਰੀਤ ਸਿੰਘ ਜਰਖੜ, ਸਰਵੋਤਮ ਖਿਡਾਰੀ ਐਲਾਨੇ ਗਏ ਸਾਰੇ ਖਿਡਾਰੀਆਂ ਨੂੰ ਬਦਾਮ ਅਤੇ ਦੇਸੀ ਘਿਓ ਨਾਲ ਸਨਮਾਨਿਆ ਗਿਆ ਜਦਕਿ ਸੀਨੀਅਰ ਵਰਗ ਵਿੱਚ ਜਰਖੜ ਅਕੈਡਮੀ ਦੇ ਸ਼ਰਨਪ੍ਰੀਤ ਸਿੰਘ ਨੂੰ " ਮੈਨ ਆਫ ਦਾ ਟੂਰਨਾਮੈਂਟ" ਪਵਨ ਪ੍ਰੀਤ ਸਿੰਘ ਜਰਖੜ, ਰਵਿੰਦਰ ਸਿੰਘ ਕਾਲਾ ਘਵੱਦੀ ਅਤੇ ਸੰਪੂਰਨ ਸਿੰਘ ਘਵੱਦੀ ਗੋਲਕੀਪਰ ਸਰਵੋਤਮ ਖਿਡਾਰੀ ਐਲਾਨੇ ਗਏ। ਟੂਰਨਾਮੈਂਟ ਦੇ ਸਰਵੋਤਮ ਖਿਡਾਰੀ ਅਤੇ ਅਮਰਗੜ੍ਹ ਦੀਆਂ ਲੜਕੀਆਂ ਨੂੰ ਸਾਈਕਲ ਦੇ ਕੇ ਸਨਮਾਨਿਆ ਗਿਆ।



ਜਰਖੜ ਹਾਕੀ ਲੀਗ ਦੇ ਫਾਈਨਲ ਸਮਾਰੋਹ ਤੇ ਮੁੱਖ ਮਹਿਮਾਨ ਵਜੋਂ ਪੁੱਜੇ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਕੀਤੀ ਇਸ ਮੌਕੇ ਉਨ੍ਹਾਂ ਦਾ ਜਰਖੜ ਅਕੈਡਮੀ ਦੇ ਬੱਚਿਆਂ ਨੇ ਜ਼ੋਰਦਾਰ ਸਵਾਗਤ ਕੀਤਾ ਅਤੇ ਭਾਰਤੀ ਹਾਕੀ ਟੀਮ ਦੇ ਤਮਗਾ ਜਿੱਤਣ ਤੇ ਉਨ੍ਹਾਂ ਨੂੰ ਲੱਡ ਖੁਆ ਕੇ ਮੂੰਹ ਮਿੱਠਾ ਕਰਵਾਇਆ। ਇਸ ਮੌਕੇ ਪਰਮਿੰਦਰ ਸਿੰਘ ਢੀਂਡਸਾ ਨੇ ਆਪਣੇ ਪ੍ਰਧਾਨਗੀ ਭਾਸ਼ਣ ਚ ਬੋਲਦਿਆਂ ਆਖਿਆ ਕਿ ਜਰਖੜ ਸਟੇਡੀਅਮ ਪੇਂਡੂ ਖੇਡਾਂ ਦਾ ਮੱਕਾ ਬਣ ਗਿਆ ਹੈ ਉਨ੍ਹਾਂ ਨੇ ਆਪਣੇ ਪਿਤਾ ਸੁਖਦੇਵ ਸਿੰਘ ਢੀਂਡਸਾ ਮੈਬਰ ਰਾਜ ਸਭਾ ਦੇ ਅਖ਼ਤਿਆਰੀ ਕੋਟੇ ਵਿੱਚੋਂ 5 ਲੱਖ ਰੁਪਏ ਜਰਖੜ ਸਟੇਡੀਅਮ ਵਾਸਤੇ ਦੇਣ ਦਾ ਐਲਾਨ ਕੀਤਾ। ਉਨ੍ਹਾਂ ਆਖਿਆ ਕਿ ਜੇਕਰ ਉਹ ਰਾਜ ਸੱਤਾ ਵਿੱਚ ਆਏ ਤਾਂ ਹਰਿਆਣਾ ਨਾਲੋਂ ਬਿਹਤਰ ਖੇਡ ਨੀਤੀ ਬਣਾਉਣਗੇ। ਉਨ੍ਹਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪੰਜਾਬ ਦੇ ਓਲੰਪਿਕ ਖੇਡੇ ਅਤੇ ਜੇਤੂ ਖਿਡਾਰੀਆਂ ਨੂੰ ਗਜ਼ਟਿਡ ਰੈਂਕ ਦੀਆਂ ਨੌਕਰੀਆਂ ਅਤੇ ਹਰਿਆਣਾ ਦੀ ਤਰਜ਼ ਤੇ ਇਨਾਮੀ ਰਾਸ਼ੀ ਦਿੱਤੀ ਜਾਵੇ।

ਇਸ ਮੌਕੇ ਜਰਖੜ ਹਾਕੀ ਅਕੈਡਮੀ ਦੇ ਡਾਇਰੈਕਟਰ ਜਗਰੂਪ ਸਿੰਘ ਜਰਖੜ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਅਤੇ ਪਰਮਿੰਦਰ ਸਿੰਘ ਢੀਂਡਸਾ ਨੂੰ ਜਰਖੜ ਅਕੈਡਮੀ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨਤ ਕੀਤਾ।

ਇਸ ਮੌਕੇ ਜਹਾਨੋਂ ਤੁਰ ਗਏ ਨੌਜਵਾਨ ਖਿਡਾਰੀ ਗੁਰਿੰਦਰ ਸਿੰਘ ਵੜੈਚ ਅਤੇ ਮਾਤਾ ਗੁਰਮੀਤ ਕੌਰ ਦੇ ਪਰਿਵਾਰਾ ਰਵਿੰਦਰ ਸਿੰਘ ਵੜੈਚ, ਧਰਮਿੰਦਰ ਸਿੰਘ ਮਨ , ਸਿਮਰਨ ਦੀਪ ਕੌਰ ਨੂੰ ਵਿਸ਼ੇਸ਼ ਤੌਰ ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਜਗਦੀਸ਼ ਸਿੰਘ ਗਰਚਾ ਸਾਬਕਾ ਮੰਤਰੀ ਮਾਨ ਸਿੰਘ ਗਰਚਾ ਹਰਪ੍ਰੀਤ ਸਿੰਘ ਗਰਚਾ ਮੈਂਬਰ ਸ਼੍ਰੋਮਣੀ ਕਮੇਟੀ , ਮਨਪ੍ਰੀਤ ਸਿੰਘ ਤਲਵੰਡੀ ਪ੍ਰਧਾਨ ਯੂਥ ਵਿੰਗ ਅਕਾਲੀ ਦਲ ਗੁਰਿੰਦਰ ਸਿੰਘ ਢਿੱਲੋਂ ਮਨਪ੍ਰੀਤ ਸਿੰਘ ਤਲਵੰਡੀ ਪ੍ਰਧਾਨ ਯੂਥ ਵਿੰਗ ਅਕਾਲੀ ਦਲ, ਗੁਰਿੰਦਰ ਸਿੰਘ ਢਿੱਲੋਂ, ਸੁਖਵੰਤ ਸਿੰਘ ਟਿੱਲੂ, ਸੁਖਦੇਵ ਸਿੰਘ ਚੱਕਕਲਾਂ, ਨਰਿੰਦਰਪਾਲ ਸਿੰਘ ਸਿੱਧੂ ਚੇਅਰਮੈਨ ਜਰਖੜ ਖੇਡਾਂ, ਐਡਵੋਕੇਟ ਹਰਕਮਲ ਸਿੰਘ ਪ੍ਰਧਾਨ, ਅਮਰੀਕ ਸਿੰਘ ਮਿਨਹਾਸ ਐਸ ਪੀ ਪੁਲੀਸ, ਇੰਸਪੈਕਟਰ ਬਲਵੀਰ ਸਿੰਘ, ਬਲਜੀਤ ਸਿੰਘ ਸਿੱਧੂ ਫਰੀਦਕੋਟ, ਸਰਪੰਚ ਬਲਵਿੰਦਰ ਸਿੰਘ ਮਹਿਮੂਦਪੁਰਾ, ਸਚਿਨ ਗੋਇਲ, ਸੰਜੇ ਸ਼ਰਮਾ, ਅਜੀਤ ਸਿੰਘ ਲਾਦੀਆਂ, ਹਰਮਿੰਦਰ ਸਿੰਘ ਲਾਦੀਆਂ, ਪਹਿਲਵਾਨ ਹਰਮੇਲ ਸਿੰਘ ਕਾਲਾ, ਪ੍ਰੋਫ਼ੈਸਰ ਰਾਜਿੰਦਰ ਸਿੰਘ, ਯਾਦਵਿੰਦਰ ਸਿੰਘ ਤੂਰ, ਬਿੱਕਰ ਸਿੰਘ ਨੱਤ, ਮਲਕੀਅਤ ਸਿੰਘ ਆਲਮਗੀਰ, ਤਨਵੀਰ ਸਿੰਘ ਰਣੀਆਂ, ਕਬੱਡੀ ਖਿਡਾਰੀ ਮਨਜੀਤ ਸਿੰਘ ਮੌਹਲਾ ਖਡੂਰ, ਦੇਵ ਖਡੂਰ ਰਾਣਾ ਜੋਧਾਂ, ਤਰਨ ਜੋਧਾਂ, ਜਤਿੰਦਰਪਾਲ ਸਿੰਘ ਦਲੇਅ, ਸਾਹਿਬਜੀਤ ਸਿੰਘ ਸਾਬੀ, ਤਜਿੰਦਰ ਸਿੰਘ ਜਰਖੜ੍ਹ, ਸੰਦੀਪ ਸਿੰਘ ਪੰਧੇਰ, ਮਨਜੀਤ ਸਿੰਘ ਗੁਰਮ ਆਦਿ ਇਲਾਕੇ ਦੀਆਂ ਹੋਰ ਸ਼ਖ਼ਸੀਅਤਾਂ ਵੱਡੀ ਗਿਣਤੀ ਵਿਚ ਹਾਜ਼ਰ ਸਨ।

# ਪੰਜਾਬ ਸਰਕਾਰ ਭਾਰਤੀ ਹਾਕੀ ਦੇ ਜੇਤੂ ਖਿਡਾਰੀਆਂ ਨੂੰ 10 ਕਰੋੜ ਰੁਪਏ ਅਤੇ ਗਜ਼ਟਿਡ ਰੈਂਕ ਦੀ ਨੌਕਰੀ ਦੇਵੇ- ਜਰਖੜ

**ਲੁਧਿਆਣਾ 5 ਅਗਸਤ–** ਭਾਰਤੀ ਹਾਕੀ ਟੀਮ ਨੇ ਟੋਕੀਓ ਓਲੰਪਿਕ ਖੇਡਾਂ 2021 ਵਿੱਚ ਕਾਂਸੀ ਤਮਗਾ ਜਿੱਤ ਕੇ ਨਵਾਂ ਇਤਿਹਾਸ ਸਿਰਜਿਆ ਹੈ ਅੱਜ ਭਾਰਤ ਨੂੰ 1972 ਮਿਊਨਖ ਓਲੰਪਿਕ ਤੋਂ ਬਾਅਦ ਕਾਂਸੀ ਦਾ ਤਗ਼ਮਾ ਅਤੇ ਮਾਸਕੋ ਓਲੰਪਿਕ 1980 ਤੋਂ ਬਾਅਦ ਕੋਈ ਤਮਗਾ ਹਾਸਲ ਹੋਇਆ ਹੈ । ਭਾਰਤੀ ਹਾਕੀ ਦੀ ਤਰੱਕੀ ਵਿਚ ਇਹ ਤਮਗਾ ਇਕ ਨਵਾਂ ਮੋੜ ਲਿਆਏਗਾ ,ਉਕਤ ਵਿਚਾਰਾਂ ਦਾ ਪ੍ਰਗਟਾਵਾ ਉੱਘੇ ਹਾਕੀ ਪ੍ਰਮੋਟਰ ਜਰਖੜ ਹਾਕੀ ਅਕੈਡਮੀ ਦੇ ਡਾਇਰੈਕਟਰ ਜਗਰੂਪ ਸਿੰਘ ਜਰਖੜ ਨੇ ਕਰਦਿਆਂ ਆਖਿਆ ਜੇਤੂ ਭਾਰਤੀ ਹਾਕੀ ਟੀਮ ਵਿੱਚ ਪੰਜਾਬ ਦੇ 11 ਖਿਡਾਰੀਆਂ ਨੇ ਭਾਰਤੀ ਟੀਮ ਦੀ ਪ੍ਰਤੀਨਿਧਤਾ ਕੀਤੀ ਹੈ ਪੰਜਾਬ ਸਰਕਾਰ ਜੇਕਰ ਪੰਜਾਬ ਹਾਕੀ ਨੂੰ ਕੋਈ ਮਾਣ ਸਤਿਕਾਰ ਦੇਣਾ ਚਾਹੁੰਦੀ ਹੈ ਤਾਂ ਸਾਰੇ ਜੇਤੂ ਪ੍ਰਤੀ ਖਿਡਾਰੀ 10-10 ਕਰੋੜ ਰੁਪਏ ਦੀ ਇਨਾਮੀ ਰਾਸ਼ੀ ਅਤੇ ਸਾਰੇ ਖਿਡਾਰੀਆਂ ਨੂੰ ਗਜ਼ਟਿਡ ਰੈਂਕ ਦੀਆਂ ਨੌਕਰੀਆਂ ਦੇਵੇ। ਜਗਰੂਪ ਸਿੰਘ ਜਰਖੜ ਨੇ ਆਖਿਆ ਕਿ ਭਾਰਤੀ ਟੀਮ ਦੀ ਪ੍ਰਤੀਨਿਧਤਾ ਕਰਨ ਵਾਲੇ 11 ਖਿਡਾਰੀਆਂ ਵਿੱਚੋਂ 9 ਦੇ ਕਰੀਬ ਖਿਡਾਰੀ ਬਾਹਰਲੇ ਸੂਬਿਆਂ ਵਿੱਚ ਨੌਕਰੀਆਂ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ। ਪੰਜਾਬ ਸਰਕਾਰ ਉਨ੍ਹਾਂ ਸਾਰੇ ਖਿਡਾਰੀਆਂ ਨੂੰ ਪੰਜਾਬ ਦੇ ਵਿੱਚ ਵੱਖ ਵੱਖ ਵਿਭਾਗਾਂ ਦੇ ਵਿੱਚ ਵੱਡੇ ਰੈਂਕ ਦੀਆਂ ਨੌਕਰੀਆਂ ਦੇਵੇ। ਉਨ੍ਹਾਂ ਆਖਿਆ ਕਿ ਜਰਖੜ ਹਾਕੀ ਅਕੈਡਮੀ ਜੇਤੂ ਭਾਰਤੀ ਹਾਕੀ ਖਿਡਾਰੀਆਂ ਦਾ ਵਿਸ਼ੇਸ਼ ਸਨਮਾਨ ਕਰੇਗੀ।












**ਪੇਂਡੂ ਖੇਤਰਾਂ ਦੇ ਵਿੱਚ ਵੱਧ ਤੋਂ ਵੱਧ ਐਸਟ੍ਰੋਟਰਫਾ ਦਾ ਨਿਰਮਾਣ ਹੋਵੇ- ਓਲੰਪੀਅਨ ਹਰਦੀਪ ਸਿੰਘ**

ਇਸ ਮੌਕੇ ਓਲੰਪੀਅਨ ਹਰਦੀਪ ਸਿੰਘ ਗਰੇਵਾਲ ਨੇ ਆਖਿਆ ਕਿ ਭਾਰਤੀ ਹਾਕੀ ਟੀਮ ਦੀ ਟੋਕੀਓ ਓਲੰਪਿਕ ਵਿੱਚ ਜਿੱਤ ਪੰਜਾਬ ਦੀ ਹਾਕੀ ਲਈ ਇਕ ਵੱਡਾ ਸ਼ੁਭ ਸ਼ਗਨ ਹੈ । ਉਨ੍ਹਾਂ ਆਖਿਆ ਜੇਕਰ ਪੰਜਾਬ ਦੇ ਵਿੱਚ ਹਾਕੀ ਨੂੰ ਬੜਾਵਾ ਦੇਣਾ ਹੈ ਤਾਂ ਪੇਂਡੂ ਖੇਤਰਾਂ ਦੇ ਵਿੱਚ ਵੱਧ ਤੋਂ ਵੱਧ ਅਸਟਰੋਟਰਫ਼ ਗਰਾਊਂਡਾਂ ਦਾ ਨਿਰਮਾਣ ਕੀਤਾ ਜਾਵ।

**ਖਿਡਾਰੀਆਂ ਨੂੰ ਖੇਡ ਸਹੂਲਤਾਂ ਅਤੇ ਆਧੁਨਿਕ ਕੋਚਿੰਗ ਪ੍ਰਦਾਨ ਹੋਵੇ- ਗੁਰਸਤਿੰਦਰ ਪ੍ਰਗਟ**

ਪੰਜਾਬ ਖੇਡ ਵਿਭਾਗ ਦੇ ਕੋਚ ਅਤੇ ਜਰਖੜ ਹਾਕੀ ਅਕੈਡਮੀ ਦੇ ਮੁੱਖ ਪ੍ਰਬੰਧਕ ਗੁਰਸਤਿੰਦਰ ਸਿੰਘ ਪਰਗਟ ਨੇ ਆਖਿਆ ਕਿ ਖਿਡਾਰੀਆਂ ਨੂੰ ਵੱਡੇ ਪੱਧਰ ਤੇ ਖੇਡ ਸਹੂਲਤਾਂ ਪ੍ਰਦਾਨ ਹੋਣੀਆਂ ਚਾਹੀਦੀਆਂ ਹਨ ਇਸ ਤੋਂ ਇਲਾਵਾ ਹਾਕੀ ਦੇ ਆਧੁਨਿਕ ਕੋਚਿੰਗ ਸਿਸਟਮ ਦੀ ਕੋਚਾਂ ਨੂੰ ਟਰੇਨਿੰਗ ਦਿੱਤੀ ਜਾਵੇ, ਕੋਚਾਂ ਦੇ ਵੱਧ ਤੋਂ ਵੱਧ ਕਲੀਨਿਕ ਲਾਏ ਜਾਣ ਅਤੇ ਪਿੰਡਾਂ ਦੇ ਵਿੱਚ ਸਿਕਸ ਏ ਸਾਈਡ ਐਸਟਰੋਟਰਫਾਂ ਦਾ ਵੱਡੇ ਪੱਧਰ ਤੇ ਨਿਰਮਾਣ ਹੋਵ।

**ਬੰਦ ਪਈਆਂ ਜ਼ਿਲ੍ਹਾ ਅਤੇ ਸਟੇਟ ਹਾਕੀ ਚੈਂਪੀਅਨਸ਼ਿਪ ਸ਼ੁਰੂ ਹੋਣ-ਹੁਕਮ ਸਿੰਘ**

ਸਾਬਕਾ ਕੌਮੀ ਹਾਕੀ ਖਿਡਾਰੀ ਅਤੇ ਗੁਰੂ ਗੋਬਿੰਦ ਸਿੰਘ ਗੋਲਡ ਕੱਪ ਹਾਕੀ ਟੂਰਨਾਮੈਂਟ ਦੇ ਸਕੱਤਰ ਹੁਕਮ ਸਿੰਘ ਹੁੱਕੀ ਨੇ ਆਖਿਆ ਕਿ ਭਾਰਤੀ ਹਾਕੀ ਟੀਮ ਦੀ ਜਿੱਤ ਪੰਜਾਬ ਹਾਕੀ ਨੂੰ ਇਕ ਵੱਡਾ ਹੁਲਾਰਾ ਦੇਵੇਗੀ ਉਨ੍ਹਾਂ ਨੇ ਆਖਿਆ ਕਿ ਪੰਜਾਬ ਦੇ ਵਿੱਚ ਬੰਦ ਪਈਆਂ ਜ਼ਿਲ੍ਹਾ ਹਾਕੀ ਚੈਂਪੀਅਨਸ਼ਿਪ ਅਤੇ ਅਤੇ ਰਾਜ ਪੱਧਰੀ ਹਾਕੀ ਚੈਂਪੀਅਨਸ਼ਿਪ ਮੁੜ੍ਹ ਤੋਂ ਸ਼ੁਰੂ ਹੋਣੀਆਂ ਚਾਹੀਦੀਆਂ ਹਨ। ਹੁਕਮ ਸਿੰਘ ਹੁੱਕੀ ਨੇ ਆਖਿਆ ਕਿ ਸਾਰੇ ਸਰਕਾਰੀ ਵਿਭਾਗਾਂ ਦੇ ਜੋ ਸਪੋਰਟਸ ਸੈੱਲ ਬੰਦ ਹੋ ਗਏ ਹਨ ਉਨ੍ਹਾਂ ਨੂੰ ਮੁੜ ਸ਼ੁਰੂ ਕੀਤਾ ਜਾਵੇ ਅਤੇ ਵੱਖ ਵੱਖ ਵਿਭਾਗਾਂ ਦੇ ਵਿੱਚ ਹਾਕੀ ਟੀਮਾਂ ਤਿਆਰ ਤਿਆਰ ਕੀਤੀਆਂ ਜਾਣ । ਇਸ ਦੇ ਨਾਲ ਹੀ ਪੰਜਾਬ ਹਾਕੀ ਅਤੇ ਭਾਰਤੀ ਹਾਕੀ ਨੂੰ ਮੁੜ ਵੱਡਾ ਹੁਲਾਰਾ ਮਿਲੇਗਾ।

**ਖਿਡਾਰੀਆਂ ਦੇ ਹਿੱਤ ਲਈ ਠੋਸ ਖੇਡ ਨੀਤੀ ਬਣੇ-ਕੋਚ ਬਲਦੇਵ ਸਿੰਘ**


ਭਾਰਤੀ ਹਾਕੀ ਟੀਮ ਦੇ ਦਰੋਣ-ਾਚਾਰੀਆ ਐਵਾਰਡੀ ਕੋਚ ਅਤੇ ਭਾਰਤੀ ਮਹਿਲਾ ਹਾਕੀ ਟੀਮ ਨੂੰ 9 ਕਪਤਾਨ ਹਾਕੀ ਖਿਡਾਰਨਾਂ ਦੇ ਰੂਪ ਵਿੱਚ ਦੇਣ ਵਾਲੇ ਕੋਚ ਬਲਦੇਵ ਸਿੰਘ ਨੇ ਆਖਿਆ ਕਿ ਭਾਰਤੀ ਹਾਕੀ ਟੀਮ ਦੀ ਜਿੱਤ ਪੰਜਾਬੀਆਂ ਲਈ ਇੱਕ ਵੱਡਾ ਮਾਣ ਹੈ। ਉਨ੍ਹਾਂ ਆਖਿਆ ਜੇਕਰ ਪੰਜਾਬ ਦੀ ਹਾਕੀ ਨੂੰ ਸੁਨਹਿਰੀ ਯੁੱਗ ਦੇ ਵਿੱਚ ਲੈ ਕੇ ਜਾਣਾ ਹੈ ਤਾਂ ਖਿਡਾਰੀਆਂ ਦੇ ਹਿੱਤ ਲਈ ਇੱਕ ਠੋਸ ਖੇਡ ਨੀਤੀ ਬਣੇ ਅਤੇ ਖਿਡਾਰੀਆਂ ਨੂੰ ਉਨ੍ਹਾਂ ਦੀ ਮਿਹਨਤ ਦਾ ਹੱਕ ਉਨ੍ਹਾਂ ਦੇ ਪਸੀਨਾ ਸੁੱਕਣ ਤੋਂ ਪਹਿਲਾਂ ਮਿਲੇ। ਹਾਕੀ ਨੂੰ ਸਕੂਲ ਦੇ ਵਿਚ ਇਕ ਲਾਜ਼ਮੀ ਵਿਸ਼ੇ ਵਜੋਂ ਲਿਆ ਜਾਵੇ। ਫਿਰ ਹੀ ਪੰਜਾਬ ਦੀ ਹਾਕੀ ਦੇ ਭਲੇ ਦਿਨ ਵਾਪਸ ਆ ਸਕਦੇ ਹਨ।

# ਜਰਖੜ ਹਾਕੀ ਅਕੈਡਮੀ ਨੇ ਭਾਰਤੀ ਹਾਕੀ ਟੀਮ ਦੀ ਜਿੱਤ ਦੀ ਖ਼ੁਸ਼ੀ ਵਿਚ ਵੰਡੇ ਲੱਡੂ

**ਲੁਧਿਆਣਾ–** ਟੋਕੀਓ ਓਲੰਪਿਕ ਖੇਡਾਂ 2021 ਵਿੱਚ ਪੂਰੇ 49 ਸਾਲ ਬਾਅਦ ਕਾਂਸੀ ਤਗ਼ਮਾ ਜਿੱਤਣ ਤੇ ਭਾਰਤੀ ਹਾਕੀ ਟੀਮ ਦੀ ਜਿੱਤ ਦੀ ਖ਼ੁਸ਼ੀ ਵਿੱਚ ਅੱਜ ਜਰਖੜ ਹਾਕੀ ਅਕੈਡਮੀ ਦੇ ਪ੍ਰਬੰਧਕਾਂ ਖਿਡਾਰੀਆਂ ਅਤੇ ਹਾਕੀ ਪ੍ਰੇਮੀਆਂ ਨੇ ਲੱਡੂ ਵੰਡੇ, ਜਿੱਤ ਦਾ ਜਸ਼ਨ ਮਨਾਇਆ ,ਖਿਡਾਰੀਆਂ ਨੇ ਭੰਗੜੇ ਪਾਏ ਅਤੇ ਭਾਰਤੀ ਹਾਕੀ ਟੀਮ ਨੂੰ ਜਿੱਤਣ ਤੇ ਕਪਤਾਨ ਮਨਪ੍ਰੀਤ ਸਿੰਘ ਅਤੇ ਉਸਦੇ ਸਾਥੀ ਖਿਡਾਰੀਆਂ ਨੂੰ ਵਧਾਈ ਸੰਦੇਸ਼ ਵੀ ਭੇਜਿਆ। ਟੋਕੀਓ ਓਲੰਪਿਕ ਵਿੱਚ ਭਾਰਤੀ ਹਾਕੀ ਟੀਮ ਨੇ ਅੱਜ ਦੁਨੀਆ ਦੀ ਦਿੱਗਜ ਟੀਮ ਜਰਮਨੀ ਨੂੰ 5-4 ਗੋਲਾਂ ਨਾਲ ਹਰਾ ਕੇ ਕਾਂਸੀ ਦਾ ਤਗ਼ਮਾ ਹਾਸਲ ਕੀਤਾ। ਇਸ ਮੌਕੇ ਜਰਖੜ ਖੇਡਾਂ ਦੇ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ, ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ,ਪ੍ਰਧਾਨ ਐਡਵੋਕੇਟ ਹਰਕਮਲ ਸਿੰਘ ਨੇ ਦੱਸਿਆ ਕਿ ਅੱਜ ਪੂਰੇ ਮੁਲਕ ਦੇ ਵਿੱਚ ਭਾਰਤੀ ਹਾਕੀ ਟੀਮ ਨੇ ਕਾਂਸੀ ਤਗਮਾ ਜਿੱਤ ਕੇ ਹਾਕੀ ਦਾ ਵਧੀਆ ਮਾਹੌਲ ਸਿਰਜਿਆ ਹੈ ਉਨ੍ਹਾਂ ਆਖਿਆ ਅੱਜ ਪੰਜਾਬੀਆਂ ਲਈ ਇਹ ਮਾਣ ਵਾਲੀ ਗੱਲ ਹੈ ਕਿ ਕਾਂਸੀ ਤਮਗਾ ਜੇਤੂ ਭਾਰਤੀ ਹਾਕੀ ਟੀਮ ਵਿੱਚ 11 ਪੰਜਾਬ ਦੇ ਖਿਡਾਰੀ ਟੀਮ ਦੀ ਪ੍ਰਤੀਨਿਧਤਾ ਕਰ ਰਹੇ ਹਨ। ਇਸ ਮੌਕੇ ਜਰਖੜ ਹਾਕੀ ਅਕੈਡਮੀ ਦੇ ਬੱਚਿਆਂ ਨੇ ਚੱਕ ਦੇ ਇੰਡੀਆ ਦੇ ਨਾਹ-ਰਿਆਂ ਨਾਲ ਜਿੱਤ ਦੀ ਖੁਸ਼ੀ ਨੂੰ ਅਸਮਾਨ ਵਿਚ ਗੂੰਜਣ ਲਾ ਦਿੱਤਾ। ਚੇਅਰਮੈਨ ਸ: ਸਿੱਧੂ ਨੇ ਦੱਸਿਆ ਕਿ ਜੇਤੂ ਖਿਡਾਰੀਆਂ ਨੂੰ ਜਰਖੜ ਖੇਡਾਂ ਦੇ ਫਾਈਨਲ ਸਮਾਰੋਹ ਤੇ ਦਸੰਬਰ ਮਹੀਨੇ ਵਿਸ਼ੇਸ਼ ਐਵਾਰਡਾਂ ਦੇ ਨਾਲ ਅਤੇ ਨਗਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਜਾਵੇਗਾ। ਜਰਖੜ ਖੇਡਾਂ ਦਸੰਬਰ ਮਹੀਨੇ ਦੇ ਦੂਜੇ ਜਾਂ ਤੀਜੇ ਹਫ਼ਤੇ ਕਰਵਾਈਆਂ ਜਾਣਗੀਆਂ। ਇਸ ਮੌਕੇ ਅਮਰੀਕ ਸਿੰਘ ਮਿਨਹਾਸ ਐਸ ਪੀ, ਇੰਸਪੈਕਟਰ ਬਲਵੀਰ ਸਿੰਘ, ਕਮਾਂਡੈਂਟ ਹਰਤਾਸ ਸਿੰਘ , ਪ੍ਰੋ ਰਜਿੰਦਰ ਸਿੰਘ ਖਾਲਸਾ ਕਾਲਜ, ਸਰਪੰਚ ਬਲਵਿੰਦਰ ਸਿੰਘ ਮਹਿਮੂਦਪੁਰਾ, ਗੁਰਸਤਿੰਦਰ ਸਿੰਘ ਪਰਗਟ, ਸਚਿਨ ਕੁਮਾਰ, ਸੰਨੀ ਥਾਪਰ ਸੰਜੇ ਸ਼ਰਮਾ, ਰਵਿੰਦਰ ਸਿੰਘ ਕਾਲਾ ਘਵੱਦੀ ਸਰਬਜੀਤ ਸਿੰਘ ਸਾਬੀ, ਯਾਦਵਿੰਦਰ ਸਿੰਘ ਤੂਰ, ਸਰਪੰਚ ਬਲਜੀਤ ਸਿੰਘ ਗਿੱਲ ਬਿੱਟੂ, ਦਰਬਾਰਾ ਸਿੰਘ ਸਰੀਹ, ਇਕਬਾਲ ਸਿੰਘ ਗਰੇਵਾਲ ਬਾੜ੍ਹੇਵਾਲ, ਜਗਦੇਵ ਸਿੰਘ ਜਰਖੜ, ਸਪੂੰਰਨ ਸਿੰਘ ਘਵੱਦੀ, ਕਲਵਿੰਦਰ ਸਿੰਘ ਟੋਨੀ ਘਵੱਦੀ, ਆਦਿ ਹੋਰ ਇਲਾਕੇ ਦੀਆਂ ਉੱਘੀਆਂ ਸ਼ਖ਼ਸੀਅਤਾਂ ਜਰਖੜ ਅਕੈਡਮੀ ਦੇ ਖਿਡਾਰੀ ਅਤੇ ਹਾਕੀ ਪ੍ਰੇਮੀ ਵੱਡੀ ਗਿਣਤੀ ਵਿਚ ਹਾਜ਼ਰ ਸਨ।



# ਪੰਜਾਬ ਹਾਕੀ ਦੀ ਤਰੱਕੀ ਦਾ ਰਾਜ ਉੜੀਸਾ ਦੇ ਮੁੱਖ ਮੰਤਰੀ ਨਵੀਨ ਪਟਨਾਇਕ ਤੋਂ ਸਿੱਖੇ!





ਜਗਰੂਪ ਸਿੰਘ ਜਰਖੜ
91-98143-00722

ਭਾਰਤੀ ਮਰਦ ਹਾਕੀ ਟੀਮ ਨੇ ਟੋਕੀਓ ਓਲੰਪਿਕ ਖੇਡਾਂ ਵਿੱਚ ਕਾਂਸੀ ਦਾ ਤਮਗਾ ਜਿੱਤ ਕੇ 41 ਸਾਲ ਬਾਅਦ ਜੇਤੂ ਮੰਚ ਤੇ ਤਿਰੰਗਾ ਲਹਿਰਾਇਆ ਹੈ। ਜਦਕਿ ਆਖ਼ਰੀ ਵਾਰ 1972 ਮਿਊਨਿਖ ਓਲੰਪਿਕ ਵਿੱਚ ਕਾਂਸੀ ਦਾ ਤਮਗਾ ਜਿੱਤਿਆ ਸੀ ਜਦਕਿ ਆਖ਼ਰੀ ਸੋਨ ਤਮਗਾ 1980 ਮਾਸਕੋ ਓਲੰਪਿਕ ਵਿੱਚ ਜਿੱਤਿਆ ਸੀ ਇਸ ਵਾਰ ਭਾਵੇਂ ਸੋਨ ਤਗਮਾ ਤਾਂ ਨਹੀਂ ਪਰ ਕਾਂਸੀ ਦੇ ਤਮਗੇ ਨੇ ਹੀ ਭਾਰਤ ਵਿੱਚ ਕੌਮੀ ਖੇਡ ਹਾਕੀ ਦੀ ਤਰੱਕੀ ਦੀ ਆਸ ਦੀ ਕਿਰਨ ਜਗਾ ਦਿੱਤੀ ਹੈ ਕਿਉਂਕਿ ਪੂਰੀ ਅੱਧੀ ਸਦੀ ਬਾਅਦ ਭਾਰਤੀ ਹਾਕੀ ਟੀਮ ਨੂੰ ਜਿੱਤ ਦਾ ਅਸਲੀ ਹੁਲਾਰਾ ਮਿਲਿਆ ਹੈ। ਭਾਰਤ ਨੇ ਕਾਂਸੀ ਤਗ਼ਮੇ ਲਈ ਹੋਏ ਮੁਕਾਬਲੇ ਵਿੱਚ ਦੁਨੀਆ ਦੀ ਦਿੱਗਜ ਟੀਮ ਜਰਮਨੀ ਨੂੰ 5-4 ਗੋਲਾਂ ਨਾਲ ਹਰਾਇਆ ਹੈ ਜਿਵੇਂ ਭਾਰਤ ਦੀ ਇਸ ਜਿੱਤ ਦਾ ਡੰਕਾ ਵੱਜਿਆ ਚਾਰੇ ਪਾਸਿਆਂ ਤੋਂ ਭਾਰਤੀ ਟੀਮ ਨੂੰ ਵਧਾਈਆਂ ਦਾ ਤਾਂਤਾ ਲੱਗ ਗਿਆ ਕਿ ਪ੍ਰਧਾਨਮੰਤਰੀ ਕਿ ਰਾਸ਼ਟਰਪਤੀ ਕਿ ਵੱਖ ਵੱਖ ਰਾਜਾਂ ਦੇ ਮੁੱਖ ਮੰਤਰੀ ਜੇਤੂ ਭਾਰਤੀ ਹਾਕੀ ਟੀਮ ਨੂੰ ਵਧਾਈਆਂ ਦੇਣ ਲੱਗੇ ਪਰ ਓਲੰਪਿਕ ਤੋਂ ਪਹਿਲਾਂ ਕਿਸੇ ਨੇ ਭਾਰਤੀ ਹਾਕੀ ਟੀਮ ਦੀ ਕੋਈ ਸਾਰ ਨਹੀਂ ਲਈ। ਟੋਕੀਓ ਓਲੰਪਿਕ ਲਈ ਭਾਰਤੀ ਹਾਕੀ ਟੀਮ ਨੂੰ ਕੋਈ ਆਰਥਿਕ ਮਦਦ ਨਹੀਂ ਦਿੱਤੀ ਇੱਥੋਂ ਤਕ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨੇ ਵੀ ਹਾਕੀ ਇੰਡੀਆ ਦੀ ਅਪੀਲ ਦੇ ਬਾਵਜੂਦ ਵੀ ਆਰਥਿਕ ਮਦਦ ਪੱਖੋਂ ਆਨਾਕਾਨੀ ਕੀਤੀ ਪਰ ਸਲੂਟ ਜਾਂਦਾ ਹੈ ਉੜੀਸਾ ਦੇ ਮੁੱਖ ਮੰਤਰੀ ਸ੍ਰੀ ਨਵੀਨ ਪਟਨਾਇਕ ਨੂੰ ਜਿਸ ਨੇ ਪਿਛਲੇ ਇਕ ਦਹਾਕੇ ਤੋਂ ਨਾ ਸਿਰਫ਼ ਵੱਡੇ ਪੱਧਰ ਤੇ ਅੰਤਰਰਾਸ਼ਟਰੀ ਪੱਧਰ ਦਾ ਹਾਕੀ ਢਾਂਚਾ ਤਿਆਰ ਕੀਤਾ ਸਗੋਂ ਟੋਕੀਓ ਓਲੰਪਿਕ ਖੇਡਾਂ ਵਿੱਚ ਹਿੱਸਾ ਲੈਣ ਵਾਲੀਆਂ ਮਰਦਾਂ ਅਤੇ ਇਸਤਰੀਆਂ ਦੀਆਂ ਹਾਕੀ ਟੀਮਾਂ ਦੀਆਂ ਤਿਆਰੀਆਂ ਦੇ ਉੱਤੇ 150 ਕਰੋਡੜ ਰੁਪਏ ਦੇ ਕਰੀਬ ਖਰਚ ਕੀਤਾ ਜਿਸ ਦੀ ਬਦੌਲਤ ਅੱਜ ਦੇਸ਼ ਦਾ ਤਿਰੰਗਾ ਪੂਰੀ ਦੁਨੀਆਂ ਦੇ ਵਿੱਚ ਲਹਿਰਾਇਆ ਗਿਆ। ਭਾਰਤੀ ਹਾਕੀ ਟੀਮ ਦੀ ਜਿੱਤ ਦਾ ਵੱਡਾ ਸਿਰਾ ਅੱਜ ਉੜੀਸਾ ਦੇ ਮੁੱਖ ਮੰਤਰੀ ਨਵੀਨ ਪਟਨਾਇਕ ਨੂੰ ਜਾਂਦਾ ਹੈ ਜੋ ਇਕੱਲਾ ਭਾਰਤੀ ਹਾਕੀ ਟੀਮ ਨੂੰ ਸਪਾਂਸਰਸਿਪ ਹੀ ਨਹੀਂ ਦੇ ਰਹੇ ਸਗੋਂ ਅਗਲੇ ਸਾਲ ਮਰਦਾਂ ਦੇ ਸੀਨੀਅਰ ਵਿਸ਼ਵ ਕੱਪ ਹਾਕੀ 2023 ਦੀ ਮੇਜ਼ਬਾਨੀ ਵੀ ਕਰ ਰਹੇ ਹਨ ਇਸ ਵਿਸ਼ਵ ਕੱਪ ਦੀ ਮੇਜ਼ਬਾਨੀ ਲਈ ਰੁੜਕੇਲਾ ਅਤੇ ਭੁਵਨੇਸ਼ਵਰ ਵਿਖੇ ਦੁਨੀਆ ਪੱਧਰ ਦੇ ਵਰਲਡ ਕਲਾਸ ਹਾਕੀ ਸਟੇਡੀਅਮ ਦੀ ਕਰੋੜਾਂ ਦੀ ਲਾਗਤ ਨਾਲ ਉਸਾਰੀ ਹੋ ਰਹੀ ਹੈ, ਆਉਣ ਵਾਲੇ ਦਿਨਾਂ ਵਿੱਚ ਭੁਵਨੇਸ਼ਵਰ ਹਾਕੀ ਦਾ ਆਲਮੀ ਪੱਧਰ ਦਾ ਮੱਕਾ ਬਣੇਗਾ। ਯਾਦ ਰਹੇ ਭੁਵਨੇਸ਼ਵਰ 2016 ਜੂਨੀਅਰ ਵਿਸ਼ਵ ਕੱਪ, ਪਰੋ ਹਾਕੀ ਲੀਗ, ਅਤੇ ਸੀਨੀਅਰ ਵਿਸ਼ਵ ਕੱਪ 2018 ਅਤੇ ਕਈ ਹੋਰ ਟੂਰਨਾਮੈਂਟਾਂ ਦੀ ਵੀ ਮੇਜ਼ਬਾਨੀ ਕਰ ਚੁੱਕਾ ਹੈ। ਇਸਤੋਂ ਇਲਾਵਾ ਸ੍ਰੀ ਨਵੀਨ ਪਟਨਾਇਕ ਜੀ ਨੇ ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਦਿਲੀਪ ਟਿਰਕੀ ਨੂੰ ਰਾਜ ਸਭਾ ਮੈਂਬਰ ਬਣਾਕੇ ਪਾਰਲੀਮੈਂਟ ਵਿੱਚ ਭੇਜਿਆ ਅਤੇ ਹਾਕੀ ਵਾਲਿਆਂ ਨੂੰ ਵੱਡਾ ਤੋਹਫਾ ਦਿੱਤਾ। ਦਿਲੀਪ ਟਿਰਕੀ ਨੇ ਉੜੀਸਾ ਵਿੱਚ ਅੰਤਰਰਾਸ਼ਟਰੀ ਪੱਧਰ ਦੇ 18 ਹਾਕੀ ਸਟੇਡੀਅਮ ਦਾ ਨਿਰਮਾਣ ਕੀਤਾ। ਇਸ ਕਰਕੇ ਵੱਡੀਆਂ ਵਿਭਾਗੀ ਹਾਕੀ ਟੀਮਾਂ ਨੇ ਆਪਣੇ ਹੈਡਕੁਆਰਟਰ ਓੜੀਸਾ ਵਿੱਚ ਬਦਲ ਲਏ ਹਨ। ਹਾਕੀ ਦਾ ਬੋਲਬਾਲਾ ਉੜੀਸਾ ਵਿੱਚ ਕ੍ਰਿਕਟ ਵਾਂਗ ਹੋ ਰਿਹਾ ਹੈ।

ਭਾਰਤੀ ਹਾਕੀ ਦੀ ਤਰੱਕੀ ਦੇ ਯੋਗਦਾਨ ਵਿੱਚ ਉੜੀਸਾ ਸਰਕਾਰ ਅਤੇ ਮੁੱਖ ਮੰਤਰੀ ਨਵੀਨ ਪਟਨਾਇਕ ਦੀ ਭੂਮਿਕਾ ਕਾਬਲੇ ਤਾਰੀਫ਼ ਹੈ , ਉੜੀਸਾ ਰਾਜ ਦੇ ਤਿੰਨ ਖਿਡਾਰੀਆਂ ਨੇ ਮਰਦਾਂ ਦੀ ਭਾਰਤੀ ਹਾਕੀ ਟੀਮ ਦੀ ਪ੍ਰਤੀਨਿਧਤਾ ਕੀਤੀ ਹੈ ਪਰ ਦੂਸਰੇ ਪਾਸੇ ਪੰਜਾਬ ਜਿਸ ਦੇ 11 ਖਿਡਾਰੀ ਭਾਰਤੀ ਹਾਕੀ ਟੀਮ ਦੀ ਟੋਕੀਓ ਓਲੰਪਿਕ ਖੇਡਾਂ ਵਿੱਚ ਪ੍ਰਤੀਨਿਧਤਾ ਕਰ ਰਹੇ ਹਨ ਉਨ੍ਹਾਂ ਨੂੰ ਮੁੱਖ ਮੰਤਰੀ ਪੰਜਾਬ ਅਤੇ ਖੇਡ ਮੰਤਰੀ ਪੰਜਾਬ ਨੇ ਫੋਕੀ ਸੀ ਵਧਾਈ ਦੇਣ ਤੋਂ ਇਲਾਵਾ ਪੰਜਾਬ ਦੀ ਖੇਡ ਨੀਤੀ ਵਿਚ ਪਹਿਲਾਂ ਹੀ ਦਰਜ ਇਕ ਕਰੋੜ ਰੁਪਏ ਦੀ ਇਨਾਮੀ ਰਾਸ਼ੀ ਦੇਣ ਦਾ ਐਲਾਨ ਕੀਤਾ ਹੈ ਜੋ ਕਿ ਖਿਡਾਰੀਆਂ ਲਈ ਕਾਫੀ ਨਹੀਂ ਹੈ ਇੱਥੇ ਹੀ ਬੱਸ ਨਹੀਂ ਪੰਜਾਬ ਦੇ 11 ਖਿਡਾਰੀਆਂ ਵਿੱਚੋਂ 9 ਖਿਡਾਰੀ ਤਾਂ ਬਾਹਰਲੇ ਰਾਜਾਂ ਵਿੱਚ ਨੌਕਰੀਆਂ ਕਰਨ ਲਈ ਮਜਬੂਰ ਹਨ। ਟੋਕੀਓ ਓਲੰਪਿਕ ਖੇਡਾਂ ਵਿੱਚ ਆਸਟ੍ਰੇਲੀਆ, ਬਰਤਾਨੀਆ, ਅਰ-ਜਨਟੀਨਾ ਵਰਗੀਆਂ ਦਿੱਗਜ ਟੀਮਾਂ ਵਿਰੁੱਧ ਗੋਲ ਕਰਨ ਵਾਲੀ ਪੰਜਾਬ ਦੀ ਇਕਲੋਤੀ ਖਿਡਾਰਨ ਗੁਰਜੀਤ ਕੌਰ ਨੂੰ ਅਜੇ ਪੰਜਾਬ ਨੌਕਰੀ ਨਹੀ ਦੇ ਸਕਿਆ। ਪੰਜਾਬ ਦੇ ਵਿੱਚ ਹਾਕੀ ਦੀ ਤਰੱਕੀ ਦੀਆਂ ਵੱਡੀਆਂ ਵੱਡੀਆਂ ਗੱਲਾਂ ਹੋ ਰਹੀਆਂ ਹਨ ਪਰ ਅਮਲੀ ਜਾਮਾ ਕੋਈ ਨਹੀਂ ਪਹਿਨਾਇਆ ਜਾ ਰਿਹਾ। ਹਾਕੀ ਢਾਂਚੇ ਦੀ, ਹਾਕੀ ਸਮਾਨ ਦੀ, ਅਤੇ ਖਿਡਾਰੀਆਂ ਨੂੰ ਸਹੂਲਤਾਂ ਦੀ , ਨੌਕਰੀਆਂ ਦੀ ਵੱਡੀ ਘਾਟ ਹੈ। ਸਰਕਾਰ ਅਤੇ ਰਾਜਨੀਤਿਕ ਲੋਕਾਂ ਦੀ ਕੌਮੀ ਖੇਡ ਹਾਕੀ ਪ੍ਰਤੀ ਕੋਈ ਦਿਲਚਸਪੀ ਨਹੀਂ ਹੈ। ਪੰਜਾਬ ਸਰਕਾਰ ਦੇ ਐਲਾਨ ਅਤੇ ਬਿਆਨਬਾਜ਼ੀਆਂ ਨੇ ਹਾਕੀ ਦਾ ਕੁੱਝ ਨਹੀਂ ਸਵਾਰਨਾ ਲੋੜ ਹੈ ਧਰਾਤਲ ਪੱਧਰ ਤੇ ਅਸਲੀਅਤ ਵਿੱਚ ਕੰਮ ਕਰਨ ਦੀ ਪਰ ਜੇਕਰ ਓਲੰਪਿਕ ਖੇਡਾਂ ਵਿੱਚ ਹਾਕੀ ਦੀਆਂ ਪ੍ਰਾਪਤੀਆਂ ਤੋਂ ਬਾਅਦ ਪੰਜਾਬ ਸਰਕਾਰ ਦਾ ਹਾਕੀ ਦੀ ਤਰੱਕੀ ਲਈ ਕੁੱਝ ਕਰਨ ਦਾ ਇਰਾਦਾ ਹੈ ਤਾਂ ਪੰਜਾਬ ਸਰਕਾਰ ਨੂੰ ਉੜੀਸਾ ਦੇ ਮੁੱਖ ਮੰਤਰੀ ਸ੍ਰੀ ਨਵੀਨ ਪਟਨਾਇਕ ਦੇ ਹਾਕੀ ਦੇ ਬੇਹਤਰੀ ਲਈ ਹੋ ਰਹੇ ਕੰਮਾਂ ਤੋਂ ਸਬਕ ਲੈ ਲੈਣਾ ਚਾਹੀਦਾ ਹੈ ਫੇਰ ਹੀ ਪੰਜਾਬ ਹਾਕੀ ਦੇ ਭਲੇ ਦਿਨ ਵਾਪਸ ਆ ਸਕਦੇ ਹਨ।

# ਭੁੱਖਮਰੀ ਕਾਰਨ 24 ਘੰਟਿਆਂ ਅੰਦਰ 15840 ਬੰਦੇ ਮਾਰੇ ਜਾਂਦੇ ਨੇ

**ਨਵੀਂ ਦਿੱਲੀ** - ਔਕਸਫੈਮ ਦੀ ਰਿਪੋਰਟ ਨੇ ਕੋਵਿਡ-19 ਦੌਰਾਨ ਵਧੀ ਭੁੱਖਮਰੀ ਅਤੇ ਹੋਰ ਰੁਝਾਨਾਂ ਬਾਰੇ ਨਵੇਂ ਖੁਲਾਸੇ ਕੀਤੇ ਹਨ। ਹਾਲੀਆ ਰਿਪੋਰਟ ਮੁਤਾਬਕ ਭੁੱਖਮਰੀ ਨਾਲ ਦੁਨੀਆਂ ਵਿਚ ਪ੍ਰਤੀ ਮਿੰਟ 11 ਲੋਕਾਂ ਦੀ ਮੌਤ ਹੋ ਜਾਂਦੀ ਹੈ, ਭਾਵ 24 ਘੰਟਿਆਂ ਅੰਦਰ 15840 ਬੰਦੇ ਭੁੱਖਮਰੀ ਦਾ ਸ਼ਿਕਾਰ ਹੋ ਰਹੇ ਹਨ। ਭੁੱਖਮਰੀ ਕਾਰਨ ਹੋਈਆਂ ਮੌਤਾਂ ਦੀ ਗਿਣਤੀ ਕੋਵਿਡ-19 ਨਾਲ ਹੋਈਆਂ ਮੌਤਾਂ ਤੋਂ ਵੱਧ ਹੈ। ਇਸ ਮੌਕੇ 15.50 ਕਰੋੜ ਲੋਕ ਖੁਰਾਕ ਅਸੁਰੱਖਿਆ ਦੇ ਬਦਤਰ ਹਾਲਾਤ ਦਾ ਸਾਹਮਣਾ ਕਰ ਰਹੇ ਹਨ। ਭੁੱਖਮਰੀ ਦਾ ਸ਼ਿਕਾਰ ਹਰ ਤਿੰਨ ਵਿਅਕਤੀਆਂ ਵਿਚੋਂ ਦੋ ਇਸ ਲਈ ਭੁੱਖੇ ਹਨ ਕਿ ਉਨ੍ਹਾਂ ਦੇ ਦੇਸ਼ ਅੰਦਰੂਨੀ ਜੰਗਾਂ ਜਾਂ ਲੜਾਈ ਝਗੜਿਆਂ ਵਿਚ ਫਸੇ ਹੋਏ ਹਨ। ਕੋਵਿਡ-19 ਕਰਕੇ ਭਾਰਤ ਵਰਗੇ ਦਰਮਿਆਨੀ ਆਮਦਨੀ ਵਾਲੇ ਦੇਸ਼ਾਂ ਵਿਚ ਵੀ ਭੁੱਖਮਰੀ ਤੇਜੀ ਨਾਲ ਵਧੀ ਹੈ। ਦੇਸ਼ ਦੇ 12 ਸੂਬਿਆਂ ਦੇ ਕੀਤੇ ਸਰਵੇਖਣ ਵਿਚ 70 ਫੀਸਦੀ ਲੋਕਾਂ ਦੀ ਖੁਰਾਕ ਵਿਚ ਕਮੀਆਂ ਉਨ੍ਹਾਂ ਦੀ ਖਰੀਦ ਸ਼ਕਤੀ ਘਟਣ ਕਾਰਨ ਆਈਆਂ ਹਨ। ਸਕੂਲ ਬੰਦ ਹੋਣ ਕਰ ਕੇ 12 ਕਰੋੜ ਬੱਚਿਆਂ ਨੂੰ ਦੁਪਹਿਰ ਦਾ ਖਾਣਾ ਨਾ ਮਿਲਣ ਕਰ ਕੇ ਕੁਪੋਸ਼ਣ ਵਧਿਆ ਹੈ। ਰਿਪੋਰਟ ਸਮਾਨਾਂਤਰ ਅਨੁਸਾਰ ਕੋਵਿਡ-19 ਦੇ ਸੰਕਟ ਦੇ ਬਾਵਜੂਦ ਸਰਕਾਰਾਂ ਦਾ ਹਥਿਆਰਾਂ ਅਤੇ ਫੌਜੀ ਸਾਜੋ-ਸਾਮਾਨ ‘ਤੇ ਖਰਚ ਲਗਾਤਾਰ ਵਧਿਆ ਹੈ।

ਇਸ ਸਮੇਂ ਦੌਰਾਨ ਫੌਜੀ ਖਰਚ 51 ਅਰਬ ਡਾਲਰ ਵਧਿਆ ਜੋ ਸੰਯੁਕਤ ਰਾਸ਼ਟਰ ਸੰਘ ਵੱਲੋਂ ਭੁੱਖ ਨੂੰ ਮਿਟਾਉਣ ਲਈ ਲੋੜੀਂਦੇ ਬਜਟ ਨਾਲੋਂ 615 ਗੁਣਾ ਜ਼ਿਆਦਾ ਹੈ। ਇਸੇ ਸਮੇਂ ਦੌਰਾਨ ਸੰਸਾਰ ਦੇ ਸਭ ਤੋਂ ਅਮੀਰ 10 ਵਿਅਕਤੀਆਂ (ਇਨ੍ਹਾਂ ਵਿਚੋਂ 9 ਮਰਦ ਹਨ) ਦੀ ਦੌਲਤ ਵਿਚ 413 ਅਰਬ ਡਾਲਰ ਦਾ ਵਾਧਾ ਹੋਇਆ ਹੈ। ਕੋਵਿਡ-19 ਦੀ ਬਹਿਸ ਦੇ ਦੌਰਾਨ ਘੱਟ ਸਾਧਨਾਂ ਵਾਲੇ ਲੋਕਾਂ ਦੀ ਬਾਂਹ ਫੜਨ ਵਾਲੀਆਂ ਨੀਤੀਆਂ ਬਾਰੇ ਚਰਚਾ ਬਹੁਤ ਘੱਟ ਹੋਈ ਹੈ। ਬੇਰੁਜ਼ਗਾਰੀ ਅਹਿਮ ਮੁੱਦਾ ਹੈ ਪਰ ਇਸ ਉਤੇ ਗੰਭੀਰਤਾ ਨਾਲ ਚਰਚਾ ਕਰਨ ਦੀ ਲੋੜ ਨਹੀਂ ਸਮਝੀ ਜਾ ਰਹੀ। ਔਕਸਫੈਮ ਜਾਂ ਹੋਰ ਸੰਸਥਾਵਾਂ ਦੀਆਂ ਰਿਪੋਰਟਾਂ ਸੰਸਾਰ ਭਰ ਲਈ ਦੋ ਰਣਨੀਤਕ ਚੁਣੌਤੀਆਂ ਵਾਤਾਵਰਨਕ ਸੰਕਟ ਅਤੇ ਗਰੀਬੀ-ਅਮੀਰੀ ਦਰਮਿਆਨ ਵਧ ਰਹੇ ਪਾੜੇ ਬਾਰੇ ਸੁਚੇਤ ਕਰ ਰਹੀਆਂ ਹਨ। ਔਕਸਫੈਮ ਦੀ ਰਿਪੋਰਟ ਹਮੇਸ਼ਾ ਫੌਜੀ ਬਜਟ ਉਤੇ ਸਵਾਲ ਖੜ੍ਹੇ ਕਰਦੀ ਆ ਰਹੀ ਹੈ ਪਰ ਇਹ ਅਜੇ ਤੱਕ ਦੁਨੀਆਂ ਦੇ ਸਿਆਸੀ ਅਤੇ ਅਵਾਮੀ ਏਜੰਡੇ ਦਾ ਹਿੱਸਾ ਨਹੀਂ ਬਣਿਆ ਹੈ।



# ਖਿਡਾਰੀ, ਖਿਡਾਰਨਾਂ ਤੇ ਇੱਛਾ ਸ਼ਕਤੀ ਨਾਲ ਇਤਿਹਾਸ ਰਚਣ ਵਾਲਿਆ ਨੂੰ ਸਲਾਮ

**136 ਕਰੋੜੀ ਮੇਰਾ ਵਤਨ ਤੇ ਉਲੰਪਿਕ ਖੇਡਾ**

32ਵੀਆ ਉਲੰਪਿਕ ਖੇਡਾ 23 ਜੁਲਾਈ ਤੋਂ 8 ਅਗਸਤ 2021 ਤੱਕ ਜਪਾਨ ਦੀ ਰਾਜਧਾਨੀ ਟੋਕੀਓ 'ਚ ਹੋਈਆ। ਉਲੰਪਿਕ ਦੇ ਇਤਿਹਾਸ ਵਿੱਚ ਪਹਿਲੀ ਵਾਰ ਖੇਡ ਪ੍ਰੇਮੀਆ ਨੇ ਇਹਨਾਂ ਖੇਡਾ ਦੇ ਦਿਲਚਸਪ ਤੇ ਸਖਤ ਤੋਂ ਸਖਤ ਮੁਕਾਬਲੇ ਸੰਚਾਰ ਦੇ ਵੱਖ-ਵੱਖ ਸਾਧਨਾਂ ਜਿਵੇਂ ਟੈਲੀਵੀਜ਼ਨ, ਇਨਸਟਾਗ੍ਰਾਮ, ਯੂ ਟਿਊਬ, ਟਵੀਟਰ, ਸ਼ੇਅਰਚੈਟ, ਸ਼ੋਸਲ ਮੀਡੀਆ, ਫੇਸ ਬੁੱਕ ਅਤੇ ਆਧੁਨਿਕ ਤਕਨੀਕਾ ਦੇ ਸਹਾਰੇ ਉਚ ਦਰਜੇ ਦੇ ਕੈਮਰਿਆ ਰਾਹੀ ਦੇਖੇ। ਪਿਛਲੀ ਉਲਪਿੰਕ ਖੇਡਾ ਜੋ ਬ੍ਰਜੀਲ (ਰੀਓ ਡੀ ਜਕੇਰੀਓ) 'ਚ ਹੋਈਆ। ਜਿਸ ਵਿੱਚ ਸੋਨੇ ਦੇ ਤਗਮੇ ਹਾਸਲ ਕੀਤੇ ਤੇ ਇਹਨਾਂ ਵਿੱਚ 8 ਤਗਮੇ ਤਾਂ ਸਿਰਫ ਹਾਕੀ ਦੀ ਖੇਡ ਤੋਂ ਹੀ ਪ੍ਰਾਪਤ ਹੋਏ ਹਨ।

ਬੜੇ ਦੁੱਖਾ ਨਾਲ ਕਹਿਣਾ ਪੈਦਾ ਕਿ ਕਈ ਦੇਸ਼ਾ ਨੇ ਖੇਡਾ ਵਿੱਚ ਆਪਣਾ ਨਾਮ ਬਣਾ ਲਿਆ।ਕਈ ਦੇਸ਼ ਤਾਂ ਬਹੁਤ ਛੋਟੇ ਹਨ ਪਰ ਖੇਡਾ ਦੇ ਖੇਤਰ ਵਿੱਚ ਪ੍ਰਾਪਤੀਆ ਕਾਰਨ ਦੁਨੀਆਂ ਨਤਮਸਤਕ ਹੁੰਦੀ ਹੈ। ਸਾਡੇ ਦੇਸ਼ ਤੋਂ ਸਿਰਫ ਇੱਕ ਦੇਸ਼ ਚੀਨ ਹੀ ਵੱਡਾ ਹੈ ਤੇ ਵੱਡੇ ਪੱਧਰ ਤੇ ਮੈਡਲ ਖਿਡਾਰੀਆ ਦੇ ਗਲੇ ਦਾ ਹਾਰ ਉਲੰਪਿਕ ਤੇ ਭਿੰਨ-ਭਿੰਨ ਮੁਕਾਬਲਿਆ ਵਿੱਚ ਪਏ ਹਨ। ਅਮਰੀਕਾ ਤੋਂ ਬਾਅਦ ਚੀਨ ਦਾ ਨੰਬਰ ਹੀ ਮੈਡਲ ਜਿੱਤਣ ਵਿੱਚ ਆਇਆ ਹੈ। ਦੂਜੇ ਦੇਸ਼ਾ ਦੇ ਮੁਕਾਬਲੇ ਭਾਰਤ ਦੇ ਮੈਡਲ ਆਟੇ 'ਚ ਲੂਣ ਦੇ ਬਰਾਬਰ ਹਨ। ਜਦੋਂ ਸੰਸਾਰ ਪੱਧਰੀ ਸਕੋਰ ਬੋਰਡ ਦੇਖਦੇ ਹਾਂ ਤਾਂ ਥੱਲੇ ਜਾ ਕੇ ਕੁੱਲ 7 ਮੈਡਲ ਪ੍ਰਾਪਤ ਕਰਨ ਤੇ ਆਪਣੇ ਆਪ ਖੁਦ ਨੂੰ ਕੋਸਣਾ ਪੈਦਾ ਹੈ। ਬੱਚੇ ਖੇਡਣਾ ਚਾਹੁੰਦੇ ਤੇ ਜ਼ਿੰਦਗੀ 'ਚ ਕਾਮਯਾਬ ਹੋਣਾ ਚਾਹੁੰਦੇ ਤੇ ਵੱਡੀਆ ਸਿਖਰਾਂ ਨੂੰ ਛੂਹਣਾ ਚਾਹੁੰਦੇ ਹਨ ਪਰ ਗਰੀਬੀ, ਗੁਰਬਤ ਤੇ ਸਾਧਨਾਂ ਦੀ ਘਾਟ ਕਾਰਨ ਸੁਪਨੇ, ਚਾਅ ਲੈ ਕੇ ਨੌਜਵਾਨ ਨਿਰਾਸ਼ ਤੇ ਹਿਤਾਸ਼ ਹੁੰਦੇ ਹਨ। ਅਜੇ ਤੱਕ ਭਾਰਤ ਵਲੋਂ ਖੇਡਾ ਨੂੰ ਪ੍ਰਮੋਟ ਕਰਨ ਵਾਲੀ ਕੋਈ ਪਾਲਸੀ ਨਹੀਂ ਬਣ ਸਕੀ ਕਿ ਖਿਡਾਰੀਆ ਨੂੰ ਅੱਗੇ ਵਧਣ ਲਈ ਸਰਕਾਰੀ ਤੌਰ ਤੇ ਮਦਦ ਹੋਵੇ। ਨੌਜਵਾਨਾਂ ਨੂੰ ਮੌਕਿਆ ਤੋਂ ਵਾਂਝੇ ਰੱਖ ਕੇ ਇਕ ਤਰ੍ਹਾਂ ਦੇਸ਼ ਦੇ ਨੌਜਵਾਨਾ ਨਾਲ ਧਰੋਅ ਕਮਾਇਆ ਜਾ ਰਿਹਾ ਹੈ।ਇਹ ਤਾਂ ਹਰ ਭਾਰਤ ਵਾਸੀ ਨੂੰ ਕਰਨਾਟਨ ਦੇ ਮੁੱਖ ਮੰਤਰੀ ਦੇ ਬਲਿਹਾਰੇ ਜਾਣਾ ਚਾਹੀਦਾ ਹੈ, ਜਿਨ੍ਹਾਂ ਨੇ ਹਾਕੀ ਦੀਆਂ ਲੜਕੇ ਤੇ ਲੜਕੀਆ ਲਈ ਅਤੇ ਖੇਡਾ ਲਈ 125 ਕਰੋੜ ਰੁਪਏ ਖਰਚ ਕੀਤੇ। ਜਿਸ ਦੇ ਸਿੱਟੇ ਵਜੋ ਲੜਕਿਆ ਨੇ ਕਾਂਸੀ ਤੇ ਲੜਕੀਆ ਨੇ ਚੌਥਾ ਸਥਾਨ ਪ੍ਰਾਪਤ ਕੀਤਾ। ਪਿਛਲੀਆ ਉਲਪਿੰਕ ਖੇਡਾ ਤੋਂ ਸਾਡੀਆ ਸਰਕਾਰਾ ਨੇ ਸਬਕ ਨਹੀਂ ਸਿੱਖੇ। ਕੋਈ ਰਾਜ ਜਾ ਕੇਂਦਰ ਨੇ ਸਾਰਥਿਕ ਖੇਡ ਨੀਤੀ ਨਹੀਂ ਬਣਾਈ ਕਾਂਸ਼! ਕਿਤੇ ਨੌਜਵਾਨਾ ਦੀ ਮਦਦ, ਖੁਰਾਕ, ਹੱਲਾਸ਼ੇਰੀ ਤੇ ਉਹਨਾਂ ਦੀਆਂ ਸਮੱਸਿਆਵਾ ਤੋਂ ਉਹਨਾਂ ਨੂੰ ਨਿਜਾਤ ਦਵਾ ਦਿੱਤੀ ਜਾਂਦੀ ਤਾਂ ਸ਼ਾਇਦ ਭਾਰਤ ਹੋਰ ਮੈਡਲ ਪ੍ਰਾਪਤ ਕਰ ਸਕਣ ਦੀ ਆਸ ਰੱਖਦਾ।ਜੇਕਰ ਸੱਚਮੁੱਚ ਅਸੀਂ ਚਾਹੁੰਦੇ ਹਾਂ ਕਿ ਦੂਜੇ ਦੇਸ਼ਾ ਦੇ ਮੁਕਾਬਲੇ ਉਲੰਪਿਕ ਵਿੱਚ ਸਨਾਮਨਯੋਗ ਸਥਾਨ ਹਾਸਲ ਕਰਨਾ ਹੈ ਤਾਂ ਰਾਜਾ ਦੇ ਮੁੱਖ ਮੰਤਰੀਆ, ਖੇਡ ਮੰਤਰੀਆ ਤੇ ਪ੍ਰਧਾਨ ਮੰਤਰੀ ਤੇ ਭਾਰਤ ਦੇ ਖੇਡ ਮੰਤਰੀ ਹਵਾਈ ਬਿਆਨ ਛੱਡ ਕੇ ਕੁੱਝ ਅਸਲ ਵਿੱਚ ਕੁੱਝ ਕਰ ਗੁਜਰਨ।

ਹੁਣ ਤੋਂ ਹੀ ਸਾਨੂੰ ਅਗਲੀਆ ਉਲਪਿੰਕ ਖੇਡਾ ਤੋਂ ਪਹਿਲਾ ਹਰ ਜ਼ਿਲ੍ਹੇ, ਸੂਬੇ, ਨੈਸ਼ਨਲ ਤੇ ਹੋਰ ਅੰਤਰ ਰਾਸ਼ਟਰੀ ਮੁਕਾਬਲਿਆ ਲਈ ਖਿਡਾਰੀਆ ਦੇ ਮਾਂ-ਬਾਪ ਸਰਕਾਰਾਂ ਨੂੰ ਬਣਨਾ ਪਵੇਗਾ। ਪ੍ਰਵਾਸੀ ਭਾਰਤੀਆ ਨੂੰ ਇਸ ਖੇਡਾ ਦੇ ਖੇਤਰ 'ਚ ਹੋਰ ਮਦਦ ਦੀ ਖਿਡਾਰੀਆ ਨੂੰ ਲੋੜ ਹੈ। ਨੌਜਵਾਨ ਪੀੜ੍ਹੀ ਅਤੇ ਖਿਡਾਰੀਆ ਵਿੱਚ ਜੋਸ਼ ਬਹੁਤ ਹੈ, ਸਿਰੜ ਹੈ ਪਰ ਜਿਵੇ ਪੰਜਾਬੀ ਦਾ ਗੀਤ ਹੈ ਕਿ "ਸਾਨੂੰ ਮਾਰ ਗਈ ਗਰੀਬੀ ਸਾਡੇ ਘਰ ਦੀ, ਤੈਨੂੰ ਪੈਸਾ ਤਾਰ ਗਿਆ।" ਸੱਚਮੁਚ ਜਿਨੀ ਭਾਰਤ ਦੀ ਜਨਸੰਖਿਆ ਹੈ ਖੇਡਾ ਵਿੱਚ ਹਨੇਰੀਆ ਲਿਆ ਸਕਦੀ ਹੈ ਪਰ ਅਜੇ ਤੱਕ ਵਿਤਕਰਾ ਖਿਡਾਰੀਆ ਪ੍ਰਤੀ ਮਤਰੇਈ ਮਾਂ ਵਰਗਾ ਹੀ ਰਿਹਾ ਹੈ।

ਆਓ ਭਾਰਤ ਸਰਕਾਰ ਤੇ ਆਪੋ ਆਪਣੇ ਸੂਬਿਆ ਦੇ ਮੁੱਖ ਮੰਤਰੀਆ ਤੇ ਸਿਆਸੀ ਆਗੂਆ ਤੇ ਦਬਾਓ ਬਣਾਈਏ ਕਿ ਉਹ ਖਿਡਾਰੀਆ ਦੀ ਬਾਹ ਫੜਨ। ਕਿਉਂਕਿ ਭਾਰਤ ਦਾ ਭਵਿੱਖ ਨੌਜਵਾਨ ਪੀੜੀ ਹੈ। ਜੇਕਰ ਨੌਜਵਾਨ ਪੀੜੀ ਦੇ ਘਰ ਦੇ ਆਰਥਿਕ ਹਾਲਤ ਠੀਕ ਹੋਣਗੇ, ਸਹੀ ਕੋਚਿੰਗ (ਟਰੇਨਿੰਗ), ਸਹੀ ਪ੍ਰੇਰਿਤ ਕੀਤਾ ਜਾਵੇ, ਤਾਂ ਇਤਿਹਾਸ 'ਚ ਸੋਨੇ ਦੀ ਚਿੜੀ ਵਾਲਾ ਕਿਤਾਬਾ 'ਚ ਲਿਖਿਆ ਗਿਆ ਇਤਿਹਾਸ ਨਵੇਂ ਹੰਬਲਿਆ ਕਾਰਨ ਭਵਿੱਖ ਦੀਆਂ ਕਿਤਾਬਾ ਦਾ ਨਵਾ ਸੋਧਿਆ ਸੰਸਕਾਰ ਵੀ ਬਣ ਸਕਦਾ ਹੈ।

ਸਾਡੀ ਸਰਕਾਰਾਂ ਨੂੰ ਸਨਿਮਰ ਸਹਿਤ ਬੇਨਤੀ ਹੈ ਕਿ ਖਿਡਾਰੀ ਕਿਸੇ ਸੂਬੇ ਜਾਂ ਜਾਤ ਬਰਾ-ਦਰੀ ਦੇ ਨਹੀਂ ਹੁੰਦੇ ਸਗੋਂ ਉਹ ਦੇਸ਼ ਦੇ ਖਿਡਾਰੀ ਹੁੰਦੇ ਹਨ। ਜਿਹਨਾਂ ਦੀ ਪ-ਹਚਾਣ ਤਿਰੰਗਾ ਝੰਡਾ ਹੁੰਦੀ ਹੈ।ਸਿਆਸੀ ਵਿਖਰੇਵੇ ਲੋਕਤੰਤਰ ਦਾ ਹਿੱਸਾ ਹੈ ਕ੍ਰਿਪਾ ਕਰਕੇ ਰਿਸ਼ਵਤ ਤੇ ਜਾਤ-ਪਾਤ, ਭਾਈ ਭਤੀਜਾਵਾਦ, ਗੈਰ-ਬਰਾਬਰੀ ਕਾਰਨ ਹੁੰਦੇ ਵਿਤਕਰਿਆ ਨੂੰ ਸਖਤੀ ਨਾਲ ਨੱਥ ਪਾਈ ਜਾਵੇ ਤਾਂ ਜੋ ਖਿਡਾਰੀ ਦੇਸ਼ ਲਈ ਕੁੱਝ ਕਰ ਗੁਜ਼ਰਨ। ਖਿਡਾਰੀਆ, ਮਾਪਿਆ, ਕੋਚਾਂ, ਖੇਡ ਪ੍ਰੇਮੀਆ, ਦੇਸ਼ ਦੇ ਸ਼ੁੱਭ ਚਿੰਤਕਾਂ ਲਈ ਸਾਡੀਆ ਸ਼ੁੱਭ ਕਾਮਨਾਵਾ ਹਨ। ਯਾਦ ਰੱਖਿਓ ਅਮਰੀਕਾ ਦਾ ਪ੍ਰਸਿੱਧ ਆਗੂ ਇਬਰਾਹੀਨ ਲਿੰਕਨ ਸਾਰੀਆ ਚੋਣਾ ਹਾਰਦਾ ਰਿਹਾ ਹਰ ਹਠ ਰੱਖਿਆ, ਆਖਰ ਇੱਕ ਦਿਨ ਅਮਰੀਕਾ ਦਾ ਰਾਸ਼ਟਰਪਤੀ ਨਹੀਂ ਸਗੋਂ ਦੁਨੀਆਂ ਦੇ ਰਾਸ਼ਟਰਪਤੀ ਵਜੋਂ ਅੱਜ ਵੀ ਸਨਮਾਨ ਪ੍ਰਾਪਤ ਹੈ।



ਸੰਤੋਖ ਸਿੰਘ ਜੱਸੀ
91-70876-19800

## ਦੁਨੀਆਂ 'ਚ ਸਭ ਤੋਂ ਵੱਡਾ ਉਲਪਿੰਕ ਖੇਡ ਮੇਲਾ

ਦੁਨੀਆਂ ਦਾ ਸਭ ਤੋਂ ਵੱਡੇ ਅਰਥਾ ਵਾਲਾ ਸ਼ਬਦ ਬ੍ਰਹਿਮੰਡ (ਕਾਦਰ ਦੀ ਕਾਈਨਾਤ), ਸਾਰੇ ਪਿੰਡਾ ਦਾ ਸਾਝਾ ਸ਼ਬਦ ਨਾਮ 'ਗਲੋਬਲ ਪਿੰਡ' ਤੇ ਇਸੇ ਤਰ੍ਹਾਂ ਖਿਡਾਰੀਆ ਦਾ ਸਬ ਤੋਂ ਵੱਡਾ ਖੇਡ ਮੈਦਾਨ ਉਲਪਿਕ ਹੈ ਜੋ ਖਿਡਾਰੀਆ ਦਾ ਇੱਕ ਤਰ੍ਹਾਂ ਦਾ ਮੱਕਾ ਹੈ।ਇਸ ਵਾਰ ਉਲਪਿਕ ਖੇਡਾ ਇੱਕ ਸਾਲ ਕੋਰੋਨਾ ਦੀ ਮਹਾਂਮਾਰੀ ਕਾਰਨ ਦੇਰੀ ਨਾਲ ਹੋਈਆ। ਇਤਿਹਾਸ 'ਚ ਇਹ ਪਹਿਲੀ ਵਾਰ ਹੋਇਆ ਕਿ ਇਹ ਦੁਨੀਆਂ ਦਾ ਸਭ ਤੋਂ ਵੱਡਾ ਉਲਪਿੰਕ ਖੇਡ ਮੇਲਾ ਸਟੇਡੀਅਮ 'ਚ ਦਰਸ਼ਕਾਂ ਦੀ ਗਿਣਤੀ ਤੋਂ ਵਗੈਰ ਹੋਇਆ।ਜਿਸ ਦਾ ਕਾਰਨ ਕੋਰੋਨਾ ਮਹਾਂਮਾਰੀ ਦਾ ਪ੍ਰਕੋਪ ਕਿਸੇ ਖਿਡਾਰੀ ਜਾ ਖੇਡ ਪ੍ਰੇਮੀ ਦਰਸ਼ਕਾ ਤੇ ਨਾ ਪੈ ਜਾਵੇ। 1986 ਏਥਨਸ (ਯੂਨਾਨ) ਭਾਵ ਗਰੀਸ ਤੋਂ ਇਸ ਮਹਾਨ ਮੇਲੇ ਦੀ ਸ਼ੁਰੂਆਤ ਹੋਣੀ। ਦੁਨੀਆਂ ਭਰ ਵਿੱਚ 5 ਮਹਾਂਦੀਪ ਹਨ ਤੇ 5 ਮਹਾਂਦੀਪਾ ਦੀ 207 ਦੇਸ਼ਾਂ ਦੇ ਖਿਡਾਰੀ ਪ੍ਰਦਰਸ਼ਨ ਕੀਤਾ । ਇਸ ਵਾਰ ਆਪਣੇ ਮੁਲਕ 'ਚੋਂ 67 ਲੜਕੇ ਤੇ 52 ਲੜਕੀਆ ਤੇ ਕੁੱਝ ਭਾਰਤੀ ਦਲ ਦੇ 228 ਮੈਂਬਰ ਟੋਕੀਓ(ਜਾਪਾਨ) 'ਚ ਪੁੱਜੇ। ਜਿਸ ਵਿੱਚ ਹਾਕੀ ਦੇ 36, ਅਖਲੀਟ 25, ਨਿਸ਼ਾਨੇਬਾਜ 15, ਮੁਕੇਬਾਜ, 9 ਪਹਿਲਵਾਨ ਹਨ।ਇਸ ਦਲ 'ਚ ਇੱਕ ਪੰਜਾਬ ਲਈ ਵਿਸ਼ੇਸ਼ਤਾ ਇਹ ਰਹੀ ਕਿ ਹਾਕੀ ਦੇ ਖਿਡਾਰੀਆ ਵਿੱਚ 10 ਪੰਜਾਬੀ ਹੀ ਸਨ।ਇੱਥੇ ਇਹ ਵੀ ਦੱਸਣ ਯੋਗ ਹੈ ਕਿ ਖੇਡਾ ਭਾਰਤ ਦੇ ਉਲਪਿਕ ਵਿੱਚ 1920 ਤੋਂ ਹਿੱਸਾ ਲੈਣਾ ਸ਼ੁਰੂ ਕੀਤਾ।

## ਓਲੰਪਿਕ 'ਚ ਚੌਥੀ ਥਾਂ ਛੋਟੀ ਗੱਲ ਨਹੀਂ, ਪਰ ਤਗ਼ਮਾ ਖੁੰਝਣ ਦਾ ਦੁੱਖ: ਰਾਣੀ

ਭਾਰਤੀ ਮਹਿਲਾ ਹਾਕੀ ਟੀਮ ਦੀ ਕਪਤਾਨ ਰਾਣੀ ਰਾਮਪਾਲ ਨੂੰ ਓਲੰਪਿਕ ਖੇਡਾਂ ਵਿੱਚ ਆਪਣੀ ਟੀਮ ਵਲੋਂ ਕੀਤੀ ਕੋਸ਼ਿਸ਼ 'ਤੇ ਫ਼ਖਰ ਹੈ, ਪਰ ਉਸ ਨੂੰ ਇਤਿਹਾਸਿਕ ਤਗ਼ਮੇ ਤੋਂ ਖੁੰਝਣ ਦਾ ਅਫ਼ਸੋਸ ਵੀ ਹੈ।ਰਾਣੀ ਦੇ ਪਲੇਅ ਆਫ ਮੁਕਾਬਲੇ ਵਿੱਚ ਗ੍ਰੇਟ ਬ੍ਰਿਟੇਨ ਤੋਂ ਮਿਲੀ ਹਾਰ ਮਗਰੋਂ ਕਿਹਾ, "ਅਸੀਂ ਬਹੁਤ ਨਿਰਾਸ਼ ਹਾਂ ਕਿਉਂਕਿ ਅਸੀਂ ਤਗਮੇ ਦੇ ਬਹੁਤ ਕਰੀਬ ਸੀ।ਅਸੀਂ 2-0 ਨਾਲ ਪੱਛੜ ਰਹੇ ਸੀ ਤੇ ਫਿਰ ਅਸੀਂ ਬਰਾਬਰੀ ਕੀਤੀ।

ਅਸੀਂ 3-2 ਦੀ ਲੀਡ ਲੈਣ ਵਿੱਚ ਸਫ਼ਲ ਵੀ ਰਹੇ।ਮੈਂਨੂੰ ਨਹੀਂ ਪਤਾ ਕੇ ਕੀ ਕਹਿਣਾ ਹੈ, ਪਰ ਹਾਂ ਦੁੱਖ ਜ਼ਰੂਰ ਹੈ ਕਿਉਂਕਿ ਅਸੀਂ ਕਾਂਸੀ ਦਾ ਤਗ਼ਮਾ ਨਹੀਂ ਜਿੱਤ ਸਕੇ।" ਭਾਰਤੀ ਕਪਤਾਨ ਨੇ ਕਿਹਾ, "ਮੈਂਨੂੰ ਹਾਲਾਂ ਕਿ ਲੱਗਦਾ ਹੈ ਕਿ ਸਾਰਿਆਂ ਨੇ ਆਪਣਾ ਸਰਵੋਤਮ ਪ੍ਰਦਰਸ਼ਨ ਕੀਤਾ, ਇਸ ਲਈ ਮੈਨੂੰ ਟੀਮ 'ਤੇ ਮਾਣ ਹੈ।"

ਰਾਣੀ ਨੇ ਆਸ ਜਤਾਈ ਕਿ ਟੋਕਿਓ ਖੇਡਾਂ ਵਿੱਚ ਉਨ੍ਹਾਂ ਦਾ ਪ੍ਰਦਰਸ਼ਨ ਆਉਣ ਵਾਲੀਆ ਪੀੜ੍ਹੀਆ ਨੂੰ ਪ੍ਰੇਰਿਤ ਕਰੇਗਾ।ਕਪਤਾਨ ਨੇ ਕਿਹਾ,"ਭਾਵੇਂ ਅਸੀਂ ਕਾਂਸੀ ਨਹੀ ਜਿੱਤ ਸਕੇ, ਪਰ ਮੈਂਨੂੰ ਪਤਾ ਹੈ ਕਿ ਦੇਸ਼ ਵਾਸੀ ਸਾਡੀ ਹਮਾਇਤ ਕਰਨਗੇ, ਕਿਉਂਕਿ ਅਸੀਂ ਦੇਸ਼ ਨੂੰ ਪ੍ਰੇਰਿਤ ਕੀਤਾ ਹੈ। **(ਬਾਕੀ ਅਗਲੇ ਸਫੇ 'ਤੇ)**







## ਤੁਸੀਂ ਇੱਕ ਮੈਚ ਗੁਆਇਆ, ਪਰ ਦਿਲ ਜਿੱਤੇ - ਪਟਨਾਇਕ



ਓਡੀਸ਼ਾ ਦੇ ਮੁੱਖ ਮੰਤਰੀ ਨਵੀਨ ਪਟਨਾਇਕ ਨੇ ਕਿਹਾ ਕਿ ਟੋਕਿਓ ਉਲਪਿੰਕ 'ਚ ਭਾਰਤੀ ਮਹਿਲਾ ਹਾਕੀ ਟੀਮ ਇੰਗਲੈਂਡ ਤੋਂ ਮੈਚ ਭਾਵੇਂ ਹਾਰ ਗਈ, ਪਰ ਦੇਸ਼ ਦੇ ਲੱਖਾਂ ਲੋਕਾਂ ਦੇ ਦਿਲ ਜ਼ਰੂਰ ਉਸ ਨੇ ਜਿੱਤ ਲਏ ਹਨ। ਵੀਡੀਓ ਕਾਨਫਰੰਸ ਰਾਹੀਂ ਖਿਡਾਰਨਾਂ ਨਾਲ ਗੱਲਬਾਤ ਕਰਦਿਆਂ ਪਟਨਾਇਕ ਨੇ ਇੰਗਲੈਂਡ ਖ਼ਿਲਾਫ਼ ਸਖਤ ਟੱਕਰ ਦੇਣ ਵਾਲੀਆ ਬਹਾਦਰ ਖ਼ਿਡਾਰਨਾਂ ਨੂੰ ਵਧਾਈ ਦਿੱਤੀ, ਜਿਸ ਵਿੱਚ ਭਾਰਤੀ ਟੀਮ ਕਾਂਸੀ ਦੇ ਤਗ਼ਮੇ ਦਾ ਮੈਚ ਹਾਰ ਗਈ। ਮੁੱਖ ਮੰਤਰੀ ਨੇ ਕਿਹਾ ਲੜਕੀਓ ਤੁਸੀਂ ਸਖਤ ਮਿਹਨਤ ਕੀਤੀ। ਉਲਪਿੰਕ 'ਚ ਵਧੀਆ ਪ੍ਰਦਰਸ਼ਨ ਕੀਤਾ। ਉਨ੍ਹਾਂ ਕਿਹਾ ਤੁਸੀਂ ਮੈਚ ਹਾਰਿਆ ਹੈ, ਪਰ ਦਿਲ ਜਿੱਤੇ ਹਨ।





# ਜਾਤ ਪਾਤ ਦੇ ਕਲੰਕ ਨੇ ਭਾਰਤ ਨੂੰ ਮੁੜ ਸ਼ਰਮਸ਼ਾਰ ਕੀਤਾ

## ਜਾਤੀ ਨ਼ਫ਼ਰਤ ਦੀਆਂ ਘਟਨਾਵਾਂ ਖਿਡਾਰੀਆਂ ਦਾ ਮਨੋਬਲ ਤੋੜਦੀਆਂ ਹਨ- ਵੰਦਨਾ ਕਟਾਰੀਆ

ਧਰਤੀ ਚੋਦਾ ਅਰਬ ਸਾਲ ਪੁਰਾਣੀ ਹੈ।ਜੀਵਨ ਕੁੱਝ ਕਰੋੜ ਸਾਲ ਪੁਰਾਣਾ ਹੈ।ਇਤਿਹਾਸ ਕੇਵਲ ਦਸ ਹਜ਼ਾਰ ਸਾਲ ਪੁਰਾਣਾ ਹੈ।ਧਰਮ ਕੇਵਲ ਛੇ ਹਜ਼ਾਰ ਸਾਲ ਪੁਰਾਣੇ ਹਨ ਅਤੇ ਭਾਰਤ ਵਿੱਚ ਵਿਗਿਆਨ ਲਗਭਗ ਚਾਰ ਸੌ ਸਾਲ ਪੁਰਾਣਾ ਹੈ।ਪਰ ਜਾਤ-ਪਾਤ ਦਾ ਬੀਜ ਨਾਸ਼ ਕਦੋਂ ਹੋਵੇਗਾ? ਇਸ ਦਾ ਅੰਦਾਜਾ ਲਗਾਉਣਾ ਔਖਾ ਹੈ? ਜਾਤ-ਪਾਤ ਵਿਤਕਰਾ ਮਨੁੱਖਤਾ ਦੇ ਮੱਥੇ ਤੇ ਕਲੱਕ ਹੈ। ਉਲੰਪਕ ਦੇ ਪਿੜ ਵਿੱਚ ਭਾਰਤੀ ਖਿਡਾਰਨਾ ਨੇ ਵਿਰੋਧੀ ਟੀਮ ਨਾਲ ਭਿੜਨ ਤੇ ਜਿੱਤਣ ਲਈ ਹਰ ਦਾਅ ਤੇ ਪਸੀਨਾ ਬਹਾਇਆ।ਬੇਸ਼ੱਕ ਭਾਰਤੀ ਟੀਮ ਜਿੱਤ ਨਹੀਂ ਸਕੀ ਪਰ ਉਸ ਨੇ ਦਿਲ ਜਿੱਤ ਲਏ।ਕੁੱਝ ਦੇਸ਼ ਧਰੋਹੀਆ ਨੇ ਮੁੜ ਜਾਤ-ਪਾਤ ਦੇ ਨਾਮ ਅਤੇ ਕੀਤੇ ਨੰਗੇ ਨਾਚ ਨੇ ਭਾਰਤ ਦਾ ਸਿਰ ਮੁੜ ਸ਼ਰਮ ਨਾਲ ਝੁਕਾ ਦਿੱਤਾ।

**ਜਾਤੀ ਨ਼ਫ਼ਰਤ ਦੀਆਂ ਘਟਨਾਵਾਂ ਖਿਡਾਰੀਆਂ ਦਾ ਮਨੋਬਲ ਤੋੜਦੀਆਂ ਹਨ- ਵੰਦਨਾ ਕਟਾਰੀਆ**

ਭਾਰਤ ਹਾਕੀ ਟੀਮ ਦੀ ਸਟਾਰ ਵੰਦਨਾ ਕਟਾਰੀਆ ਜਿਸ ਦੇ ਪਰਿਵਾਰ ਨੂੰ ਹਾਲ ਹੀ 'ਚ ਜਾਤੀਵਾਦੀ, ਦੁਰਵਿਹਾਰ ਦਾ ਸਾਹਮਣਾ ਕਰਨਾ ਪਿਆ, ਨੇ ਕਿਹਾ ਕਿ ਅਜਿਹੀਆ ਸ਼ਰਮਨਾਕ ਘਟਨਾਵਾਂ ਨਹੀਂ ਹੋਣੀਆਂ ਚਾਹੀਦੀਆ, ਕਿਉਂਕਿ ਇਸ ਨਾਲ ਖਿਡਾਰੀਆ ਦੇ ਮਨੋਬਲ 'ਤੇ ਮਾੜਾ ਪ੍ਰਭਾਵ ਪੈਂਦਾ ਹੈ। ਕਟਾਰੀਆ ਨੇ ਉਮੀਦ ਪ੍ਰਗਟਾਈ ਕਿ ਘਰ ਵਾਪਸ ਆਏ ਲੋਕ ਟੀਮ ਨੂੰ ਸਮਰਥਨ 'ਤੇ ਉਤਸ਼ਾਹ ਦਿੰਦੇ ਰਹਿਣਗੇ। ਕਟਾਰੀਆ ਨੇ ਕਿਹਾ ਕਿ ਟੀਮ 'ਚ ਹਰ ਕੋਈ ਦੇਸ਼ ਲਈ ਖੇਡਦਾ ਹੈ ਅਤੇ ਅਜਿਹੀਆ ਚੀਜ਼ਾ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ। ਵੰਦਨਾ ਕਟਾਰੀਆ ਦਾ ਇਹ ਬਿਆਨ ਭਾਰਤ ਮਹਿਲਾ ਟੀਮ ਦੇ ਬ੍ਰਿਟੇਨ ਤੋਂ 3-4 ਨਾਲ ਹਾਰਨ ਦੇ ਬਾਅਦ ਆਇਆ ਹੈ। ਜ਼ਿਕਰਯੋਗ ਹੈ ਕਿ ਲੰਘੇ ਦਿਨੀਂ, ਮਹਿਲਾ ਹਾਕੀ ਟੀਮ ਦੇ ਅਰਜਨਟੀਨਾ ਤੋਂ ਸੈਮੀਫਾਈਨਲ 'ਚ ਹਾਰਨ ਦੇ ਬਾਅਦ ਵੰਦਨਾ ਦੇ ਘਰ ਦੇ ਬਾਹਰ ਕੁੱਝ ਲੋਕਾਂ ਨੇ ਪਟਾਖੇ ਚਲਾਏ ਤੇ ਜਾਤੀ ਟਿੱਪਣੀਆ ਕੀਤੀਆ ਸਨ।



ਉਲੰਪਿਕ ਹਾਕੀ ਖਿਡਾਰਨ ਵੰਦਨਾ ਕਟਾਰੀਆ

## ਬਰਤਾਨਵੀ ਹਾਕੀ ਟੀਮ ਨੇ ਵੀ ਕੀਤਾ ਭਾਰਤੀ ਕੁੜੀਆਂ ਦੇ ਜੁਝਾਰੂ ਜਜ਼ਬੇ ਨੂੰ ਸਲਾਮ

ਖੇਡਾਂ 'ਚ ਨਤੀਜੇ ਹੀ ਅਹਿਮੀਅਤ ਰੱਖਦੇ ਹਨ।ਪਰ ਜਦੋਂ ਤੁਸੀਂ ਦਿਲ ਜਾਨ ਨਾਲ ਖੇਡਦੇ ਹੋ ਤਾਂ ਨਤੀਜੇ ਭੁੱਲ ਕੇ ਲੋਕ ਤੁਹਾਡਾ ਸਾਥ ਦਿੰਦੇ ਹਨ।ਆਪਣੇ ਹੀ ਨਹੀਂ ਵਿਰੋਧੀ ਟੀਮ ਵੀ ਤੁਹਾਡੀ ਹਿੰਮਤ, ਹੌਸਲੇ ਤੇ ਖੇਡ ਦਾ ਸਨਮਾਨ ਕਰਦੀ ਹੈ।ਭਾਰਤੀ ਮਹਿਲਾ ਹਾਕੀ ਟੀਮ ਨੇ ਜਿਸ ਤਰ੍ਹਾਂ ਦਾ ਸ਼ਾਨਦਾਰ ਪ੍ਰਦਰਸ਼ਨ ਟੋਕੀਓ ਉਲੰਪਿਕ 'ਚ ਕੀਤਾ।ਉਸ ਦੀ ਉਮੀਦ ਬਹੁਤ ਘੱਟ ਸੀ ਪਰ ਟੂਰਨਾਮੈਂਟ ਖ਼ਤਮ ਹੋਣ ਤੋਂ ਬਾਅਦ ਇਸ ਟੀਮ ਨੇ ਕਰੋੜਾਂ ਦਿਲ ਜਿੱਤ ਲਏ ਤੇ ਇਨ੍ਹਾਂ 'ਚ ਬਰਤਾਨੀਆ ਵੀ ਸ਼ਾਮਿਲ ਹੈ ਬਰਤਾਨੀਆ ਹਾਕੀ ਟੀਮ ਨੇ ਟਵੀਟ ਕਰਦਿਆ ਕਿਹਾ, ਕੀ ਮੁਕਾਬਲਾ ਸੀ।ਕੀ ਸ਼ਾਨਦਾਰ ਵਿਰੋਧੀ ਟੀਮ ਸੀ।ਭਾਰਤੀ ਹਾਕੀ ਟੀਮ ਤੁਸੀ ਕਮਾਲ ਦਾ ਪ੍ਰਦਰਸ਼ਨ ਦਿਖਾਇਆ।ਤੁਹਾਡਾ ਆਉਣ ਵਾਲਾ ਸਮਾਂ ਕਮਾਲ ਦਾ ਹੋਣ ਵਾਲਾ ਹੈ।

# ਖਿਡਾਰੀ, ਖਿਡਾਰਨਾਂ ਤੇ ਇੱਛਾ ਸ਼ਕਤੀ ਨਾਲ ਇਤਿਹਾਸ ਰਚਣ ਵਾਲਿਆ ਨੂੰ ਸਲਾਮ

## ਓਲੰਪਿਕ ਤਗ਼ਮਾ ਜੇਤੂਆਂ ਦੇ ਨਾਂ 'ਤੇ ਹੋਣਗੇ ਉਨ੍ਹਾਂ ਦੇ ਪਿੰਡਾਂ ਦੀਆਂ ਸੜਕਾਂ ਤੇ ਸਕੂਲਾਂ ਦੇ ਨਾਂ: ਸਿੰਗਲਾ

ਟੋਕੀਓ ਓਲੰਪਿਕ ਖੇਡਾਂ 'ਚ 41 ਸਾਲਾਂ ਬਾਅਦ ਤਗ਼ਮਾ ਜਿੱਤ ਕੇ ਦੇਸ਼ ਦਾ ਨਾਂ ਰੌਸ਼ਨ ਕਰਨ ਵਾਲੀ ਭਾਰਤੀ ਹਾਕੀ ਟੀਮ ਨੂੰ ਵਧਾਈ ਦਿੰਦਿਆ ਪੰਜਾਬ ਦੇ ਲੋਕ ਨਿਰਮਾਣ ਤੇ ਸਕੂਲ ਸਿੱਖਿਆ ਮੰਤਰੀ ਵਿਜੇਇੰਦਰ ਸਿੰਗਲਾ ਨੇ ਐਲਾਨ ਕੀਤਾ ਹੈ ਕਿ ਜੇਤੂ ਖਿਡਾਰੀਆ ਦੇ ਪਿੰਡਾ/ਸ਼ਹਿਰਾਂ ਨੂੰ ਜਾਣ ਵਾਲੀਆਂ ਸੜਕਾਂ, ਸਕੂਲਾਂ ਦੇ ਨਾਂ ਇਨ੍ਹਾਂ ਖਿਡਾਰੀਆਂ ਨੂੰ ਸਨਮਾਨ ਦੇਣ ਹਿੱਤ ਉਨ੍ਹਾਂ ਦੇ ਨਾਂ 'ਤੇ ਰੱਖੇ ਜਾਣਗੇ।

ਸਿੰਗਲਾ ਨੇ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਸਿਧਾਂਤਕ ਪ੍ਰਵਾਨਗੀ ਮਿਲਣ ਮਗਰੋਂ ਦੋਵੇ ਵਿਭਾਗਾਂ, ਲੋਕ ਨਿਰਮਾਣ ਤੇ ਸਕੂ਼ਲ ਸਿੱਖਿਆ ਨੂੰ ਇਸ 'ਤੇ ਕੰਮ ਕਰਨ ਲਈ ਆਖਿਆ ਗਿਆ ਹੈ।ਉਨ੍ਹਾਂ ਕਿਹਾ ਕਿ ਖਿਡਾਰੀਆ ਦੀ ਰਿਹਾਇਸ਼ ਨੂੰ ਜਾਂਦੀ ਸੜਕ/ਮਾਰਗ ਅਤੇ ਉਨ੍ਹਾਂ ਦੇ ਇਲਾਕੇ ਦੇ ਸਕੂਲ ਦਾ ਨਾਂ ਸਬੰਧਤ ਓਲੰਪਿਕ ਤਗ਼ਮਾ ਜੇਤੂ ਖਿਡਾਰੀ ਨੂੰ ਸਮਰਪਿਤ ਕੀਤਾ ਜਾਵੇਗਾ।ਇਸ ਫੈਸਲੇ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਲਈ ਵਿਭਾਗਾ ਨੂੰ ਹਦਾਇਤ ਦੇ ਦਿੱਤੀ ਹੈ।ਉਨ੍ਹਾਂ ਕਿਹਾ ਕਿ ਇਨ੍ਹਾਂ ਖਿਡਾਰੀਆ ਨੇ ਦੇਸ਼ ਦਾ ਨਾਂ ਰੌਸ਼ਨ ਕੀਤਾ ਹੈ ਅਤੇ ਇਸ ਨਾਲ ਆਉਣ ਵਾਲੀਆ ਪੀੜ੍ਹੀਆ ਨੂੰ ਪ੍ਰੇਰਨਾ ਮਿਲੇਗੀ। ਸਿੰਗਲਾ ਨੇ ਕਿਹਾ ਕਿ ਦੇਸ਼ ਦੀਆਂ ਖੇਡਾਂ 'ਚ ਪੰਜਾਬ ਦਾ ਸੁਨਹਿਰੀ ਯੋਗਦਾਨ ਰਿਹਾ ਹੈ। ਟੋਕੀਓ ਓਲੰਪਿਕਸ ਵਿਖੇ ਭਾਰਤੀ ਖੇਡ ਦਲ ਵਿੱਚ ਖਿਡਾਰੀਆਂ ਦੀ ਗਿਣਤੀ ਦੇ ਹਿਸਾਬ ਨਾਲ ਪੰਜਾਬ ਦੂਜੇ ਸਥਾਨ 'ਤੇ ਸੀ ਕਿਉਂਕਿ 124 ਖਿਡਾਰੀਆ 'ਚੋਂ 20 ਖਿਡਾਰੀ ਪੰਜਾਬ ਦੇ ਸਨ।ਮਰਦ ਹਾਕੀ ਟੀਮ 'ਚ 11 ਖਿਡਾਰੀ ਪੰਜਾਬ ਦੇ ਸਨ, ਜਿਨ੍ਹਾਂ 'ਚ ਕਪਤਾਨ ਮਨਪ੍ਰੀਤ ਸਿੰਘ, ਉਪ ਕਪਤਾਨ ਹਰਮਨਪ੍ਰੀਤ ਸਿੰਘ, ਰੁਪਿੰਦਰਪਾਲ ਸਿੰਘ, ਸਿਮਰਨਜੀਤ ਸਿੰਘ, ਦਿਲਪ੍ਰੀਤ ਸਿੰਘ, ਮਨਦੀਪ ਸਿੰਘ, ਗੁਰਜੰਟ ਸਿੰਘ, ਹਾਰਦਿਕ ਸਿੰਘ, ਸ਼ਮਸ਼ੇਰ ਸਿੰਘ, ਵਰੁਣ ਕੁਮਾਰ ਤੇ ਕ੍ਰਿਸ਼ਨ ਪਾਠਕ ਸ਼ਾਮਲ ਸਨ।

## 150 ਟਰੱਕ ਡਰਾਈਵਰਾਂ ਨੂੰ ਘਰ ਬੁਲਾ ਕੇ ਮੀਰਾਬਾਈ ਚਾਨੂ ਨੇ ਕੀਤਾ ਸਨਮਾਨਿਤ

ਟੋਕੀਓ ਓਲੰਪਿਕ ਦੀ ਵੇਟਲਿਫਟਿੰਗ ਪ੍ਰਤੀਯੋਗਤਾ ਵਿੱਚ ਭਾਰਤ ਨੂੰ ਮੀਰਾਬਾਈ ਚਾਨੂ ਨੇ ਪਹਿਲਾ ਤਗ਼ਮਾ ਦਿਵਾਇਆ ਹੈ ਪਰ ਉਸਦਾ ਇਸ ਚਾਂਦੀ ਤਗ਼ਮੇ ਤੱਕ ਦਾ ਸਫ਼ਰ ਆਸਾਨ ਨਹੀਂ ਰਿਹਾ ਸੀ।ਉਸ ਨੂੰ ਇਸਦੇ ਲਈ ਕਾਫੀ ਸੰਘਰਸ਼ ਵਿੱਚ ਉਸਦੇ ਪਿੰਡ ਕੋਲੋਂ ਲੰਘਣ ਵਾਲੇ 150 ਟਰੱਕ ਡਰਾਈਵਰਾਂ ਨੇ ਵੀ ਕਾਫੀ ਸਾਥ ਦਿੱਤਾ, ਕਿਉਂਕਿ ਉਸ ਦੇ ਪਿੰਡ ਤੋਂ ਉਸਦੀ ਖੇਡ ਅਕੈਡਮੀ 25 ਕਿ-ਲੋਮੀਟਰ ਦੂਰ ਸੀ।ਇਹ ਹੀ ਕਾਰਨ ਹੈ ਕਿ ਭਾਰਤ ਨੂੰ ਵੇਟਲਿ-ਫਟਿੰਗ ਵਿੱਚ ਚਾਂਦੀ ਤਗ਼ਮਾ ਜਿਤਾਉਣ ਵਾਲੀ ਚਾਨੂ ਨੇ ਆਪਣਾ ਇਹ ਤਗਮਾ ਉਨ੍ਹਾਂ ਟਰੱਕ ਡਰਾਈਵਰਾ ਨੂੰ ਘਰ ਬੁਲਾ ਕੇ ਸਨ-ਮਾਨਿਤ ਵੀ ਕੀਤਾ, ਜਿਨ੍ਹਾਂ ਨੇ ਉਸ ਨੂੰ ਅਕੈਡਮੀ ਤੱਕ ਪਹੁੰਚਾਉਣ ਵਿੱਚ ਮਦਦ ਕੀਤੀ ਸੀ।ਚਾਨੂ ਨੇ ਇਸ ਦੌਰਾਨ ਸਾਰੇ ਟਰੱਕ ਡਰ-ਾਈਵਰਾਂ ਨੂੰ ਖਾਣਾ ਵੀ ਖਿਲਾਇਆ ਤੇ ਤੋਹਫੇ ਵਜੋਂ ਇੱਕ ਇੱਕ ਟੀ ਸ਼ਰਟ ਵੀ ਦਿੱਤੀ।ਜਿਸ ਕਾਰਨ ਸਮੁੱਚੇ ਸੰਸਾਰ ਵਿੱਚ ਇਹ ਖਿਡਾਰਨ ਸੁਰਖੀਆ ਬਟੋਰ ਰਹੀ ਹੈ।




ਅਸਟ੍ਰੇਲੀਆ ਟੂਰ ਸਮੇਂ ਉਲਪਿਕ ਖਿਡਾਰਨ ਮੀਰਾਬਾਈ ਚਾਨੂ, ਕੋਚ ਵਿਜੈ ਸ਼ਰਮਾ ਅਤੇ ਪੰਜਾਬੀ ਵੇਟ ਲਿਫਟਰ ਬਲਵਿੰਦਰ ਗੁਣਾਚੌਰ ਨਾਲ।

## ਜੇਤੂ ਟੀਮ ਦੇ ਤਿੰਨ ਖਿਡਾਰੀ ਜਲੰਧਰ ਦੇ

ਟੋਕੀਓ ਉਲੰਪਿਕ ਖੇਡਾਂ ਦਾ ਹਾਕੀ ਮੁਕਾਬਲੇ 'ਚ ਇਤਿਹਾਸ ਸਿਰਜਣ ਨਾਲ ਦੇਸ਼ 'ਚ ਖੁਸ਼ੀ ਦਾ ਲਹਿਰ ਹੈ ਤੇ ਪੰਜਾਬੀ ਵੀ ਬਾਗ਼ੋ-ਬਾਗ਼ ਹਨ।ਹਾਕੀ ਦੇ ਗੜ੍ਹ ਮਿੱਠਾਪੁਰ (ਜਲੰਧਰ) 'ਚ ਕਪਤਾਨ ਮਨਪ੍ਰੀਤ ਸਿੰਘ ਕੋਰੀਅਨ, ਮਨਦੀਪ ਸਿੰਘ ਤੇ ਵਰੁਨ ਕੁਮਾਰ ਦੇ ਪਰਿਵਾਰਾਂ 'ਚ ਵੀ ਖੁਸ਼ੀ ਦੀ ਲਹਿਰ ਹੈ।ਕਪਤਾਨ ਮਨਪ੍ਰੀਤ ਸਿੰਘ ਦੀ ਹਮਸਫ਼ਰ ਇਲਾ ਨੇ ਵਿਸ਼ੇਸ਼ ਤੌਰ 'ਤੇ ਮਲੇਸ਼ੀਆ ਤੋਂ ਮਾਤਾ ਮਨਜੀਤ ਕੌਰ ਨਾਲ ਵੀਡੀਓ ਕਾਲ ਕਰ ਕੇ ਜਿੱਤ ਦੇ ਜਸ਼ਨ ਸਾਂਝੇ ਕੀਤੇ।ਇਸ ਮੌਕੇ ਮਾਤਾ ਮਨਜੀਤ ਕੌਰ ਨੇ ਦੱਸਿਆ ਕਿ ਇਸ ਜਿੱਤ ਨਾਲ ਭਾਰਤੀ ਹਾਕੀ ਨੂੰ ਇੱਕ ਨਵੀਂ ਦਿਸ਼ਾ ਮਿਲੇਗੀ ਤੇ ਦੇਸ਼ 'ਚ ਹਾਕੀ ਨੂੰ ਹੋਰ ਉਤਸ਼ਾਹ ਮਿਲੇਗਾ।ਇਸ ਜਿੱਤ ਦੇ ਮੌਕੇ ਭਾਰਤੀ ਹਾਕੀ ਟੀਮ ਦੇ ਮੈਂਬਰ ਮਨਦੀਪ ਸਿੰਘ ਦੇ ਪਿਤਾ ਤੋਂ ਇਹ ਖ਼ੁਸ਼ੀ ਸਾਂਭੀ ਨਹੀਂ ਜਾ ਰਹੀ ਸੀ ਤੇ ਉਨ੍ਹਾਂ ਨੇ ਢੋਲੀ ਤੋਂ ਢੋਲ ਨੂੰ ਖੋਹ ਕੇ ਆਪ ਵਜਾਉਣਾ ਸ਼ੁਰੂ ਕਰ ਦਿੱਤਾ ਤੇ ਪਿੰਡ ਵਾਸੀ ਤੇ ਪਰਿਵਾਰ ਦੇ ਮੈਂਬਰਾਂ ਨੇ ਖੁਸ਼ੀ 'ਚ ਨੱਚ-ਨੱਚ ਕੇ ਭੰਗੜੇ ਪਾਏ ਤੇ ਇਸ ਤੋਂ ਬਾਅਦ ਮਨਦੀਪ ਸਿੰਘ ਨੇ ਆਪਣੇ ਮਾਤਾ ਦਵਿੰਦਰ ਜੀਤ ਕੌਰ ਤੇ ਭਰਾ ਹਮਿੰਦਰ ਸਿੰਘ ਨਾਲ ਵੀਡੀਓ ਕਾਲ ਕਰ ਕੇ ਜੇਤੂ ਖੁਸ਼ੀ ਸਾਂਝੀ ਕੀਤੀ।ਮਿੱਠਾਪੁਰ ਦੇ ਤੀਜੇ ਹਾਕੀ ਖਿਡਾਰੀ ਵਰੁਣ ਕੁਮਾਰ ਨੇ ਵੀ ਟੋਕੀਓ ਉਲੰਪਿਕ 'ਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਤੇ ਉਸ ਦੇ ਪਰਿਵਾਰ ਦੇ ਮੈਂਬਰ ਇਸ ਮਾਣਮੱਤੀ ਜਿੱਤ ਤੋਂ ਬਹੁਤ ਹੀ ਖੁਸ਼ ਨਜ਼ਰ ਆਏ ਤੇ ਵਰੁਣ ਦੇ ਪਿਤ ਬ੍ਰਹਮ ਚੰਦ ਤੇ ਮਾਤਾ ਸ਼ਕੁੰਤਲਾ ਦੇਵੀ ਨੇ ਦੱਸਿਆ ਕਿ ਸਾਡੇ ਪਰਿਵਾਰ ਤੋਂ ਖੁਸ਼ੀ ਸਾਂਭੀ ਨਹੀਂ ਜਾ ਰਹੀ ਹੈ।ਇਸ ਜਿੱਤ ਦੀ ਖੁਸ਼ੀ 'ਚ ਸਾਰੇ ਇਨ੍ਹਾਂ ਪਰਿਵਾਰਾਂ ਨੇ ਮਿੱਠਾਪੁਰ ਦੇ ਗੁਰਦੁਆਰਾ ਸਾਹਿਬ ਵਿਖੇ ਜਾ ਕੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ।

## ਕਾਂਸੀ ਤਗ਼ਮਾ ਜਿੱਤਣ 'ਤੇ ਗਾਖਲ ਭਰਾ ਹਾਕੀ ਟੀਮ ਦਾ ਕਰਨਗੇ 11 ਲੱਖ ਨਾਲ ਸਨਮਾਨ

### ਕਾਂਸੀ ਤਗ਼ਮਾ ਪੰਜਾਬੀ ਭਾਈਚਾਰੇ ਲਈ ਹੀਰੇ ਤੋਂ ਵੀ ਵੱਧ ਕੀਮਤੀ-ਗਾਖਲ

ਅਮਰੀਕਾ 'ਚ ਉੱਘੇ ਕਾਰੋਬਾਰੀ ਅਤੇ ਖੇਡ ਪ੍ਰਮੋਟਰ ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਭਰਾਵਾ ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ ਨਾਲ ਰਲ ਕੇ ਗਾਖਲ ਪਰਿਵਾਰ ਵਲੋਂ ਉਲੰਪਿਕ ਸ਼ੁਰੂ ਹੁੰਦਿਆ ਹੀ ਖੇਡ ਹਾਕੀ ਦੇ ਸਤਿਕਾਰ 'ਚ ਭਾਰਤੀ ਟੀਮ ਲਈ ਸੋਨ ਤਗ਼ਮਾ ਜਿੱਤਣ 'ਤੇ 11 ਲੱਖ ਰੁਪਏ ਇਨਾਮ ਦੇਣ ਦਾ ਐਲਾਨ ਕੀਤਾ ਸੀ ਉਨ੍ਹਾਂ ਕਿਹਾ ਕਿ ਸਾਡਾ ਪਰਿਵਾਰ ਹਾਕੀ ਨਾਲ ਬਹੁਤ ਮੋਹ ਕਰਦਾ ਹੈ।ਉਹ ਸੁਰਜੀਤ ਹਾਕੀ ਟੂਰਨਾਮੈਂਟ 'ਚ ਪਿਛਲੇ ਕਈ ਵਰ੍ਹਿਆ ਤੋਂ ਪਹਿਲਾ 6 ਲੱਖ ਰੁਪਏ ਦਾ ਨਕਦ ਇਨਾਮ ਦਿੰਦੇ ਆ ਰਹੇ ਹਨ।ਜਿਸ ਤਰ੍ਹਾਂ ਦਾ ਭਾਰਤੀ ਹਾਕੀ ਟੀਮ ਨੇ ਉਲੰਪਿਕ 'ਚ ਪ੍ਰਦਰਸ਼ਨ ਕੀਤਾ, ਉਸ ਦੇ ਨਾਲ ਹਾਕੀ ਖੇਡ ਨੂੰ ਮੁੜ ਤੋਂ ਨਵਾਂ ਬਲ ਮਿਲਿਆ ਹੈ ਤੇ ਹੁਣ ਗੱਲ ਇਹ ਮਾਇਨੇ ਨਹੀਂ ਰੱਖਦੀ ਕਿ ਭਾਰਤੀ ਹਾਕੀ ਟੀਮ ਨੇ ਸੋਨ ਤਗ਼ਮਾ ਜਿੱਤਿਆ ਜਾ ਨਹੀਂ, ਸਾਡੇ ਲਈ ਭਾਰਤੀ ਹਾਕੀ ਟੀਮ ਵਲੋਂ ਜਿੱਤਿਆ ਕਾਂਸੀ ਤਗਮਾ ਹੀਰਿਆਂ ਨਾਲੋਂ ਵੀ ਵੱਧ ਕੀਮਤੀ ਹੈ।ਸ਼੍ਰੀ ਗਾਖਲ ਨੇ ਕਿਹਾ ਕਿ ਉਹ ਜਲਦੀ ਹੀ ਭਾਰਤ ਆ ਰਹੇ ਕਿ ਉਹ ਅਤੇ ਭਾਰਤੀ ਹਾਕੀ ਟੀਮ ਦੇ ਸਨਮਾਨ ਲਈ ਵਿਸ਼ੇਸ਼ ਸਮਾਰੋਹ ਅਯੋਜਿਤ ਕਰਨਗੇ।

## ਭਵਿੱਖ 'ਚ ਹੋਣ ਵਾਲੀਆਂ ਉਲਪਿੰਕ ਖੇਡਾਂ

ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਵਾਂਗ ਉਲੰਪਿਕ ਖੇਡਾਂ ਹਰ 4 ਸਾਲ ਬਾਅਦ ਹੁੰਦੀਆਂ ਹਨ। ਹੁਣ 2024 'ਚ ਪੈਰਿਸ (ਫਰਾਂਸ), 2028 ਨੂੰ ਲਾਸ ਏਜਲਸ (ਅਮਰੀਕਾ), 2032 'ਚ ਬ੍ਰਿਸਬੇਨ (ਆਸਟ੍ਰੇਲੀਆ)'ਚ ਹੋਣਗੀਆਂ।

## ਉਲਪਿਕ ਖਿਡਾਰੀਆ ਨੂੰ ਮੁਬਾਰਕਾਂ

ਅਦਾਰਾ ਦੇਸ਼ ਦੁਆਬਾ, ਅੰਬੇਦਕਰ ਟਾਈਮਜ਼ ਵਲੋਂ ਜਾਪਾਨ ਦੀ ਰਾਜਧਾਨੀ ਟੋਕੀਓ ਵਿਖੇ ਹੋਈਆਂ ਓਲਪਿਕ ਖੇਡਾਂ ਦੇ ਜੇਤੂ ਟੀਮਾਂ/ਖਿਡਾਰੀਆਂ ਅਤੇ ਖੇਡਾਂ ਵਿਚ ਭਾਗ ਲੈਣ ਵਾਲੇ ਖਿਡਾਰੀਆਂ ਨੂੰ ਦਿਲੀ ਹਾਰਦਿਕ ਵਧਾਈ।

**ਵਲੋਂ ਪੀ ਕੇ ਚੁੰਬਰ (ਮੁੱਖ ਸੰਪਾਦਕ)**

## ਪਿੰਡਾਂ ਤੋਂ ਉਲੰਪਿਕ ਤੱਕ ਪ੍ਰਾਪਤੀਆ ਦਾ ਸਿਰਨਾਵਾਂ

# ਰਾਜਾ ਸਾਹਿਬ ਸਪੋਰਟਸ ਕਲੱਬ ਗੁਣਾਚੌਰ ਅਤੇ ਸਵਰਗੀ ਹਰਭਜਨ ਲਾਖਾ ਸਪੋਰਟਸ ਕਲੱਬ ਕਰਨਾਣਾ

ਉਸਤਾਦਾਂ ਦੇ ਉਸਤਾਦ ਜਗਦੀਸ਼ ਕੁਮਾਰ ਵੇਟਲਿਫਟਰ ਜਿਹਨਾਂ ਨੇ ਗੁਣਾਚੋਰ ਰਾਜਾ ਸਹਿਬ ਸਪੋਰਟਸ ਕਲੱਬ ਵੇਟਲਿਫਟਿੰਗ ਅਤੇ ਪਾਵਰਲਿਫਟਿੰਗ ਦੀ ਸੁਰੂਆਤ ਕੀਤੀ 1988-89 ਵਿੱਚ (ਉਸ ਸਮੇਂ ਸਵਰਗੀ ਹਰਜੀਤ ਕੁਮਾਰ, ਪਾਵਰਲਿਫਟਰ ਜਸਵੀਰ ਸਿੰਘ ਉਲਾਪੀਅਨ ਕਰਨਾਣਾ ਜਿਸਨੇ ਕਨੇਡਾ ਦੀ ਤਰਫੋ ਚੀਨ ਵਿੱਚ ਸਾਲ 2008 ਵਿੱਚ ਹੋਏ ਉਲਪਿਕ 'ਚੋਂ 12 ਵਾ ਸਥਾਨ ਪ੍ਰਾਪਤ ਕੀਤਾ ਸੀ।) ਅਤੇ ਹੋਰ ਨੈਸ਼ਨਲ ਪੱਧਰ ਬਲਵਿੰਦਰ ਕੁਮਾਰ ਆਲ ਇੰਡੀਆ ਪੁਲੀਸ ਚੈਂਪੀਅਨ ਇੰਡੀਆ ਕੈਂਪਰ ਤਰਸੇਮ ਸਿੰਘ ਪਾਵਰਲਿਫਟਰ ਉਕਾਂਰ ਸਿੰਘ ਨਰਿੰਦਰ ਸਿੰਘ ਅਤੇ ਹੋਰ ਜੂਨੀਅਰ ਤਿਆਰ ਹੋਏ (ਹਰਜੀਤ ਸਿੰਘ ਜਗਦੀਸ਼ ਕੋਲ ਪਾਵਰਲਿਫਟਿੰਗ ਸਿੱਖ ਕੇ ਅਨੇਕਾਂ ਪਾਵਰਲਿਫਟਰ ਤਿਆਰ ਕੀਤੇ(ਕਈ ਤਾਂ ਲਿਫਟਰ ਅਤੇ ਪਾਵਰਲਿਫਟਰ ਜਗਦੀਸ਼ ਵੇਟਲਿਫਟਰ ਕੋਲੋਂ ਸਿੱਖ ਕੇ ਅਲੱਗ ਅਲੱਗ ਕਲੱਬਾਂ ਵਿੱਚ ਪ੍ਰੈਕਟਿਸ ਵੀ ਦੇ ਰਹੇ ਹਨ। ਸਾਨੂੰ ਇਲਾਕੇ ਖਾਸ ਕਰ ਪੂਰੇ ਜਿਲੇ ਨੂੰ ਮਾਣ ਹੈ ਜਗਦੀਸ਼ ਵੇਟਲਿਫਟਰ ਗੁਣਾਚੋਰ ਉੱਤੇ ਜਿਹਨਾਂ ਦੀ ਬਦੌਲਤ ਬਹੁਤ ਸਾਰੇ ਵੇਟਲਿਫਟਰ ਅਤੇ ਪਾਵਰਲਿਫਟਰਾ ਨੂੰ ਰੁਜਗਾਰ ਮਿਲਿਆ ਵੱਖ ਵੱਖ ਮਹਿਕਮਿਆਂ ਵਿੱਚ ਅਤੇ ਕਈ ਲੈਫਟਰ ਬਾਹਰ ਯੂਰਪ ਵਿੱਚ ਸੈੱਟ ਹੋ ਗਏ। ਬਲਵਿੰਦਰ ਵੇਟਲਿਫਟਰ ਅਸਟ੍ਰੇਲੀਆ ਜੋ ਕਿ ਜਗਦੀਸ਼ ਦਾ ਛੋਟਾ ਵੀਰ ਸਪੋਰਟਸ ਕੋਟੇ ਪੁਲੀਸ ਦੀ ਨੌਕਰੀ ਛੱਡ ਅਸਟ੍ਰੇਲੀਆ ਸੈਟਲ ਹੋ ਗਿਆ( ਬਲਵਿੰਦਰ ਦੇ ਨਾਲ ਹੀ ਸੰਤੋਖ ਕੁਮਾਰ ਵੀ 5 ਵਾਰ ਨੈਸ਼ਨਲ ਚੇਪੀਅਪ ਅਤੇ ਹੁਣ ਵੀ ਮਾਸਟਰ ਗੇਮਸ ਖੇਡ ਰਿਹਾ ਹੈ (ਇਹ ਵੀ ਬਲਵਿੰਦਰ ਦੇ ਹਮਜਮਾਤੀ ਸੀ, ਉਸ ਸਮੇਂ ਹੀ ਤਿਆਰ ਹੋਇਆ ਸੀ। ਜਗਦੀਸ਼ ਕੁਮਾਰ ਦਸਦਾ ਹੈ ਕਿ ਸੰਤੋਖ ਕੁਮਾਰ ਕਲੱਬ ਦੇ ਅੱਗਿਓਂ ਪ੍ਰੈਕਟਿਸ ਕਰਨ ਗੁਰਮੀਤ ਸਿੰਘ ਦੇ ਅਖਾੜੇ ਭਲਵਾਨੀ ਕਰਨ ਜਾਇਆ ਕਰਦਾ ਸੀ (ਸਰਬਜੀਤ ਸੱਬਾ ਸੰਤੋਖ ਕੁਮਾਰ ਦਾ ਵੱਡਾ ਵੀਰ ਵੀ ਵੇਟਲਿਫਟਿੰਗ ਕਰਦਾ ਸੀ (ਜਗਦੀਸ਼ ਨੇ ਸਰਬਜੀਤ ਨੂੰ ਕਹਿ ਕੇ ਸੰਤੋਖ ਨੂੰ ਵੇਟਲਿਫਟਿੰਗ ਵਿੱਚ ਲੈ ਕੇ ਆਂਦਾ। ਸੰਤੋਖ ਕੁਮਾਰ ਬਹੁਤ ਜਲਦੀ ਤਕਨੀਕ ਸਿਖਿਆ ਸੀ ਹੁਣ ਸੰਤੋਖ ਕੁਮਾਰ ਵੀ ਰਾਜਾ ਸਾਹਿਬ ਸਪੋਰਟਸ ਕਲੱਬ ਵਿੱਚ ਪ੍ਰੈਕਟਿਸ ਕਰਵਾ ਰਿਹਾ ਹ ਅਤੇ ਮਾਸਟਰ ਗੇਮਸ ਦੀ ਤਿਆਰੀ ਕਰ ਰਿਹਾ ਹੈ। ਹੁਣ ਜਗਦੀਸ਼ ਕੁਮਾਰ ਵੇਟ ਲਿਫਟਰ ਕਰਨਾਣਾ ਵਿਖੇ ਸਵਰਗੀਆ ਹਰਭਜਨ ਸਿੰਘ ਲਾਖਾ ਕਲੱਬ ਕਰਨਾਣਾ ਵਿਖੇ ਪ੍ਰਧਾਨਗੀ ਦੇ ਨਾਲ ਹੌਲਦਾਰ ਵੇਟਲਿਫਟਰ ਮਨਜੀਤ ਕੁਮਾਰ ਕੋਚ ਸਾਹਿਬ ਨਾਲ ਸੇਵਾ ਨਿਭਾ ਰਹੇ ਹਨ। ਅਦਿਤਿਆ ਗੁਰੂ ਜੋ ਕਿ ਜਗਦੀਸ਼ ਦੇ ਬੇਟੇ ਹਨ ਅਤੇ ਅਮਰਿੰਦਰ ਕੁਮਾਰ ਦੇ ਸੀਨੀਅਰ ਸਟੇਟ ਕੰਪੀਟੀਸਨ ਜੋ ਸੁਨਾਮ ਵਿਖੇ ਹੋਇਆ ਸੀ ਦੋਨੋ ਫਸਟ ਆਏ ਇਸ ਵਿੱਚ ਜਗਦੀਸ਼ ਵੇਟਲਿਫਟਰ ਮਨਜੀਤ ਕੁਮਾਰ ਕੋਚ ਸਾਹਿਬ ਅਤੇ ਪਰਮਜੀਤ ਸਿੰਘ ਲਾਖਾ ਜੋ ਕਿ ਇਸੇ ਹੀ ਕਲੱਬ ਦੇ ਚੇਅਰਮੈਨ ਹਨ ਬਹੁਤ ਯੋਗਦਾਨ ਹੈ। ਵੇਟਲਿਫਟਰ ਲੜਕੇ ਅਤੇ ਲੜਕੀਆ ਜੋ ਇਸ ਕਰਨਾਣੇ ਜਸਵੀਰ ਸਿੰਘ ਉਲਾਪੀਅਨ ਵੇਟਲਿਫਟਰ ਦੇ ਪਿੰਡ ਅਦਿਤਿਆ ਗੁਰੂ, ਅਮਰਿੰਦਰ ਕੁਮਾਰ, ਵਿਸਾਲ ਗੁਰਵਿੰਦਰ ਸਿੰਘ, ਅਰਜੁਨ ਲੜਕੀਆਂ ਸਾਇਆ ਦੀਆਂ ਰਿਆ ਹਨ ਅਤੇ ਰਾਜਾ ਸਾਹਿਬ ਮਜਾਰਾ ਕਲੱਬ ਦੇ ਕੋਚ ਸਾਹਿਬ ਜਿੰਦਰ ਕੁਮਾਰ ਕਬੱਡੀ ਕੋਚ ਬਹਾਦਰ ਸਿੰਘ ਜੀ ਅਤੇ ਪਿੰਡ ਕਰਨਾਣਾ ਦੇ ਸਰਪੰਚ ਸਾਹਿਬ ਜੀ ਹੁਣਾਂ ਦਾ ਵੀ ਸਾਥ ਹੈ। ਅਖੀਰ ਵਿੱਚ ਅਸੀਂ ਮਾਣ ਮਹਿਸੂਸ ਕਰਦੇ ਹਾਂ ਜਗਦੀਸ਼ ਵੇਟਲਿਫਟਰ ਦੇ ਪਰਿਵਾਰ ਦੇ ਦੋਨੋ ਭਰਾ ਨੈਸ਼ਨਲ ਇੰਟਰ ਯੂਨੀ-ਵਰਸਿਟੀ ਚੈਂਪੀਅਨ ਆਲਇੰਡੀਆ ਪੁਲੀਸ ਗੇਮ ਚੈਂਪੀਅਨ ਅਤੇ ਭਤੀਜੇ ਅਮਰਜੀਤ ਗੁਰੂ ਜੋ ਸਪੋਰਟਸ ਕੋਟੇ ਵਿੱਚ ਰੇਲਵੇ ਵਿੱਚ ਟੀ ਸੀ ਆਰ ਹਨ ਬਲਦੇਵ ਗੁਰੂ ਅਤੇ ਬੇਟਾ ਅਦਿਤਿਆ ਗੁਰੂ ਇਕੋ ਘਰ ਵਿਚੋਂ 5


ਸੰਤੋਖ ਸਿੰਘ ਜੱਸੀ
91-70876-19800


ਉਲਪੀਅਨ ਜਸਵੀਰ ਸਿੰਘ ਕਰਨਾਣਾ ਚੀਨ ਵਿਖੇ ਮੁਕਾਬਲੇ ਦੌਰਾਨ



ਰਾਜਾ ਸਾਹਿਬ ਸਪੋਰਟਸ ਕਲੱਬ ਗੁਣਾਚੌਰ ਵਿਖੇ ਉਸਤਾਦ ਜਗਦੀਸ਼ ਵੇਟ ਲੈਫਟਰ, ਸੰਤੋਖ ਕੁਮਾਰ ਬਿੱਲਾ ਅਤੇ ਹੋਰ ਵੇਟ ਲੈਫਟਰਾ ਨਾਲ।


ਸਵਰਗੀ ਹਰਭਜਨ ਸਿੰਘ ਲਾਖਾ ਸਪੋਰਟਸ ਕਲੱਬ ਕਰਨਾਣਾ ਦੇ ਕੋਚ ਹੋਲਦਾਰ ਮਨਜੀਤ ਕੁਮਾਰ ਅਤੇ ਕਲੱਬ ਦੇ ਪ੍ਰਧਾਨ ਜਗਦੀਸ਼ ਗੁਰੂ ਤੇ ਅਹੁਦੇਦਾਰ ਅਤੇ ਖਿਡਾਰੀ ਤੇ ਖਿਡਾਰਨਾਂ

## ਲੱਖ ਪ੍ਰਦੇਸੀ ਹੋਈਏ ਆਪਣਾ ਦੇਸ਼ ਨੀ ਭੰਡੀ ਦਾ

# ਇੰਗਲੈਂਡ ਛੱਡ ਵਤਨਪ੍ਰਸਤੀ ਵਾਲੀ ਬੀਬੀ ਰਸ਼ਪਾਲ ਕੌਰ

ਬਚਪਨ 'ਚ ਸੁਣਿਆ, ਪੜ੍ਹਿਆ ਕਿ ਸਾਡੇ ਬੰਦੇ ਵਲੈਤ 'ਚ ਰਹਿੰਦੇ ਹਨ।ਰੱਜੇ ਪੁੱਜੇ ਤੇ ਖੁਸ਼ਹਾਲ ਜ਼ਿੰਦਗੀ ਜੀਅ ਰਹਿ ਰਹੇ ਤੇ ਸਾਰੇ ਟੱਬਰਾਂ ਦੇ ਟੱਬਰ ਵੱਖ -ਵੱਖ ਸ਼ਹਿਰਾਂ, ਕਸਬਿਆ 'ਚ ਦਿਨ ਰਾਤ ਸ਼ਿਫਟਾ 'ਚ ਕੰਮ ਕਰ ਰਹੇ ਹਨ। ਪਿੱਛੇ ਕੋਠੀਆ ਜ਼ਮੀਨਾਂ ਖਰੀਦਣ 'ਚ ਜ਼ੋਰ ਅਜਮਾਇਸ਼ ਚੱਲਦੀ ਆ ਰਹੀ ਹੈ।ਹੁਣ ਪਤਾ ਲੱਗਾ ਕਿ ਵਲੈਤ ਸ਼ਬਦ ਬ੍ਰਿਟੇਨ (ਇਗਲੈਂਡ) ਦਾ ਨਾਮ ਪੰਜਾਬੀਆ ਨੇ ਰੱਖਿਆ ਹੋਇਆ ਹੈ।ਉਝ ਹੁਣ ਕਾਗਜ਼ਾ ਵਿੱਚ ਯੂ.ਕੇ ਸਾਰੀ ਦੁਨੀਆਂ ਜਾਣਦੀ! ਜਾਣਦੀ ਵੀ ਕਿਉਂ ਨਾ ਹੋਵੇ ਕਿਹਾ ਤਾਂ ਇਹ ਜਾਂਦਾ ਹੈ ਕਿ ਵਲੈਤ ਦੇ ਰਾਜ 'ਚ ਕਦੇ ਸੂਰਜ ਛੁਪਦਾ ਨਹੀਂ ਸੀ ਕਿਉ-ਂਕਿ ਦੁਨੀਆਂ ਦੇ ਬਹੁਤੇ ਦੇਸ਼ਾਂ ਤੇ ਵਲੈਤ ਦਾ ਰਾਜ ਰਿਹਾ। ਜਿਸ ਕਾਰਨ ਸਮੇਂ ਦੀ ਤਬਦੀਲੀ ਕਾਰਨ ਕਿਸੇ ਦੇਸ਼ ਵਿੱਚ ਕਦੇ ਰਾਤ ਹੁੰਦੀ ਸੀ ਤੇ ਦੂਜੇ ਦੇਸ਼ ਵਿੱਚ ਦਿਨ। ਇਸ ਕਾਰਨ ਕਰਕੇ ਇਹ ਪ੍ਰਚਾਰਿਆਂ ਜਾਂਦਾ ਹੈ, ਕਿ ਇਗਲੈਂਡ ਦੇ ਰਾਜ 'ਚ ਕਦੇ ਸੂਰਜ ਨਹੀਂ ਛੁਪਿਆ।ਦੂਸਰੇ ਪਾਸੇ ਜੇ ਆਪਣੇ ਦੇਸ਼ ਦੀ ਗੱਲ ਕਰੀਏ ਤਾਂ ਸਾਡੀਆ ਕਮਜ਼ੋਰੀਆ ਕਾਰਨ 200 ਸਾਲ ਸਾਡੇ ਤੇ ਵੀ ਆਪਣੇ ਤਰੋ-ਤਾਜੇ ਤੇ ਦਿਮਾਗ ਨਾਲ ਰਾਜ ਕਰ ਗਏ।ਕਰੋੜਾ ਲੋਕ ਅੰਗਰੇਜ਼ਾ ਖਿਲਾਫ ਰੋਹ ਪ੍ਰਗਟ ਕਰਨ ਲੱਗੇ। ਆਖਰ ਆਜ਼ਾਦੀ ਘੁਲਾਟੀਆ ਦੇ ਸੰਘਰਸ਼ਾਂ, ਸ਼ਹਾਦਤਾ, ਕੁਰਬਾ-ਨੀਆਂ 'ਤੇ ਲੜਾਈਆ ਕਾਰਨ ਅੰਗਰੇਜ਼ ( ਅਸਲ ਵਿੱਚ ਅਸੀਂ ਵਿਦੇਸ਼ੀ ਰੰਗ ਤੋਂ ਸਾਫ ਹਨ ਉਹਨਾਂ ਨੂੰ ਗੋਰੇ ਜਾਂ ਅੰਗਰੇਜ਼ ਦਾ ਨਾਮ ਦਿੰਦੇ ਆ ਰਹੇ ਹਨ।) 15 ਅਗਸਤ 1947 ਨੂੰ ਛੱਡਣ ਲਈ ਮਜ਼ਬੂਰ ਹੋ ਗਏ।

ਪਰ ਬੜੇ ਦੁੱਖ ਦੀ ਗੱਲ ਹੈ ਕਿ ਸਾਡੇ ਆਪਣੇ ਵਤਨ ਦੇ ਲੋਕ ਹਰ ਜਾਇਜ ਨਜਾਇਜ ਢੰਗ ਨਾਲ ਵਿਦੇਸ਼ਾਂ ਵਿੱਚ ਜਾਣ ਲਈ ਮਜ਼ਬੂਰ ਹਨ। ਅੱਜ ਉਸੇ ਮੁਲਕ 'ਚ ਸਾਡੇ ਲੱਖਾਂ ਭਾਰਤੀ ਪੰਜਾਬੀ ਦਿਨ ਰਾਤ ਹੱਡ ਭੰਨਣੀ ਮਿਹਨਤ ਕਰਕੇ ਜਿੱਥੇ ਜਿੱਥੇ ਇੰਗਲੈਂਡ ਦਾ ਮੂੰਹ ਮੱਥਾ ਸਵਾਰ ਰਹੇ ਹਨ।

ਉੱਥੇ ਪਿੱਛੇ ਪੰਜਾਬੀ, ਭਾਰਤ ਹਨ ਵਸਦੇ ਆਪਣੇ ਭੈਣ ਭਰਾਵਾ ਦੀ ਵੀ ਬਾਂਹ ਫੜਦੇ ਹਨ ਹਰ ਸੁੱਖ ਦੁੱਖ ਵਿੱਚ ਆਰਥਿਕ ਮਦਦ ਕਰਦੇ ਹਨ। ਕਹਿੰਦੇ ਨੇ ਕਿ ਇੰਗਲੈਂਡ ਜਾਣ ਦੇ ਅਨੇਕਾ ਰਾਹ ਹਨ ਪਰ ਨਿਕਲਣਾ ਬੜਾ ਮੁਸ਼ਕਲ ਹੈ।ਕਿਉਂਕਿ ਜਦੋਂ ਪੋਡਾ ਦੀ ਗੁਣਾ ਭਾਰਤੀ ਰੁਪਈਆ ਨਾਲ ਹੁੰਦੀ ਹੈ ਤਾਂ ਫਿਰ ਡਿਊਟੀ ਅੱਠ ਘੰਟੇ ਤੋਂ ਬਾਅਦ ਵੀ ਥਕਾਵਟ ਨਹੀਂ ਹੁੰਦੀ ਸਗੋਂ ਓਵਰ ਟਾਈਮ ਲਗਾਇਆ ਜਾਂਦਾ ਹੈ। (ਚਿੰਤਾ ਤੇ ਚੇਤਨਾ ਵਾਲੀ ਗੱਲ ਇਹ ਹੈ ਕਿ ਜਿਹਨਾਂ ਗੋਰਿਆ ਨੂੰ ਅਸੀਂ ਭਜਾਇਆ ਸੀ ਅਸੀਂ ਮੁੜ ਉਹਨਾਂ ਦੇਸ਼ਾ ਵਿੱਚ ਕਿਉਂ ਜਾਣ ਲਈ ਮਜ਼ਬੂਰ ਹੋਏ। ਇਹ ਸੋਚਣ ਤੇ ਵਿਚਾਰਨ ਵਾਲੀ ਗੱਲ ਹੈ ਅਸਲ ਵਿੱਚ ਇੱਕ ਲਾਇਨ ਵਿੱਚ ਕਹਿਣਾ ਹੋਵੇ ਇਸਦਾ ਕਾਰਨ ਸਾਡਾ ਨਿਕੰਮਾ ਸਿਸਟਮ ਹੈ।

ਅੱਜ ਜੋ ਕਹਾਣੀ ਤੁਹਾਡੇ ਨਾਲ ਸਾਂਝੀ ਕਰ ਰਹੇ ਹਾਂ। ਪੰਜਾਬ ਦੀ ਉਹ ਧੀ ਜਿਹੜੀ ਆਪਣੇ ਪਰਿਵਾਰ ਨਾਲ ਖੁਸ਼ਹਾਲ ਜ਼ਿੰਦਗੀ ਇਗਲੈਂਡ ਵਿੱਚ ਜੀਅ ਹੀ ਨਹੀਂ ਰਹੀ ਸਗੋਂ ਮਾਣ ਵੀ ਰਹੀ ਸੀ ਦੇ ਮਨ 'ਚ ਐਸਾ ਖਿਆਲ ਆਇਆ ਕਿ ਉਹ ਮੁੜ ਵਤਨ ਪਰਤ ਆਈ। ਕਿ ਮੈਂ ਪੰਜਾਬ 'ਚ ਰਹਿ ਕਿ ਆਪਣੇ ਭੈਣ ਭਰਾਵਾ ਦੀ ਰੋਜੀ ਰੋਟੀ ਦੇ ਵਸੀਲੇ ਪੈਦਾ ਕਰਨੇ ਹਨ ਤੇ ਕੁਦਰਤੀ ਪ੍ਰੀਕਿਆ ਵਾਲੀਆ ਵਸਤਾ ਦਾ ਉਤਪਾਦਨ ਕਰਕੇ ਮਨੁੱਖ ਨੂੰ ਚੰਗੀਆ ਸੇਵਾਵਾ ਮਹੁੱਈਆ ਕਰਵਾਉਣੀਆ ਹਨ ਅਤੇ ਵਾਤਾਵਰਣ ਬਚਾਉਣਾ ਹੈ। ਕਦੇ ਦੁਨੀਆਂ ਵਿੱਚ ਸਪਤ ਸਿੱਧੂ ਦੇ ਨਾਮ ਨਾਲ ਜਾਣਿਆ ਜਾਂਦਾ ਅੱਜ ਦਾ ਪੰਜਾਬ ਦਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਤਹਿਸੀਲ ਬੰਗਾ ਦੇ ਉੱਘੇ ਪਿੰਡ ਬੀਕਾ ਵਿਖੇ ਵਤਨਪ੍ਰਸਤੀ ਦਾ ਪੈਗਾਮ ਲੈ ਕੇ ਇਗਲੈਂਡ ਤੋਂ ਪੱਕੇ ਤੌਰ ਸਾਲ 2010 ਤੋਂ ਬੀਬੀ ਰਸ਼ਪਾਲ ਕੌਰ ਆ ਗਈ। ਉਸ ਨੇ 'ਆਤਮ ਉਦਯੋਗ' ਦੇ ਬੈਨਰ ਹੇਠ ਆਪਣਾ ਕਾਰੋਬਾਰ ਇਸ ਭਾਵਨਾ ਨਾਲ ਸ਼ੁਰੂ ਕੀਤਾ ਕਿ ਇੱਥੇ ਨੈਚੁਰਲ (ਕੁਦਰਤੀ) ਤੇ ਖਾਣ ਵਾਲੇ ਤੇਲਾ ਤੋਂ ਤਿਆਰ ਕਰਕੇ ਇੱਥੇ ਸਾਬਣ, ਸੈਂਪੂ ਤੇ ਕਰੀਮਾ ਤਿਆਰ ਕਰਕੇ ਜਿੱਥੇ ਲੜਕੀਆਂ ਨੂੰ ਰੋਜ਼ਗਾਰ ਮਿਲੇਗਾ।ਉੱਥੇ ਕੈਮੀਕਲਾ ਤੋਂ ਮੁਕਤੀ ਦਵਾਉਣ ਲਈ ਵੀ ਇਹ ਯਤਨ ਸਾਰਥਿਕ ਹੋਣਗੇ। ਅੱਜ ਤੱਕ ਸੈਂਕੜੇ ਲੜਕੀਆ ਰੋਜ਼ਗਾਰ ਪ੍ਰਾਪਤ ਕਰ ਚੁੱਕੀਆ ਹਨ ਤੇ ਕੁਦਰਤੀ ਪ੍ਰੋਡਕਟ ਦੁਬਈ, ਸਾਊਦੀ ਅਰਬ, ਥਾਈਲੈਂਡ, ਸਿੰਘਾਪੁਰ, ਇੰਗਲੇਂਡ ਅਸ-ਟ੍ਰੇਲੀਆ, ਅਮਰੀਕਾ, ਦਿੱਲੀ, ਮੁੰਬਈ, ਐਮਦਾਬਾਦ (ਗੁ-ਜਰਾਤ), ਉਤਰਾਖੰਡ ਰਿਸ਼ੀਕੇਸ਼ ਤੇ ਡਿਉਡਾ (ਯੂ.ਪੀ) ਕਰਿਆਣਾ(ਹਰਿਆਣਾ) ਵਿਖੇ ਸਪਲਾਈ ਕੀਤੀ ਜਾਂਦੀ ਹੈ। ਪਰ ਪਿਛਲੇ ਕਰੀਬ ਡੇਢ ਸਾਲ ਤੋਂ ਕੋਰੋਨਾ ਮਹਾਂਮਾਰੀ ਦੇ ਕਾਰਨ ਜਿੱਥੇ ਸਮੁੱਚੇ ਸੰਸਾਰ ਦਾ ਤਾਣਾ ਬਾਣਾ ਉਲਝ ਗਿਆ ਹੈ। ਉੱਸੇ ਕਾਰਨ ਕਰਕੇ ਇਸ ਕੰਮ ਤੇ ਵੀ ਅਸਰ ਪਿਆ ਹੈ। ਆਵਾਜਾਈ ਤੇ ਵਿਦੇਸ਼ੀ ਫਲਾਈਟਾ ਬੰਦ ਹੋਣ ਕਾਰਨ ਉਦਯੋਗ 'ਚ ਸਾਲ ਤਿਆਰ ਕਰਨ ਦਾ ਕੰਮ ਠੰਡਾ ਪੈ ਗਿਆ।






ਪਰ ਇਸ ਸਭ ਕੁੱਝ ਦੇ ਬਾਵਜੂਦ ਬੀਬੀ ਰਸ਼ਪਾਲ ਕੌਰ ਇਸ ਗੱਲ ਲਈ ਬਜਿਦ ਹੈ ਕਿ ਇੱਕ ਦਿਨ ਇਹ ਕੁਦਰਤੀ ਪ੍ਰੋਡਕਟ ਮੁੜ ਪੰਜਾਬ, ਭਾਰਤ ਤੇ ਦੁਨੀਆਂ ਦੇ ਵੱਖ-ਵੱਖ ਦੇਸ਼ਾਂ 'ਚ ਭੇਜ ਕੇ ਤੇ ਇਲਾਕੇ ਭਰ ਵਿੱਚ ਪ੍ਰਚਾਰ ਕੇ ਇਹ ਪ੍ਰੋਡਕਟ ਵੱਡੇ ਪੱਧਰ ਤੇ ਪਹੁੰਚਾਏ ਜਾਣਗੇ ਜਿੱਥੇ ਹੋਰ ਲੜਕਿਆ ਨੂੰ ਰੋਜ਼ਗਾਰ ਦੇਣ ਦੇ ਵੀ ਮੌਕੇ ਬਣਨਗੇ।

ਉੱਥੇ ਸਮਾਜ ਦਾ ਵੀ ਫ਼ਰਜ ਬਣਦਾ ਹੈ ਕਿ ਉਹ ਇੱਕ ਵਾਰ ਇਸ ਪਿੰਡ ਬੀਕਾ 'ਚ ਬੀਬੀ ਵਲੋਂ ਖੋਲੇ ਇਸ ਉਦਯੋਗਕ ਕੇਂਦਰ 'ਚ ਜਾਓ ਤੇ ਖਰੀਦ-ਦਾਰੀ ਕਰੋ ਤੇ ਦੇਖੋ ਕਿਵੇ ਕੰਮ ਨੂੰ ਪੂਜਾ ਵਾਂਗ ਲੜਕੀਆ ਕੰਮ ਕਰਦੀਆ ਦੇਖ ਕੇ ਕਿਹਾ ਜਾ ਸਕਦਾ ਹੈ ਕਿ ਇਹ ਸਮਾਜ ਲਈ ਇੱਕ ਰਚਨਾਤਮਕ ਭੂਮਿਕਾ ਨਿਭਾ ਰਹੀਆ ਹਨ। ਪੰਜਾਬ, ਦੇਸ਼, ਵਿਦੇਸ਼ ਵਿੱਚ ਇੱਕ ਤਰ੍ਹਾਂ ਦੀ ਇਹ ਵੀ ਸਮਾਜ ਸੇਵਾ ਹੈ।

**- ਸੰਤੋਖ ਸਿੰਘ ਜੱਸੀ**
**91-70876-19800**

## ਜਦੋਂ ਝੁੱਗੀਆ ਦੇ ਵਿਹੜੇ ਵਿੱਚ ਸੀ ਅੰਬਰੋ ਉੱਤਰਿਆ ਸੂਰਜ

# ਤਾਂ ਮੂੰਹ ਵਿੱਚ ਉਂਗਲਾਂ ਪਾ ਕੇ ਚਵਾਰੇ ਦੇਖ ਦੇ ਰਹਿ ਗਏ

**ਭਾਰਤੀ ਫੁੱਟਬਾਲ ਟੀਮ ਦੀ ਇੱਕਲੋਤੀ ਪੰਜਾਬੀ ਖਿਡਾਰਨ ਮਨੀਸ਼ਾ ਮੁੱਗੋਵਾਲ**

ਭਾਰਤ ਭਰ ਵਿੱਚ ਸਭ ਤੋਂ ਵੱਧ ਪੜ੍ਹਿਆ ਲਿਖਿਆ ਮੰਨਿਆ ਗਿਆ ਜ਼ਿਲ੍ਹਾਂ ਹੁਸ਼ਿਆਰਪੁਰ ਹੈ।ਜਦੋਂ ਖੇਡਾ ਦੀ ਗੱਲ ਆਉਂਦੀ ਹੈ ਤਾਂ ਇੱਕ ਤਰ੍ਹਾਂ ਫੁੱਟਬਾਲ ਮਾਹਿਲਪੁਰ ਇਲਾਕੇ ਦਾ ਘਰ ਮੰਨਿਆ ਗਿਆ ਹੈ। ਕੌਮੀ ਤੇ ਕੌਮਾਤਰੀ ਪੱਧਰ ਤੇ ਫੁੱਟਬਾਲ ਦੇ ਖੇਤਰ ਵਿੱਚ ਇਸ ਇਲਾਕੇ ਦੀਆਂ ਬੜੀਆ ਵੱਡੀਆ ਪ੍ਰਾਪਤੀਆ ਦਾ ਇੱਕ ਇਤਿਹਾਸ ਹੈ। ਇਸ ਜ਼ਿਲ੍ਹੇ ਦੀ ਸਬ ਤਹਿਸੀਲ ਮਾਹਿਲਪੁਰ ਦੇ ਪਿੰਡ ਮੁੱਗੋਵਾਲ ਦੀ ਮਨੀਸ਼ਾ ਨਾਮ ਦੀ ਲੜਕੀ ਜਿਹੜੀ ਕਿ ਭਾਰਤੀ ਫੁੱਟਬਾਲ ਟੀਮ ਦੀ ਮੈਂਬਰ ਹੈ ਅਤੇ ਟੀਮ ਵਿੱਚ ਇੱਕਲੋਤੀ ਇੱਕੋ ਪੰਜਾਬਣ ਖਿਡਾਰਨ ਦਾ ਉਸਨੂੰ ਮਾਣ ਹੈ।




**ਖੇਡ ਇਤਿਹਾਸ ਇੱਕ ਵੱਖਰੀ ਮਿਸਾਲ!**
ਮਨੀਸ਼ਾ ਦੇ ਨਾਮ ਵਾਲੇ ਕਲੰਡਰ ਜਿਹੜੇ ਇਗਲੈਂਡ ਵਸਦੇ ਤੇਜਾ ਸਿੰਘ ਯੂ.ਕੇ ਵਲੋਂ ਹਰ ਸਾਲ ਇਲਾਕੇ ਭਰ ਵਿੱਚ ਲਗਾਏ ਜਾਂਦੇ ਹਨ ਦੀ ਇੱਕ ਤਸਵੀਰ।



**ਸੰਤੋਖ ਸਿੰਘ ਜੱਸੀ**
**91-70876–19800**

27 ਨਵੰਬਰ 2001 ਨੂੰ ਆਪਣੇ ਨਾਨਕੇ ਨੰਗਲ (ਰੋਪੜ) 'ਚ ਪੈਦਾ ਹੋਈ ਮਨੀਸ਼ਾ 4 ਭੈਣਾ ਹਨ। ਪਿਤਾ ਨਰਿੰਦਰ ਪਾਲ ਐਕਸੀਡੈਂਟ ਦੀ ਵਜ੍ਹਾ ਕਾਰਨ ਕੰਮ ਕਰਨ ਤੋਂ ਅਸਮਰਥ ਹਨ। ਮਾਤਾ ਰਾਜ ਕੁਮਾਰੀ ਘਰੇਲੂ ਸੁਆਣੀ ਹੈ। ਭੈਣਾ ਦੇ ਕੰਮ ਕਰਨ ਕਰਕੇ ਹੀ ਘਰਦਾ ਗੁਜ਼ਾਰਾ ਚੱਲਦਾ ਹੈ। ਘਰ ਦੀ ਹਾਲਤ ਤਰਸਯੋਗ ਹੈ।ਭਾਰਤੀ ਜਾਤ-ਪਾਤ ਦੀ ਵਿਵਸਥਾ ਮੁਤਾਬਿਕ ਹਾਸ਼ੀਏ ਤੇ ਕੀਤੇ ਤੇ ਸਦੀਆ ਤੋਂ ਦਬਾਏ ਹੋਏ ਵਰਗ ਦੀ ਵਾਲਮਿਕ ਭਾਈਚਾਰੇ 'ਚ ਪੈਦਾ ਹੋਣ ਵਾਲੀ ਇਸ ਹੋਣਹਾਰ ਖਿਡਾਰਨ ਦੇ ਹੌਸਲੇ ਬੁੰਲਦ ਹਨ। 'ਜੇ ਮੈਂ ਮਾੜੇ ਘਰ ਜੰਮਿਆ ਤਾਂ ਮੇਰਾ ਕੀ ਕਸੂਰ ਐ' ਪਰ ਇਸ ਸਭ ਕੁੱਝ ਦੇ ਬਾਵਜੂਦ ਮਨੀਸ਼ਾ ਨੇ ਇਹਨਾ ਸਾਰੀਆਂ ਦੁਸ਼ਵਾਰੀਆਂ ਤੇ ਸਮੱਸਿਆਵਾ, ਜਾਤੀ ਅਪਮਾਨਾ ਨੂੰ ਸਹਿ ਕੇ ਅੱਗੇ ਵੱਧਣ ਲਈ ਅਣਥੱਕ ਕੋਸ਼ਿਸ਼ਾਂ ਕਰਦੀ ਹੋਈ ਚੜ੍ਹਦੀਕਲਾ ਵਿੱਚ ਹੈ। ਇੱਥੇ ਰਾਮ ਸਰੂਪ ਅਣਖੀ ਦੀਆ ਲਾਇਨਾਂ ਜ਼ਿਕਰਯੋਗ ਹਨ-

ਖੁੱਲ੍ਹ ਉਡਾਰੀ ਲਾਵਣ ਦੇ ਲਈ, ਅੰਬਰੀ ਖੌਲ ਪੈਦਾ ਕਰ।
ਬਦਲ ਜਾਏ ਦੁਨੀਆਂ ਦਾ ਨਕਸ਼ਾ,
ਕੋਈ ਮਾਹੌਲ ਪੈਦਾ ਕਰ,
ਫੁੱਲ ਪੱਤਰਾਂ ਦੀ ਛਾਵੇਂ ਬਹਿ ਕੇ ,
ਜ਼ਿੰਦਗੀ ਮਾਣਨ ਕੰਡੇ ਕੰਬ ਕੰਬ ਬੋਲਣ ਚੁੱਪਾਂ ਆਪੇ,
ਅਜਿਹਾ ਹੌਲ ਪੈਦਾ ਕਰ।

ਮਨੀਸ਼ਾ ਉਮਰ ਪੱਖੋ ਭਾਵੇ ਅਜੇ 20 ਕੁ ਸਾਲਾਂ ਦੀ ਹੈ ਪਰ ਉਸਦੀਆਂ ਪ੍ਰਾਪਤੀਆ ਪੜ੍ਹਾਈ ਦੇ ਨਾਲ-ਨਾਲ ਖੇਡ ਜਗਤ ਵਿੱਚ ਵੀ ਤਾਰਿਆ ਵਾਂਗ ਚਮਕ ਰਹੀਆ ਹਨ। ਇਤਿਹਾਸ ਵਿੱਚ ਬਹੁਤ ਲੜਕੀਆਂ ਹਨ ਜਿਹਨਾਂ ਨੇ ਨਾ ਸਿਰਫ ਆਪਣੇ ਅਖਾਂਹ ਹੌਸਲੇ ਦੇ ਦਮ ਤੇ ਖੁਦ ਨੂੰ ਮੁਸ਼ਕਿਲਾਂ ਤੋਂ ਪਾਰ ਲੰਘਾਇਆ ਬਲਕਿ ਇਤਿਹਾਸ ਰਚ ਦਿੱਤਾ।ਮਨੀਸ਼ਾ ਸ਼ਾਇਦ ਫੁੱਟਬਾਲ ਦੇ ਇਤਿਹਾਸ ਦੀ ਪਹਿਲੀ ਖਿਡਾਰਨ ਹੈ ਜਿਹੜੀ ਲੜਕਿਆ ਦੀ ਸੀਨੀਅਰ ਟੀਮ ਵਿੱਚ ਵੀ ਖੇਡ ਚੁੱਕੀ ਹੈ ਤੇ ਟੀਮ ਨੂੰ ਜੇਤੂ ਬਣਾ ਚੁੱਕੀ ਹੈ।

ਭਾਰਤ ਹੀ ਨਹੀਂ ਸਗੋਂ ਸਾਊਥ ਇੰਡੀਆ, ਭੂਟਾਨ, ਥਾਈਲੈਂਡ, ਹਾਂਗ ਕਾਂਗ, ਇੰਡੋਨੇਸ਼ੀਆ, ਤੁਰਕੀ (ਦੋ ਵਾਰ), ਨੇਪਾਲ, ਉਬਜੇਕਸਤਾਨ, ਵੀਤਨਾਮ, ਸਪੇਨ ਤੋਂ ਇਲਾਵਾ ਚੇਨੱਈ ਦੀਆਂ ਵੱਖ-ਵੱਖ ਕਲੱਬਾ ਅਤੇ ਲੀਗਾ, ਵੱਖ-ਵੱਖ ਟੂਰਨਾਮੈਂਟ ਵਿੱਚ ਮੈਚ ਖੇਡ ਚੁੱਕੀ ਹੈ ਅਤੇ ਟੀਮ ਨੇ ਗੋਲਡ ਮੈਡਲ ਅਤੇ ਹੋਰ ਇਨਾਮ ਵੱਖ-ਵੱਖ ਦੇਸ਼ਾਂ ਤੋਂ ਪ੍ਰਾਪਤ ਕੀਤੇ ਹਨ। ਮਨੀਸ਼ਾ ਨੇ ਅੱਠਵੀ ਕਲਾਸ ਤੋਂ ਪਿੰਡ ਦੇ ਸਰਕਾਰੀ ਮਿਡਲ ਸਕੂਲ ਦੇ ਪੀ.ਟੀ ਮਾਸਟਰ ਸ਼੍ਰੀ ਬ੍ਰਹਮਜੀਤ ਦੀ ਪ੍ਰੇਰਨਾ ਨਾਲ ਫੁੱਟਬਾਲ ਖੇਡਣਾ ਸ਼ੁਰੂ ਕੀਤਾ। ਉਪੰਰਤ ਨੌਵੀ ਅਤੇ ਮੈਟ੍ਰਿਕ ਦੀ ਪ੍ਰੀਖਿਆ ਪਾਲਦੀ ਤੋਂ ਕੀਤੀ। ਅੱਜ ਕੱਲ੍ਹ ਬੀ.ਏ ਭਾਗ ਦੂਜਾ ਦੀ ਪੜ੍ਹਾਈ ਚੰਡੀਗੜ੍ਹ ਦੇ ਕਾਲਜ ਵਿੱਚ ਕਰ ਰਹੀ ਹੈ।

ਮਨੀਸ਼ਾ ਦੀਆਂ ਇਹਨਾਂ ਪ੍ਰਾਪਤੀਆ ਅਤੇ ਸਰਵੋਤਮ ਪ੍ਰਦਰਸ਼ਨ ਕਾਰਨ ਆਲ ਇੰਡੀਆ ਫੁੱਟਬਾਲ ਫੈਡਰੇਸ਼ਨ ਵਲੋਂ 'ਉੱਭਰਦਾ ਸਿਤਾਰਾ ਅਵਾਰਡ 2020-21 ਦਿੱਤਾ ਜਾ ਰਿਹਾ ਹੈ। ਪਿੰਡ ਦੇ ਲੋਕ, ਖਿਡਾਰੀ, ਪੰਚਾਇਤ ਅਤੇ ਇਲਾਕੇ ਭਰ ਦੇ ਖੇਡ ਪ੍ਰੇਮੀ ਜਿੱਥੇ ਮਨੀਸ਼ਾ ਦੀਆ ਪ੍ਰਾਪਤੀਆਂ ਤੇ ਫਖ਼ਰ ਮਹਿਸੂਸ ਕਰਦੇ ਹਨ।ਉੱਥੇ ਪਿੰਡ ਦੇ ਹੀ ਸਰਦਾਰ ਤੇਜਾ ਸਿੰਘ ਯੂ.ਕੇ ਵਲੋਂ ਮਨੀਸ਼ਾ ਦੀ ਤਸਵੀਰ ਵਾਲੇ ਨਵੇਂ ਸਾਲ ਤੇ ਹਰ ਸਾਲ ਕੈਲੰਡਰ ਛਪਵਾ ਕੇ ਇਲਾਕੇ ਭਰ ਵਿੱਚ ਖੁਦ ਲਗਵਾਉਂਦੇ ਹਨ। ਅਜਿਹਾ ਮਾਣ ਵੀ ਸ਼ਾਇਦ ਇਤਿਹਾਸ ਵਿੱਚ ਖਾਸ ਕਰੇ ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਹੋਇਆ।

ਮਨੀਸ਼ਾ ਨੇ ਭਵਿੱਖ ਦੀਆ ਯੋਜਨਾਵਾ ਅਤੇ ਆਪਣੇ ਵਿਚਾਰ ਪ੍ਰਗਟ ਕਰਦਿਆ ਕਿਹਾ ਕਿ ਮਾਪਿਆ ਨੂੰ ਪੁੱਤਰਾਂ ਵਾਂਗ ਧੀਆਂ ਨੂੰ ਵੀ ਅੱਗੇ ਵਧਣ ਲਈ ਵੱਧ ਤੋਂ ਵੱਧ ਮੌਕੇ ਦੇਣੇ ਚਾਹੀਦੇ ਹਨ ਅਤੇ ਲੜਕੀਆਂ ਨੂੰ ਆਪਣੇ ਆਪ ਵਿੱਚ ਵਿਸ਼ਵਾਸ ਰੱਖ ਕੇ ਅੱਗੇ ਵੱਧਣਾ ਚਾਹੀਦਾ ਹੈ।ਮਨੀਸ਼ਾ ਦਾ ਕਹਿਣਾ ਹੈ ਕਿ ਉਹ ਭਾਰਤ ਦੀ ਫੁੱਟਬਾਲ ਟੀਮ ਨੂੰ ਫੀਫਾ ਵਰਲਡ ਕੱਪ ਜੋ 2023 ਨੂੰ ਅਸਟ੍ਰੇਲੀਆ ਵਿੱਚ ਹੋ ਰਿਹਾ ਹੈ ਵਿੱਚ ਖੇਡਦੀ ਦੇਖਣਾ ਚਾਹੁੰਦੀ ਹੈ। ਕਿਉਂਕਿ ਜੇ ਖੇਡਾਗੇ ਤਾਂ ਇੱਕ ਦਿਨ ਜਿੱਤਾਗੇ ਵੀ ਜਰੂਰ।

ਨੌਜਵਾਨ ਪੀੜ੍ਹੀ ਦਾ ਧਿਆਨ ਖੇਡਾ ਵੱਲ ਲਗਾ ਦਿੱਤਾ ਜਾਵੇ ਤੇ ਉਹਨਾਂ ਨੂੰ ਪੂਰਨ ਖੇਡ ਸਮੱਗਰੀ ਮਹੁੱਈਆ ਕਰਵਾਈ ਜਾਵੇ ਅਤੇ ਉਹਨਾਂ ਦੀ ਆਰਥਿਕ ਮਦਦ ਕੀਤੀ ਜਾਵੇ ਤਾਂ ਉਹ ਵੱਡੇ ਤੋਂ ਵੱਡੇ ਮਾਨ ਸਨਮਾਨ ਲਈ ਹੋਰ ਵੀ ਦਿਨ ਰਾਤ ਮਿਹਨਤ ਕਰ ਸਕਣਗੇ ਅਤੇ ਨੌਜਵਾਨ ਪੀੜ੍ਹੀ ਨੂੰ ਨਸ਼ਿਆ ਅਤੇ ਭੈੜੀਆ ਇਲਾਮਤਾ ਤੋਂ ਬਚਾਇਆ ਜਾ ਸਕਦਾ ਹੈ। ਇਸ ਲਈ ਸਰਕਾਰਾ, ਦਾਨੀ ਸੱਜਣਾ, ਸਮਾਜ ਸੇਵਕਾ ਅਤੇ ਮਾਨਵਤਾ ਦੀ ਭਲਾਈ ਲਈ ਦੇਸ਼ ਵਿਦੇਸ਼ ਵਿੱਚ ਸੇਵਾਵਾ ਦੇ ਰਹੀਆ ਸੰਸਥਾਵਾ ਨੂੰ ਅਜਿਹੇ ਹੋਣਹਾਰ ਖਿਡਾਰੀਆ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ। ਜਿਸ ਦੇ ਨਤੀਜੇ ਜਿੱਥੇ ਸ਼ਾਨਦਾਰ ਹੋਣਗੇ ਉੱਥੇ ਦੇਸ਼, ਕੌਮ ਦੇ ਨਾਮ ਨੂੰ ਚਾਰ ਚੰਦ ਲੱਗਣਗੇ।

***ਮਨੀਸ਼ਾ ਦਾ ਖੇਡ ਪ੍ਰਤੀ ਜਨੂਨ ਤੇ ਸਮਰਪਿਤ ਭਾਵਨਾ ਦੇਖ ਕੇ ਇਹ ਕਿਹਾ ਜਾ ਸਕਦਾ ਹੈ ਕਿ ਉਹ ਭਵਿੱਖ ਦੀ ਉਲੰਪਿਕ ਖਿਡਾਰਨ ਬਣ ਸਕਦੀ ਹੈ।***



ਫੁੱਟਬਾਲ ਖਿਡਾਰਨ ਮਨੀਸ਼ਾ ਆਪਣੇ ਪਿਤਾ ਨਰਿੰਦਰ ਪਾਲ ਅਤੇ ਮਾਤਾ ਰਾਜ ਕੁਮਾਰੀ



ਇੱਕ ਮੈਚ ਦੌਰਾਨ ਮਨੀਸ਼ਾ ਟੀਮ ਨੂੰ ਜੇਤੂ ਬਣਾਉਣ ਲਈ ਵਿਰੋਧੀ ਖਿਡਾਰਨ ਸੰਘਰਸ਼ ਕਰਦੀ ਹੋਈ।

# ਦੇਸ਼ ਭਗਤ ਅਤੇ ਆਦਿ ਧਰਮ ਲਹਿਰ ਦੇ ਮੋਢੀ ਬਾਬੂ ਮੰਗੂ ਰਾਮ ਦਾ ਪਿੰਡ ਹੈ ਮੁੱਗੋਵਾਲ



ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਜੀ ਦਾ ਜਨਮ 14 ਜਨਵਰੀ 1886 ਨੂੰ ਹੋਇਆ। ਬਾਬੂ ਮੰਗੂ ਰਾਮ ਜੀ ਚੌਧਰੀ ਦੇ ਨਾਮ ਨਾਲ ਮਸ਼ਹੂਰ ਇੱਕ ਭਾਰਤੀ ਸੁਤੰਤਰਤਾ ਸੰਗਰਾਮੀ, ਪੰਜਾਬ ਦੇ ਇੱਕ ਰਾਜਨੇਤਾ ਅਤੇ ਗਦਰ ਪਾਰਟੀ ਦੇ ਮੁਢਲੇ ਸਰਗਰਮ ਮੈਂਬਰਾਂ ਵਿੱਚੋਂ ਇੱਕ ਸਨ।

ਬਾਬੂ ਮੰਗੂ ਰਾਮ ਨੇ ਅਮਰੀਕਾ ਤੋਂ ਵਾਪਸ ਪੰਜਾਬ ਆ ਕੇ ਪਿੰਡ-ਪਿੰਡ ਜਾ ਕੇ ਆਤਮ ਸਨਮਾਨ ਲਈ ਜਹਾਦ ਖੜ੍ਹਾ ਕੀਤਾ ਕਿ "ਅਸੀਂ ਦੋਹਰੇ ਗੁਲਾਮ ਹਾਂ।" ਗੁਲਾਮੀ ਤੋਂ ਛੁਟਕਾਰੇ ਲਈ ਬਾਬੂ ਜੀ ਨੇ ਪੱਛੜੀਆਂ ਸ਼੍ਰੇਣੀਆਂ ਦੀ 11-12 ਜੂਨ 1926 ਨੂੰ ਪਿੰਡ ਮੁੱਗੋਵਾਲ ਵਿਖੇ ਦੋ ਰੋਜਾ ਕਾਨਫਰੰਸ ਦਾ ਆਯੋਜਨ ਕੀਤਾ, ਜੋ ਇਕ ਸੁਨਹਿਰੀ ਇਤਿਹਾਸ ਵਜੋਂ ਜਾਣੀ ਜਾਂਦੀ ਹੈ। 1932 ਵਿਚ ਪੂਨਾ ਪੈਕਟ ਅਨੁਸਾਰ ਮਿਲੀਆਂ 8 ਰਿਜ਼ਰਵ ਸੀਟਾਂ ਵਿਚੋਂ ਆਦਿ ਧਰਮ ਮੰਡਲ ਨੇ ਸਾਲ 1937 ਦੀ ਪਹਿਲੀ ਚੋਣ ਵਿੱਚ 7 ਐਮ.ਐਲ.ਏ ਬਣਾਏ।

# ਸ਼ਹੀਦ ਸੁੱਖਾ ਸਿੰਘ- ਮਹਿਤਾਬ ਸਿੰਘ (11 ਅਗਸਤ 1740)



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਭਾਈ ਮਨੀ ਸਿੰਘ ਜੀ ਦੀ ਸ਼ਹੀਦੀ ਤੋਂ ਬਾਅਦ ਮੁਗਲਾਂ ਨੇ ਸਿੰਘਾਂ ਤੇ ਤਸ਼ੱਦਦ ਦੀ ਇਕ ਮੁਹਿੰਮ ਹੀ ਚਲਾ ਦਿੱਤੀ। ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਨ ਦੇ ਖ਼ੂਨੀ ਇਰਾਦੇ ਨੇ ਸਿੰਘਾਂ ਨੂੰ ਮੁਕਾਉਣ ਦਾ ਐਲਾਨ ਕਰ ਦਿੱਤਾ। ਸਿੰਘ ਇਹਨਾਂ ਜ਼ੁਲਮਾਂ ਤੋਂ ਬਚਣ ਲਈ ਲੱਖੀ ਜੰਗਲ, ਰਾਜਪੂਤਾਨੇ ਦੇ ਰੇਗਿਸਤਾਨ ਅਤੇ ਕਾਹਨੂੰਵਾਨ ਦੇ ਛੰਬ ਵਿਚ ਚਲੇ ਗਏ। ਹਕੂਮਤ ਨੇ ਹਰਿਮੰਦਰ ਸਾਹਿਬ 'ਤੇ ਕਬਜ਼ਾ ਕਰਕੇ ਮੰਡਿਆਲੀ ਦੇ ਚੌਧਰੀ 'ਮੱਸਾ ਰੰਘੜ' ਨੂੰ ਸੌਂਪ ਦਿੱਤਾ। ਹਕੂਮਤ ਦੀ ਸ਼ਹਿ ਤੇ ਉਸ ਭ੍ਰਿਸ਼ਟ ਨੇ ਗੁਰਮਰਿਆਦਾ ਨੂੰ ਪਰੇ ਕਰ ਆਪਣੀਆਂ ਭ੍ਰਿਸ਼ਟ ਮਨਮਾਨੀਆਂ ਸ਼ੁਰੂ ਕਰ ਦਿੱਤੀਆਂ ਕਿ ਹਰਿਮੰਦਰ ਸਾਹਿਬ ਵਿਚ ਹੁੱਕਾ ਪੀਣਾ, ਵੇਸ਼ਵਾਵਾਂ ਦੇ ਨਾਚ ਕਰਵਾਉਣਾ, ਸ਼ਰਾਬ ਦੀਆਂ ਮਜਲਿਸਾਂ ਸਜਣ ਲੱਗੀਆਂ।

ਸਿੱਖਾਂ ਵਿਚ ਗੁੱਸੇ ਦੀ ਲਹਿਰ ਦੌੜ ਪਈ। ਪਿੰਡ ਕੰਗ ਦੇ ਭਾਈ ਬਲਾਕਾ ਸਿੰਘ ਨੇ ਹਰਿਮੰਦਰ ਸਾਹਿਬ ਦੀ ਹੋ ਰਹੀ ਬੇਅਦਬੀ ਦੀ ਖਬਰ ਬੀਕਾਨੇਰ ਦੇ ਰੇਗਿਸਤਾਨ ਵਿਚ ਵੱਸੇ ਸਿੰਘਾਂ ਨੂੰ ਜਾ ਦਿੱਤੀ। ਇਸ 'ਤੇ ਸਿੰਘਾਂ ਦਾ ਖ਼ੂਨ ਖੋਲ੍ਹਣ ਲੱਗਾ ਕਿ ਸਿਰ ਵਾਰ ਕੇ ਵੀ ਧਰਮ ਦੀ ਰਾਖੀ ਕੀਤੀ ਜਾਵੇ। ਜਥੇਦਾਰ ਬੁੱਢਾ ਸਿੰਘ ਜੀ ਨੇ ਕਿਹਾ ਕਿ ਜਿਹੜਾ ਮੱਸਾ ਰੰਘੜ ਦਾ ਸਿਰ ਵੱਢ ਕੇ ਲਿਆਵੇਗਾ, ਉਹ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੇਗਾ। ਇਹ ਵੰਗਾਰ ਸੁਣ ਕੇ ਦੀਵਾਨ ਵਿਚੋਂ ਪਿੰਡ 'ਮਾੜੀ ਕੰਬੋਕੀ' ਦੇ ਭਾਈ ਸੁੱਖਾ ਸਿੰਘ ਤੇ ਮੀਰਾਂਕੋਟ ਦੇ ਭਾਈ ਮਹਿਤਾਬ ਸਿੰਘ ਨੇ ਕਿਹਾ ਕਿ ਸਾਡੇ ਚੰਗੇ ਭਾਗ ਹੋਣਗੇ ਕਿ ਅਸੀਂ 'ਮੱਸਾ ਰੰਗੜ' ਦਸ ਸਿਰ ਵੱਢ ਕੇ ਭੇਂਟ ਕਰੀਏ। ਇਸ ਵਿਚ ਭਾਵੇਂ ਸਾਨੂੰ ਸ਼ਹੀਦ ਹੀ ਕਿਉਂ ਨਾ ਹੋਣਾ ਪਵੇ।

ਅਰਦਾਸਾ ਸੋਧ ਕੇ ਦੋਵੇਂ ਸੂਰਬੀਰ ਭਾਈ ਸੁੱਖਾ ਸਿੰਘ ਤੇ ਭਾਈ ਮਹਿਤਾਬ ਸਿੰਘ ਚੌਧਰੀਆਂ ਦਾ ਭੇਸ ਵਟਾ ਕੇ ਘੋੜਿਆਂ ਤੇ ਸਵਾਰ ਹੋ ਕੇ ਦੁਸ਼ਟ ਮੱਸਾ ਰੰਗੜ ਨੂੰ ਖਤਮ ਕਰਨ ਲਈ ਚੱਲ ਪਏ। ਰਸਤੇ ਵਿਚ ਉਹਨਾਂ ਇਕ ਖੂਹ 'ਤੇ ਟਿਕਾਣਾ ਕੀਤਾ। ਉਹ ਸਲਾਹ ਕਰਨ ਲੱਗੇ ਕਿ ਇਹ ਉਪਰਾਲਾ ਕਿਵੇਂ ਕੀਤਾ ਜਾਵੇ। ਉਹਨਾਂ ਨੇ ਨੇੜਲੇ ਘੁੰਮਿਆਰ ਦੇ ਆਵੇ ਤੋਂ ਘੜੇ ਖਰੀਦ ਕੇ ਉਹਨਾਂ ਨੂੰ ਭੰਨ ਕੇ ਠੀਕਰੀਆਂ ਬਣਾ ਲਈਆਂ। ਠੀਕਰੀਆਂ ਥੈਲੀਆਂ ਵਿਚ ਪਾ ਲਈਆਂ ਕਿ ਉਹਨਾਂ ਦੀ ਟੁਨਕਾਰ ਤੋਂ ਮੋਹਰਾਂ ਜਾਪਣਗੀਆਂ। ਰਾਤ ਆਰਾਮ ਕੀਤਾ, ਸਵੇਰ ਹੁੰਦਿਆਂ ਹੀ ਥੈਲੀਆਂ ਲੈ ਕੇ ਘੋੜਿਆਂ 'ਤੇ ਸਵਾਰ ਹੋ ਕੇ ਅੰਮ੍ਰਿਤਸਰ ਵੱਲ ਚੱਲ ਪਏ।

ਪਹਿਰਾਵੇ ਤੋਂ ਉਹ ਕਿਸੇ ਪਿੰਡ ਦੇ ਵੱਡੇ ਚੌਧਰੀ ਜਾਪਦੇ ਸਨ। ਦੁਪਹਿਰ ਵੇਲੇ ਮੁਗਲ ਫੌਜ ਦਾ ਆਰਾਮ ਦਾ ਵੇਲਾ ਸੀ। ਉਹ ਘੋੜਿਆਂ ਸਮੇਤ ਪ੍ਰਕਰਮਾ ਵਿਚ ਪਹੁੰਚ ਗਏ। ਪਹਿਰੇਦਾਰਾਂ ਸਮਝਿਆ ਕਿ ਇਹ ਕੋਈ ਚੌਧਰੀ ਹਨ ਜੋ ਮਾਮਲਾ ਤਾਰਨ ਆਏ ਹੋਣਗੇ। ਬਿਨਾਂ ਕਿਸੇ ਰੁਕਾਵਟ ਦੇ ਘੋੜਿਆਂ ਨੂੰ ਲਾਚੀਬੇਰ ਨਾਲ ਬੰਨ੍ਹਿਆ। ਹੱਥ ਵਿਚ ਕਿਰਪਾਨਾਂ ਤੇ ਮੋਢੇ ਤੇ ਥੈਲੀਆਂ ਲੈ ਕੇ ਹਰਿਮੰਦਰ ਸਾਹਿਬ ਵੱਲ ਵਧ ਪਏ।

ਮੱਸਾ ਰੰਗੜ ਪਲੰਗ ਤੇ ਬੈਠਾ ਹੁੱਕਾ ਪੀ ਰਿਹਾ ਸੀ। ਵੇਸ਼ਵਾ ਦਾ ਨਾਚ ਹੋ ਰਿਹਾ ਸੀ। ਸ਼ਰਾਬ ਦਾ ਦੌਰ ਚੱਲ ਰਿਹਾ ਸੀ। ਹਕੂਮਤ ਨੂੰ ਖੁਸ਼ ਕਰਨ ਲਈ ਇਹ ਉਸ ਦਾ ਨਿੱਤ ਦਾ ਹੀ ਕੰਮ ਸੀ। ਦੋਵੇਂ ਸਿੰਘ ਕਚੀਚੀ ਵੱਟ ਮੱਸਾ ਰੰਗੜ ਨੂੰ ਜਾ ਮਿ। ਭਾਈ ਸੁੱਖਾ ਸਿੰਘ ਨੇ ਕਿਹਾ ਕਿ ਬੜੇ ਚਿਰ ਦਾ ਹਿਸਾਬ ਬਕਾਇਆ ਸੀ, ਚੁਕਾਉਣ ਆਏ ਹਾਂ। ਸਿੰਘ ਨੇ ਥੈਲੀਆਂ ਪਲੰਗ ਹੇਠ ਵਗਾਹ ਮਾਰੀਆਂ। ਮੱਸਾ ਰੰਗੜ ਨੇ ਜਦ ਹੀ ਥੈਲੀਆਂ ਚੁੱਕਣ ਲਈ ਸਿਰ ਝੁਕਾਇਆ ਤਾਂ ਮਹਿਤਾਬ ਸਿੰਘ ਨੇ ਬੜੀ ਫੁਰਤੀ ਨਾਲ ਕਿਰਪਾਨ ਕੱਢ ਕੇ ਮੱਸਾ ਰੰਗੜ ਦਾ ਸਿਰ ਵੱਢ ਲਿਆ। ਜੁੜੀ ਭੀੜ ਵਿਚ ਘਬਰਾਹਟ ਫੈਲ ਗਈ, ਕਿਸੇ ਨੂੰ ਸਮਝ ਆਉਣ ਤੋਂ ਪਹਿਲਾਂ ਹੀ ਸਿਰ ਨੂੰ ਸੰਭਾਲ ਕੇ ਦੋਹਾਂ ਨੇ ਲਾਚੀ ਬੇਰ ਨਾਲ ਬੱਧੇ ਘੋੜਿਆਂ ਕੋਲ ਆ ਕੇ ਸਿਰ ਨੂੰ ਨੇਜ਼ੇ ਤੇ ਟੰਗ ਲਿਆ। ਬਿਜਲੀ ਵਾਂਗ ਘੋੜੇ ਦੁੜਾ ਕੇ ਪ੍ਰਕਰਮਾ ਤੋਂ ਬਾਹਰ ਆ ਗਏ। ਉਹਨਾਂ ਨੇ ਮੱਸਾ ਰੰਗੜ ਦੇ ਪਾਪਾਂ ਦਾ ਮਹਿਲ ਢਾਹ ਦਿੱਤਾ ਸੀ।



ਬੀਕਾਨੇ'ਰ ਪਹੁੰਚ ਕੇ ਸਜੇ ਦੀਵਾਨ ਵਿਚ ਸੰਗਤਾਂ ਦੀ ਹਾਜ਼ਰੀ ਵਿਚ ਮੱਸਾ ਰੰਗੜ ਦਾ ਸਿਰ ਜਥੇਦਾਰ ਨੂੰ ਭੇਂਟ ਕੀਤਾ। ਸੰਗਤਾਂ ਨੇ ਜੈਕਾਰੇ ਬੋਲ ਕੇ ਜੋਸ਼ ਦਾ ਇਜਹਾਰ ਕੀਤਾ। ਮੁਗਲ ਸਰਕਾਰ ਲਈ ਇਹ ਬੜੀ ਸ਼ਰਮ ਦੀ ਗੱਲ ਸੀ। ਭਾਈ ਸੁੱਖਾ ਸਿੰਘ ਅਤੇ ਮਹਿਤਾਬ ਸਿੰਘ ਨੇ ਦਰਸਾ ਦਿੱਤਾ ਕਿ ਗੁਰ ਅਸਥਾਨ ਸਿੱਖਾਂ ਨੂੰ ਆਪਣੀ ਜਾਨ ਤੋਂ ਵੀ ਵੱਧ ਪਿਆਰੇ ਹਨ। ਉਹ ਮਰ ਕੇ ਵੀ ਜਿਉਂਦੇ ਹਨ, ਜਿਹੜੇ ਧਰਮ ਲਈ ਮਰ ਮਿਟਦੇ ਹਨ। ਗੁਰੂ ਦੇ ਰਾਹ 'ਤੇ ਚਲਦਿਆਂ ਸੀਸ ਵਾਰ ਕੇ ਜਿਊਣ ਮਰਨ ਸਫਲ ਕਰ ਲੈਂਦੇ ਹਨ।

### ਦੋਵੇਂ ਸੂਰਬੀਰਾਂ ਦਾ ਸੰਖੇਪ ਜੀਵਨ

### ਭਾਈ ਸੁੱਖਾ ਸਿੰਘ

ਭਾਈ ਸੁੱਖਾ ਸਿੰਘ ਦਾ ਜਨਮ ਇਕ ਤਰਖਾਣ ਪਰਿਵਾਰ ਵਿਚ ਪਿਤਾ ਲੱਧਾ ਅਤੇ ਬੀਬੀ ਹਰੋ ਦੇ ਘਰ ਪਿੰਡ ਮਾੜੀ ਕੰਬੋਕੀ ਵਿਖੇ ਹੋਇਆ। ਬਚਪਨ ਤੋਂ ਹੀ ਉਹ ਸਿੱਖੀ ਸੁਭਾਅ ਦੇ ਸਨ ਤੇ ਅੰਮ੍ਰਿਤ ਛਕ ਕੇ ਸਿੰਘ ਸੱਜ ਗਏ ਸਨ। ਸੰਗਤਾਂ ਦੀ ਸੇਵਾ ਖੁਸ਼ੀ ਖੁਸ਼ੀ ਕਰਦੇ ਸਨ। ਬਾਹਰੋਂ ਆਈਆਂ ਸੰਗਤਾਂ ਦੀ ਸੇਵਾ ਵੀ ਅੱਗੇ ਹੋ ਕੇ ਕਰਦੇ ਸਨ। ਸੇਵਾ ਵਾਸਤੇ ਹਮੇਸ਼ਾ ਤਿਆਰ ਬਰ ਤਿਆਰ ਰਹਿੰਦੇ ਸਨ। ਕਦੇ ਵੀ ਥੱਕਦੇ ਨਹੀਂ ਸਨ। ਸਿੱਖਾਂ ਦੀ ਮਦਦ ਕਰਨ ਦੇ ਸ਼ੱਕ ਵਿਚ ਹਾਕਮਾਂ ਨੇ ਉਹਨਾਂ ਨੂੰ ਗ੍ਰਿਫਤਾਰ ਕਰਨਾ ਚਾਹਿਆ। ਜਦ ਪਿੰਡ ਪਹੁੰਚੇ ਤਾਂ ਉਹ ਮਿਲੇ ਨਹੀਂ ਤਾਂ ਬਚ ਗਏ। ਪਰ ਪਰਿਵਾਰ ਵਾਲੇ ਬਹੁਤ ਡਰ ਗਏ ਕਿ ਇਸ ਦੀ ਸਿੱਖੀ ਪਰਿਵਾਰ ਲਈ ਹਮੇਸ਼ਾ ਖਤਰਾ ਹੈ। ਪਰਿਵਾਰ ਨੇ ਭਾਈ ਸਾਹਿਬ ਦੇ ਸ਼ਤਿਆਂ ਦੇ ਕੇਸ ਕਤਲ ਕਰ ਦਿੱਤੇ। ਭਾਈ ਸਾਹਿਬ ਨੇ ਗੁੱਸੇ ਵਿਚ ਆ ਕੇ ਖੂਹ ਵਿਚ ਛਾਲ ਮਾਰ ਦਿੱਤੀ। ਪਾਣੀ ਘੱਟ ਹੋਣ ਕਰਕੇ ਬਚਾਅ ਹੋ ਗਿਆ। ਇਕ ਸਿੰਘ ਨੇ ਵੰਗਾਰਿਆ ਕਿ ਜੇ ਮਰਨਾ ਹੀ ਹੈ ਤਾਂ ਕਿਸੇ ਦੁਸ਼ਮਣ ਦੇ ਸਿਰ ਚੜ੍ਹ ਕੇ ਮਰ।

ਇਸ ਵੰਗਾਰ ਦਾ ਭਾਈ ਸਾਹਿਬ ਦੇ ਦਿਲ 'ਤੇ ਡੂੰਘਾ ਅਸਰ ਹੋਇਆ। ਕੁਝ ਦਿਨਾਂ ਬਾਅਦ ਸਰਦਾਰ ਸ਼ਾਮ ਸਿੰਘ ਦੇ ਜਥੇ ਨਾਲ ਜਾ ਰਲੇ, ਦੁਬਾਰਾ ਅੰਮ੍ਰਿਤ ਛੱਕ ਕੇ ਫਿਰ ਸਿੰਘ ਸੱਜ ਗਏ। ਉਹਨਾਂ ਦੀ ਸ਼ਸ਼ਤਰ ਚਲਾਉਣ ਵਿਚ ਬੜੀ ਮੁਹਾਰਤ ਸੀ। ਪੱਕੇ ਨਿਸ਼ਾਨਚੀ ਸਨ, ਦ੍ਰਿੜ੍ਹ ਅਤੇ ਬਹਾਦਰ ਸਨ।

ਸੰਨ 1739 ਵਿਚ ਨਾਦਰਸ਼ਾਹ ਦਿੱਲੀ ਲੁੱਟ ਕੇ ਪਰਤ ਰਿਹਾ ਸੀ ਤਾਂ ਸਿੰਘਾਂ ਨੇ ਉਸਦੀ ਫੌਜ ਨੂੰ ਹੀ ਲੁੱਟ ਲਿਆ। ਇਸ 'ਤੇ ਲਾਹੌਰ ਦੇ ਸੂਬੇਦਾਰ ਜਕਰੀਆ ਖਾਨ ਨੇ ਸਿੱਖਾਂ 'ਤੇ ਬੜੀ ਸਖਤੀ ਵਧਾ ਦਿੱਤੀ। ਕੋਈ ਵੀ ਸਿੰਘ ਸਰੋਵਰ ਵਿਚ ਇਸ਼ਨਾਨ ਨਹੀਂ ਕਰ ਸਕਦਾ ਸੀ। ਹਰਿਮੰਦਰ ਸਾਹਿਬ ਤੇ ਹਕੂਮਤ ਦਾ ਕਬਜ਼ਾ ਹੋ ਗਿਆ। ਭਾਈ ਸੁੱਖਾ ਸਿੰਘ ਤੇ ਭਾਈ ਮਨੀ ਸਿੰਘ ਜੀ ਦਾ ਭਤੀਜਾ ਥਰਾਜ਼ ਸਿੰਘ ਜਥਾ ਲੈ ਕੇ ਜਥੇ ਦੇ ਸਿੰਘਾਂ ਨੂੰ ਦਰਵਾਜ਼ੇ ਅੱਗੇ ਪਹਿਰੇ ਲਈ ਛੱਡ ਕੇ ਆਪ ਇਸ਼ਨਾਨ ਕਰਕੇ ਫਿਰ ਜਥੇ ਨਾਲ ਆਣ ਰਲੇ। ਕਾਜ਼ੀ ਅਤੇ ਉਸਦੇ ਪੁੱਤਰ ਨੇ ਪਿੱਛਾ ਕੀਤਾ ਜੋ ਸਿੰਘਾਂ ਹੱਥੋਂ ਮਾਰੇ ਗਏ।

1746 ਦੇ ਛੋਟੇ ਘੱਲੂਘਾਰੇ ਵੇਲੇ ਭਾਈ ਸੁੱਖਾ ਸਿੰਘ ਕਾਹਨੂੰਵਾਨ ਦੇ ਛੰਬ ਵਿਚ ਤਾਇਨਾਤ ਸੀ। ਇਕ ਦਿਨ ਭਾਈ ਸੁੱਖਾ ਸਿੰਘ ਨੂੰ ਸੁੱਝੀ ਕੀ ਦੀਵਾਨ ਲਖਪਤ ਰਾਏ 'ਤੇ ਹਮਲਾ ਕੀਤਾ ਜਾਵੇ। ਸਿੰਘਾਂ ਨੇ ਲਖਪਤ ਰਾਏ ਦੀ ਫੌਜ 'ਤੇ ਹੱਲਾ ਬੋਲ ਦਿੱਤਾ। ਭਾਈ ਸੁੱਖਾ ਸਿੰਘ ਨੇ ਲਖਪਤ ਰਾਏ 'ਤੇ ਹਮਲਾ ਕਰਨਾ ਚਾਹਿਆ, ਪਰ ਉਸ ਤੱਕ ਪਹੁੰਚ ਨਾ ਸਕਿਆ। ਇਸ ਖ਼ੂਨੀ ਲੜਾਈ ਵਿਚ ਮੁਗਲਾਂ ਦੇ ਨਾਮੀ ਜਰਨੈਲ ਮਾਰੇ ਗਏ। ਭਾਈ ਸੁੱਖਾ ਸਿੰਘ ਦੀ ਲੱਤ ਟੁੱਟ ਗਈ। ਘੱਲੂਘਾਰੇ ਖਤਮ ਹੋਣ ਤੇ ਜਥਾ ਜੈਤੋ ਪਹੁੰਚ ਕੇ ਲੱਤ ਬਣਵਾਈ।

ਅਹਿਮਦ ਸ਼ਾਹ ਅਬਦਾਲੀ 1747 ਈ: ਵਿਚ ਕੁਝ ਫੌਜ ਲਾਹੌਰ ਛੱਡ ਗਿਆ। ਫੌਜ ਦੀ ਭਾਈ ਸੁੱਖਾ ਸਿੰਘ ਦੇ ਜਥੇ ਨਾਲ ਝੜੱਪ ਹੋ ਗਈ। ਭਾਈ ਸੁੱਖਾ ਸਿੰਘ ਕੱਲੇ-ਕੱਲੇ ਦੀ ਲੜਾਈ ਵਿਚ ਮੈਦਾਨ ਵਿਚ ਨਿੱਤਰਿਆ। ਪਠਾਣ ਨਾਲ ਹੋਈ ਝੜੱਪ ਵਿਚ ਪਠਾਨ ਨੂੰ ਮਾਰ ਮੁਕਾਇਆ। ਸਿੰਘਾਂ ਨੇ ਉਸਨੂੰ ਸ਼ਾਮ ਸਿੰਘ ਦਾ ਘੋੜਾ ਤੋਹਫੇ ਵਿਚ ਭੇਂਟ ਕੀਤਾ।

1752 ਵਿਚ ਅਹਿਮਦਸ਼ਾਹ ਅਬਦਾਲੀ ਦੀ ਫੌਜੀ ਟੁਕੜੀ ਨਾਲ ਜੁਝਦਿਆਂ ਭਾਈ ਸੁੱਖਾ ਸਿੰਘ ਚੜ੍ਹਾਈ ਕਰ ਗਿਆ। ਮੱਸਾ ਰੰਗੜ ਦਾ ਸਿਰ ਵੱਢ ਕੇ ਲਿਆਵੁਣ ਨੇ ਉਸਨੂੰ ਅਮਰ ਕਰ ਦਿੱਤਾ। ਉਹਨਾਂ ਦੀ ਯਾਦ ਵਿਚ ਮਾੜੀ ਕੰਬੋਕੀ ਵਿਖੇ ਤਿੰਨ ਗੁਰਦੁਆਰੇ ਸਥਾਪਤ ਹੋਏ।

### ਭਾਈ ਮਹਿਤਾਬ ਸਿੰਘ

ਭਾਈ ਮਹਿਤਾਬ ਸਿੰਘ ਅੰਮ੍ਰਿਤਸਰ ਤੋਂ 5 ਮੀਲ ਦੂਰ ਪਿੰਡ ਮੀਰਾਂਕੋਟ ਦੇ ਵਸਨੀਕ ਸਨ। ਉਹ ਬੜੇ ਬਹਾਦਰ ਤੇ ਦ੍ਰਿੜ੍ਹ ਇਰਾਦੇ ਵਾਲੇ ਸਨ। ਨਾਦਰ ਸ਼ਾਹ ਦੇ ਹੁਕਮਾਂ ਤੇ ਲਾਹੌਰ ਦੇ ਸੂਬੇਦਾਰ ਜ਼ਕਰੀਆ ਖਾਨ ਨੇ ਜਦੋਂ ਸਿੱਖਾਂ ਨੂੰ ਖਤਮ ਕਰਨ ਦੇ ਖ਼ੂਨੀ ਇਰਾਦੇ ਨਾਲ ਸਿੱਖਾਂ 'ਤੇ ਜ਼ੁਲਮ ਢਾਹੇ ਤਾਂ ਸਿੰਘ ਜੰਗਲਾਂ-ਬੇਲਿਆਂ, ਪਹਾੜਾਂ ਅਤੇ ਰੇਗਿਸਤਾਨਾਂ ਵਿਚ ਵੱਸਣ ਲੱਗੇ। ਭਾਈ ਮਹਿਤਾਬ ਸਿੰਘ ਬੀਕਾਨੇਰ ਦੇ ਰੇਗਿਸਤਾਨ ਵਿਚ ਚਲੇ ਗਏ। ਜਦੋਂ ਉਹਨਾਂ ਮੱਸਾ ਰੰਗੜ ਵੱਲੋਂ ਹਰਿਮੰਦਰ ਸਾਹਿਬ ਦੀ ਬੇਅਦਬੀ ਦੀ ਖਬਰ ਸੁਣੀ ਤਾਂ ਪਿੰਡ ਮਾੜੀ ਕੰਬੋਕੀ ਦੇ ਭਾਈ ਸੁੱਖਾ ਸਿੰਘ ਨਾਲ ਮੱਸਾ ਰੰਗੜ ਦਾ ਸਿਰ 11 ਅਗਸਤ 1740 ਨੂੰ ਲਾਇਆ। ਜਿਸ ਨੇ ਦੋਹਾਂ ਸੂਰਬੀਰਾਂ ਨੂੰ ਅਮਰ ਕਰ ਦਿੱਤਾ। ਮੱਸਾ ਰੰਗੜ ਦੇ ਖਤਮ ਹੋਣ ਦੀ ਖਬਰ ਸੁਣ ਕੇ ਜਕਰੀਆ ਖਾਂ ਤੈਸ਼ ਵਿਚ ਆ ਗਿਆ। ਉਸਨੇ ਸਾਰੇ ਚੌਧਰੀਆਂ ਜਿਵੇਂ ਛੀਨੇ ਦਾ ਕਰਮਾ, ਤਲਵੰਡੀ ਦਾ ਰਾਮਾ ਰੰਧਾਵਾ, ਨੌਸ਼ਿਹਰੇ ਢਾਚੇ ਦਾ ਸਾਹਿਬ ਰਾਏ, ਜੰਡਿਆਲੇ ਦਾ ਹਰਿਭਗਤ, ਨਿਰੰਜਣੀਆਂ ਆਦਿ ਨੂੰ ਸਿੰਘਾਂ ਦੇ ਗ੍ਰਿਫਤਾਰ ਕਰਨ ਦੇ ਹੁਕਮ ਸੁਣਾਏ। ਹਰਿਭਗਤ ਨਿਰੰਜਣੀਆ ਨੇ ਭਾਈ ਸੁੱਖਾ ਸਿੰਘ ਅਤੇ ਮਹਿਤਾਬ ਸਿੰਘ ਦੇ ਨਾਂ ਦੱਸ ਦਿੱਤੇ। ਨੂਰਦੀਨ ਦਾ ਪੁੱਤਰ ਰਾਏ ਸਿੰਘ ਪਿੰਡ ਵਿਚ ਸੀ, ਜਿਸਨੂੰ ਪੰਚ ਨੱਥੇ ਖਹਿਰੇ ਕੋਲ ਨਿਗਰਾਨੀ ਹੇਠ ਰੱਖਿਆ ਸੀ। ਨੱਥਾ ਸਿੰਘ ਕੁਝ ਸਾਥੀਆਂ ਨਾਲ ਘਰ ਦੇ ਪਿਛਲੇ ਰਸਤੇ ਤੋਂ ਲੜਕੇ ਨੂੰ ਲੈ ਕੇ ਪਿੰਡੋਂ ਨਿਕਲ ਗਿਆ। ਫੌਜਦਾਰ ਨੂਰਦੀਨ ਨੇ ਦੂਰ ਜਾ ਕੇ ਉਹਨਾਂ ਨੂੰ ਘੇਰ ਲਿਆ। ਨੱਥਾ ਅਤੇ ਉਸਦੇ ਸਾਥੀ ਮੁਕਾਬਲੇ ਵਿਚ ਮਾਰੇ ਗਏ। ਲੜਕੇ ਨੂੰ ਬੁਰੀ ਤਰ੍ਹਾਂ ਜ਼ਖਮੀ ਹੋਏ ਨੂੰ ਮਾਰਿਆ ਸਮਝ ਕੇ ਛੱਡ ਗਏ। ਬੱਚਾ ਇਕ ਇਸਤਰੀ ਦੇ ਨਜ਼ਰੀਂ ਪਿਆ ਜਿਸ ਨੇ ਉਸਦੀ ਸੰਭਾਲ ਕਰਕੇ ਬਚਾਅ ਲਿਆ। ਭਾਈ ਮਹਿਤਾਬ ਸਿੰਘ ਜਦੋਂ ਬੀਕਾਨੇਰ ਤੋਂ ਆਪਣੇ ਪਰਿਵਾਰ ਨੂੰ ਮਿਲਣ ਆਏ ਤਾਂ ਹਰਿਭਗਤ ਨਿਰੰਜਣੀਏ ਨੇ ਉਹਨਾਂ ਨੂੰ ਗ੍ਰਿਫਤਾਰ ਕਰਵਾ ਕੇ ਲਾਹੌਰ ਭੇਜ ਦਿੱਤਾ। ਮੁਗਲਾਂ ਨੇ ਆਪਣੀ ਨੀਚ ਆਦਤ ਨਾਲ ਇਸਲਾਮ ਕਬੂਲ ਕਰਨ ਲਈ ਕਿਹਾ। ਪਰ ਭਾਈ ਸਾਹਿਬ ਨੇ ਮੌਤ ਕਬੂਲ ਕੀਤੀ। ਭਾਈ ਤਾਰੂ ਸਿੰਘ ਜੀ ਦੇ ਸਾਹਮਣੇ ਭਾਈ ਮਹਿਤਾਬ ਸਿੰਘ ਜੀ ਜੂਨ 1745 ਵਿਚ ਚਰਖੜੀ ਤੇ ਚਾੜ੍ਹ ਕੇ ਸ਼ਹੀਦ ਕਰ ਦਿੱਤੇ ਗਏ।

---

ਜਗਾਈ ਜਾਂਦੇ ਲਾਲਟੈਨਾਂ ਸਿਖਰ ਦੁਪਹਿਰ ਵਿਚ।
ਹੈ ਹਕੂਮਤ ਕਾਣਿਆਂ ਦੀ, ਅੰਨਿਆਂ ਦੇ ਸ਼ਹਿਰ ਵਿਚ।

ਸ਼ੁਧ ਸ਼ੈਅ ਸ਼ੁਦਾਈ ਫਿਰੇ ਭਾਲਦਾ ਬਜ਼ਾਰ ਚੋਂ
ਕੀ ਗਰੰਟੀ? ਸ਼ੁਧਤਾ ਦੀ ਹੁਣ ਖਰੀਦੀ ਜ਼ਹਿਰ ਵਿਚ।

ਅਰਥੀਆਂ ਨੂੰ ਫੂਕ, ਅਸਥ ਪਾਉਣ ਦੀ ਰਵਾਇਤ ਸੀ
ਲੋਥਾਂ ਤਾਰੀ ਜਾਂਦੇ ਹਾਕਮ, ਹੁਣ ਤਾਂ ਗੰਗਾ ਲਹਿਰ ਵਿਚ।

ਅੰਨੈਹੇਵਾਹ ਵਰਾਹੁੰਦਾ ਡਾਂਗ ਮੰਗੀਏ ਰੁਜ਼ਗਾਰ ਜੇ,
ਕੀ ਫ਼ਰਕ ਫੇਰ, ਅੱਜ ਦੇ ਹਾਕਮ ਤੇ ਉਡਵਾਇਰ ਵਿਚ।

ਨੀਵੀਂ ਨਜ਼ਰ, ਝੁਕੀ ਧੌਣ, ਬੰਦ ਜਬਾਂ, ਫਿਰ ਐਸ਼ ਕਰ
ਤਾਰਿਆ ਜਾਏਂਗਾ ਵਰਨਾ 'ਲਾਲ' ਕਿਸੇ ਨਹਿਰ ਵਿੱਚ।



ਲਾਲ ਸਿੰਘ ਸੁਲਹਾਣੀ
91-98721-55120

---

# ਜ਼ਿੰਦਗੀ ਦੇ ਅਸਲ ਅਕਸ ਨੂੰ ਦਰਸਾਉਂਦੀ ਹੋਈ ਹੁਣ ਤੱਕ ਦੀ ਇੱਕੋ ਇੱਕ ਪੰਜਾਬੀ ਫਿਲਮ 'ਤੁਣਕਾ-ਤੁਣਕਾ'



ਹੈਪੀ ਸਰੋਈਵਾਲ
97817-50505

ਥੀਏਟਰ ਅਤੇ ਸਿਨੇਮਾ ਦੀ ਹੋਂਦ ਜਾ ਫਿਰ ਇਹ ਕਹਿ ਲਵੋ ਕੇ ਨੀਂਹ ਜਦੋਂ ਰੱਖੀ ਗਈ ਸੀ ਤਾਂ ਉਸਦਾ ਪਹਿਲਾਂ ਮੰਤਵ ਮਨੋਰੰਜਨ ਦੇ ਨਾ਼ਲ ਨਾ਼ਲ ਕਿਸੇ ਸਮਾਜਿਕ, ਪ੍ਰੀਵਾਰਿਕ, ਅਤੇ ਧਾਰਮਿਕ ਗੰਭੀਰ ਮੁੱਦੇ ਉੱਪਰ ਲੋਕਾਂ ਨੂੰ ਸੁਚੇਤ ਅਤੇ ਜਾਗਰੂਕ ਕਰਨਾ ਸੀ, ਪਰ ਸਮੇਂ ਦੇ ਨਾਲ ਨਾਲ ਬਦਲਦੇ ਹਾਲਾਤਾਂ ਅਤੇ ਵਪਾਰੀਕਰਨ ਨੇ ਸਿਨੇਮਾ ਨੂੰ ਸਿਰਫ਼ ਮਨੋਰੰਜਨ ਦੇ ਨਾਮ ਉੱਤੇ ਬੇਤੁਕੇ ਵਿਸ਼ੇ, ਬੇਫਜ਼ੂਲ ਦੀ ਕਾਮੇਡੀ, ਅਤੇ ਅਦਾਕਾਰੀ ਦਾ ੳ ਅ ਵੀ ਨਾ ਜਾਨਣ ਵਾਲੇ ਅਦਾਕਾਰਾਂ ਨੂੰ ਸਾਡੇ ਸਪੁਰਦ ਕੀਤਾ।

ਹੁਣ ਤੱਕ ਅਣਗਿਣਤ ਪੰਜਾਬੀ ਫਿਲਮਾਂ ਬਣ ਚੁੱਕੀਆਂ ਹਨ, ਪਰ ਕਿਸੇ ਅਸਾਧਾਰਨ ਵਿਸ਼ੇ ਅਤੇ ਬੇਮਿਸਾਲ ਅਦਾਕਾਰੀ ਨੂੰ ਦਰਸਾਉਂਦੀਆਂ ਫਿਲਮਾਂ ਅਸੀਂ ਕੁੱਝ ਕੂ ਉਂਗਲਾਂ ਉਪਰ ਗਿਣ ਸਕਦੇ ਹਾਂ,

ਅੱਜ ਅਸੀਂ ਗੱਲ ਕਰਾਂਗੇ ਹਰਦੀਪ ਗਰੇਵਾ਼ਲ ਦੀ ਪਲੇਠੀ ਪੰਜਾਬੀ ਫਿਲਮ 'ਤੁਣਕਾ ਤੁਣਕਾ' ਬਾਰੇ ਹਰਦੀਪ ਗਰੇਵਾ਼ਲ ਇੱਕ ਅਜਿਹੀ ਵਿਲੱਖਣ ਅਦਾਕਾਰ ਅਤੇ ਗਾਇਕ ਹੈ, ਜਿਸਨੇ ਜਦੋਂ ਤੋਂ ਪੰਜਾਬੀ ਗਾਇਕੀ ਵਿੱਚ ਆਪਣਾ ਅਗਾਜ਼ ਕੀਤਾ ਤਾਂ ਉਸਨੇ ਪਹਿਲੇ ਦਿਨ ਹੀ ਅਜਿਹਾ ਮੀਲ ਪੱਥਰ ਦਰਜ਼ ਕੀਤਾ, ਜਿਸਨੂੰ ਪਾਰ ਕਰਨਾ ਤਾਂ ਦੂਰ ਕੋਈ ਪੰਜਾਬੀ ਗਾਇਕ ਇਸਦੇ ਨੇੜੇ ਤੇੜੇ ਨਹੀਂ ਪਹੁੰਚ ਸਕਿਆ। ਹਰਦੀਪ ਗਰੇਵਾ਼ਲ ਦਾ ਇਹ ਆਗਾਜ਼ ਜਿਵੇਂ ਜਿਵੇਂ ਅੱਗੇ ਵਧਦਾ ਗਿਆ ਉਵੇਂ ਉਵੇਂ ਹੀ ਉਸਦੀ ਗਾਇਕੀ, ਅਦਾਕਾਰੀ, ਅਤੇ ਅਸਾਧਾਰਨ ਵਿਸ਼ਿਆਂ ਦੀ ਚੋਣ ਬਾਕਮਾਲ ਹੁੰਦੀ ਗਈ।

'ਤੁਣਕਾ ਤੁਣਕਾ' ਫਿਲਮ ਦੀ ਪਹਿਲੀ ਝਲਕ ਅਤੇ ਪਹਿਲੇ ਪੋਸਟਰ ਨੇ ਹੀ ਸਾਬਿਤ ਕਰ ਦਿੱਤਾ ਕਿ ਪੰਜਾਬੀ ਫਿਲਮ ਇੰਡਸਟਰੀ ਵਿੱਚ ਹੁਣ ਤੱਕ ਕੋਈ ਵੀ ਅਜਿਹੀ ਫਿਲਮ ਨਾ ਤਾਂ




ਬਣੀ ਹੋਣੀ ਅਤੇ ਨਾ ਹੀ ਛੇਤੀ ਬਣੇਗੀ, ਫਿਲਮ ਦੀ ਕਹਾਣੀ ਇੱਕ ਪਿੰਡ ਦੇ ਬੱਚੇ ਦੀ ਹੈ ਜਿਸਨੂੰ ਬਚਪਨ ਤੋਂ ਹੀ ਸਾਈਕਲ ਚਲਾਉਣ ਦਾ ਜਨੂੰਨ ਹੈ,ਅਤੇ ਇਹ ਵੱਡਾ ਹੋਕੇ ਸਾਈਕਲਿੰਗ ਵਿੱਚ ਸੋਨੇ ਦਾ ਤਗਮਾ ਜਿੱਤਣਾ ਚਾਹੁੰਦਾ ਹੈ ਪਰ ਉਸਦੇ ਇਸ ਜਨੂੰਨ ਦੇ ਦਰਮਿਆਨ ਕਾਫ਼ੀ ਮੁਸ਼ਕਿਲਾਂ ਪੇਸ਼ ਆਉਂਦੀਆਂ ਹਨ,ਪਰ ਉਹ ਬੜੀ ਮਿਹਨਤ ਨਾਲ ਇਹਨਾਂ ਮੁਸ਼ਕਿਲਾਂ ਦਾ ਸਾਹਮਣਾ ਕਰਦਾ ਹੈ, ਜਿਵੇਂ ਹੀ ਉਹ ਆਪਣੀ ਮੰਜ਼ੈਲ ਵੱਲ ਵੱਧਦਾ ਹੈ ਤਾਂ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਉਸਨੂੰ ਆਪਣੀ ਚਪੇਟ ਵਿੱਚ ਲੈ ਲੈਂਦੀ ਹੈ, ਇਹ ਵਕ ਉਸਦੇ ਲਈ ਸੱਭ ਤੋਂ ਮੁਸ਼ਕਿਲ ਹੁੰਦਾ ਹੈ, ਪਰ ਉਹ ਆਪਣੇ ਬਾਪੂ ਅਤੇ ਆਪਣੀ ਇੱਛਾ ਸ਼ਕਤੀ ਨਾਲ ਇਸ ਬਿਮਾਰੀ ਉਪਰ ਜਿੱਤ ਹਾਸਿਲ ਕਰਕੇ ਆਪਣੇ ਸੁਪਨੇ ਨੂੰ ਸਾਕਾਰ ਕਰਦਾ ਹੈ, ਸਾਰੀ ਫਿਲਮ ਏਸੇ ਕੇਂਦਰ ਬਿੰਦੂ ਦੇ ਆਲੇ ਦੁਆਲੇ ਘੁੰਮਦੀ ਹੈ। ਇਸ ਫਿਲਮ ਦੀ ਹਰ ਇੱਕ ਚੀਜ਼ ਬਾਕਾਮਾਲ ਹੈ, ਹਰ ਇੱਕ ਅਦਾਕਾਰ ਨੇ ਬੜੀ ਸ਼ੈੱਦਤ ਨਾਲ ਆਪਣੇ ਆਪਣੇ ਕਿਰਦਾਰ ਨੂੰ ਸਰ-ਅੰਜਾਮ ਦਿੱਤਾ ਹੈ, ਕੋਈ ਇੱਕ ਪਾਤਰ ਵੀ ਧੱਕੇ ਨਾ਼ਲ ਕਿਸੇ ਜਗੈਹਾ ਨੂੰ ਪੂਰਾ ਕਰਨ ਲਈ ਨਹੀਂ ਵਰਤਿਆ ਗਿਆ, ਸਰਦਾਰ ਸੋਹੀ ਸਾਹਿਬ, ਬਲਵਿੰਦਰ ਬੁੱਲਟ, ਹਸ਼ਨੀਨ ਚੌਹਾਨ ਨੇ ਲਾਜਵਾਬ ਅਦਾਕਾਰੀ ਨੂੰ ਪੇਸ਼ ਕੀਤਾ, ਨਾਲ ਹੀ ਜਿੰਨੇ ਵੀ ਨਵੇਂ ਅਦਾਕ-ਾਰਾਂ ਨੇ ਫਿਲਮ ਵਿੱਚ ਆਪਣੀ ਪਾਣੀ ਵਰਗਾ ਸ਼ੁਰੂਆਤ ਕੀਤੀ ਹੈ, ਓਹਨਾਂ ਦੀ ਮਿਹਨਤ ਵੀ ਕਾਬਿਲ-ਏ-ਤਾਰੀਫ਼ ਹੈ। ਅੰਤ ਵਿੱਚ ਮੈਂ ਹਰਦੀਪ ਗਰੇਵਾ਼ਲ ਦੇ ਨਾਲ ਨਾਲ ਇਸ ਫਿਲਮ ਦੇ ਨਾਲ ਜੁੜੇ ਇੱਕ ਇੱਕ ਅਦਾਕਾਰ, ਗੀਤਕਾਰ, ਲੇਖਕ, ਅਤੇ ਸਾਰੀ ਪ੍ਰੋਡਕਸ਼ਨ ਟੀਮ ਦੀ ਮਿਹਨਤ ਅਤੇ ਲਗਨ ਨੂੰ ਸਿਜਦਾ ਕਰਦਾ ਹਾਂ, ਅਤੇ ਕਾਮਨਾ ਕਰਦਾ ਹਾਂ ਤੁਹਾਨੂੰ ਆਪਣੇ ਮਕਸਦ ਵਿੱਚ ਕਾਮਯਾਬੀ ਮਿਲੇ। ਅਤੇ ਸਮਾਜ ਨੂੰ ਸੇਧ ਦੇਣ ਵਾਲੇ ਅਸਾਧਾਰਨ ਵਿਸ਼ਿਆਂ ਉਪਰ ਫਿਲਮਾਂ ਬਣਦੀਆਂ ਰਹਿਣ ਤਾਂ ਜੋਂ ਥੱਕੇ ਟੁੱਟੇ ਅਤੇ ਜ਼ਿਦਗੀ ਤੋਂ ਹਾਰੇ ਹੋਏ ਲੋਕ ਆਪਣੀ ਇੱਛਾ ਸ਼ਕਤੀ ਨੂੰ ਵਧਾ ਕੇ ਜ਼ਿੰਦਗੀ ਦੀਆਂ ਚੁਣੌਤੀਆਂ ਦਾ ਡੱਟ ਕੇ ਮੁਕਾਬਲਾ ਕਰਦੇ ਹੋਏ ਆਪਣੀ ਜ਼ਿੰਦਗੀ ਨੂੰ ਖੂਬਸੂਰਤ ਬਣਾਉਣ ਅਤੇ ਆਪਣੇ ਮਿੱਥੇ ਹੋਏ ਟੀਚੇ ਨੂੰ ਪ੍ਰਾਪਤ ਕਰ ਸਕਣ।

---

# ਅਮਰੀਕਾ ਵਿੱਚ ਯੂਨਾਈਟਿਡ ਏਅਰਲਾਈਨ ਦੇ ਸਾਰੇ ਕਰਮਚਾਰੀਆਂ ਲਈ ਜਰੂਰੀ ਹੋਵੇਗੀ ਕੋਰੋਨਾ ਵੈਕਸੀਨ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆ)-** ਅਮਰੀਕਾ ਦੀ ਪੈਰਮੁੱਖ ਏਅਰਲਾਈਨ ਯੂਨਾਈਟਿਡ ਏਅਰਲਾਈਨਜ਼ ਦੁਆਰਾ ਆਪਣੇ ਸਾਰੇ ਅਮਰੀਕੀ ਕਰਮਚਾਰੀਆਂ ਲਈ ਕੋਰੋਨਾ ਵੈਕਸੀਨ ਲਗਵਾਉਣੀ ਜਰੂਰੀ ਕੀਤੀ ਜਾਵੇਗੀ। ਕੰਪਨੀ ਦੇ ਤਕਰੀਬਨ 67,000 ਯੂ ਐਸ ਕਰਮਚਾਰੀਆਂ ਨੂੰ ਇਸ ਸਾਲ ਅਕਤੂਬਰ ਦੇ ਅਖੀਰ ਤੱਕ ਕੋਵਿਡ -19 ਦੇ ਵਿਰੁੱਧ ਟੀਕਾ ਲਗਵਾਉਣ ਦੀ ਜ਼ਰੂਰਤ ਪਵੇਗੀ। ਇਸ ਜਰੂਰਤ ਨੂੰ ਲਾਗੂ ਕਰਨ ੇਤੇ ਯੂਨਾਈਟਿਡ ਏਅਰਲਾਈਨ , ਅਜਿਹਾ ਕਰਨ ਵਾਲੀ ਪਹਿਲੀ ਪੈਰਮੁੱਖ ਯੂ ਐਸ ਏਅਰਲਾਈਨ ਬਣ ਜਾਵੇਗੀ। ਸ਼ੈਕਾਗੋ ਆਧਾਰਿਤ ਇਹ ਏਅਰਲਾਈਨ ਦੇਸ਼ ਭਰ ਦੇ ਉਹਨਾਂ ਕਾਰੋਬਾਰਾਂ ਦੀ ਵਧ ਰਹੀ ਸੂਚੀ ਵਿੱਚ ਸ਼ਾਮਲ ਹੁੰਦੀ ਹੈ ਜਿਨੈਹਾਂ ਨੇ ਆਪਣੇ ਕਰਮਚਾਰੀਆਂ ਲਈ ਕੋਰੋਨਾ ਵੈਕਸੀਨ ਜਰੂਰੀ ਕੀਤੀ ਹੈ।

ਯੂਨਾਈਟਿਡ ਨੇ ਸ਼ੁੱਕਰਵਾਰ ਨੂੰ ਆਪਣੇ ਯੂ ਐਸ ਕਰਮਚਾਰੀਆਂ ਨੂੰ ਕਿਹਾ ਕਿ ਉਨੈਹਾਂ ਨੂੰ ਫੂਡ ਐਂਡ ਡਰੱਗ ਐਡਮਨਿਸਟੈਰੇਸ਼ਨ ਦੁਆਰਾ ਕਿਸੇ ਵੀ ਟੀਕੇ ਨੂੰ ਪੂਰੀ ਤਰਾਂ ਪੈਰਵਾਨਗੀ ਦੇਣ ਤੋਂ ਬਾਅਦ ਸੰਭਵ ਤੌਰ ੇਤੇ 25 ਅਕਤੂਬਰ ਜਾਂ ਪੰਜ ਹਫਤਿਆਂ ਤੱਕ ਪੂਰੀ ਤਰੈਹਾਂ ਟੀਕਾ ਲਗਵਾਉਣ ਦੀ ਜ਼ਰੂਰਤ ਹੋਵੇਗੀ । ਫਿਲਹਾਲ ਐਫ ਡੀ ਏ ਨੇ ਸਿਰਫ ਫਾਈਜ਼ਰ, ਮੋਡਰਨਾ ਅਤੇ ਜੌਹਨਸਨ ਐਂਡ ਜੌਹਨਸਨ ਟੀਕਿਆਂ ਦੀ ਐਮਰਜੈਂਸੀ ਵਰਤੋਂ ਦੀ ਮਨਜ਼ੂਰੀ ਦਿੱਤੀ ਹੈ, ਪਰ ਰਿਪੋਰਟਾਂ ਅਨੁਸਾਰ ਏਜੰਸੀ ਵੱਲੋਂ ਫਾਈਜ਼ਰ ਨੂੰ ਛੇਤੀ ਹੀ ਪੂਰੀ ਪੈਰਵਾਨਗੀ ਦਿੱਤੇ ਜਾਣ ਦੀ ਉਮੀਦ ਹੈ।

ਇਸ ਲਈ ਏਅਰਲਾਈਨ ਦੇ ਹਰੇਕ ਕਰਮਚਾਰੀ ਨੂੰ ਆਪਣੇ ਟੀਕੇ ਦੇ ਕਾਰਡ ਦੀ ਇੱਕ ਤਸਵੀਰ ਕੰਪਨੀ ਨੂੰ ਭੇਜਣੀ ਹੋਵੇਗੀ ਅਤੇ ਜਿਹੜੇ ਕਰਮਚਾਰੀ ਸ਼ਾਟ ਨਾ ਲੱਗਣ ਦੇ ਧਾਰਮਿਕ ਜਾਂ ਸਿਹਤ ਕਾਰਨਾਂ ਦੇ ਦਸਤਾਵੇਜ਼ ਦਿੰਦੇ ਹਨ, ਉਹ ਟਰਮੀਨੇਟ ਹੋਣ ਤੋਂ ਬਚ ਸਕਣਗੇ।

## 15 ਅਗਸਤ ਅਜ਼ਾਦੀ ਦਿਵਸ 'ਤੇ ਵਿਸ਼ੇਸ਼

# ਆਰਥਿਕ ਨੀਤੀਆਂ ਨੇ ਗਰੀਬ ਮਜ਼ਦੂਰ ਕਿਸਾਨ ਹਾਸ਼ੀਏ 'ਤੇ ਧੱਕ ਦਿੱਤੇ



ਐਸ ਐਲ ਵਿਰਦੀ ਐਡਵੋਕੇਟ

ਸੰਸਾਰੀਕਰਨ, ਉਦਾਰੀਕਰਨ ਅਤੇ ਨਿਜੀਕਰਨ ਅੱਜ ਸਮੁੱਚੇ ਵਿਸ਼ਵ ਉੱਤੇ ਸਭ ਤੋਂ ਵੱਧ ਚਰਚਾ ਦਾ ਵਿਸ਼ਾ ਹੈ। ਸੰਸਾਰੀਕਰਨ ਦੇ ਦਾਵੇਦਾਰਾਂ ਦਾ ਕਹਿਣਾ ਹੈ ਕਿ ਕੁਝ ਹੀ ਸਾਲਾਂ ਵਿੱਚ ਸਥਿਤੀ ਬਦਲ ਜਾਵੇਗੀ। ਤਕਨੀਕ ਨਾਲ ਵਿਕਾਸ ਦੀ ਗਤੀ ਤੇਜ਼ ਹੋ ਜਾਵੇਗੀ, ਜਿਸ ਦਾ ਲਾਭ ਗਰੀਬ ਤੋਂ ਗਰੀਬ ਨੂੰ ਵੀ ਪਹੁੰਚੇਗਾ। ਆਰਥਿਕ ਸਥਿਤੀ ਮਜ਼ਬੂਤ ਹੋਵੇਗੀ, ਰੁਜ਼ਗਾਰ ਵਧੇਗਾ, ਗਰੀਬੀ ਤੇਜੀ ਨਾਲ ਦੂਰ ਹੋ ਜਾਵੇਗੀ। ਅਵਿਕਸਿਤ ਦੇਸ਼ ਵਿਕਸਿਤ ਦੇਸ਼ਾਂ ਦਾ ਮੁਕਾਬਲਾ ਕਰਨਗੇ। ਪਿਛਲੀਆਂ ਕਮੀਆਂ ਦੂਰ ਕਰਕੇ ਸਮਾਜ ਨੂੰ ਨਵੀਂ ਦਿਸ਼ਾ ਦੇਵਾਂਗੇ। ਭਾਰਤ ਵੀ ਇਸ ਤੋਂ ਅਛੂਤਾ ਨਹੀਂ ਹੈ। ਇਸ ਲਈ ਨਿਜੀਕਰਨ, ਉਦਾਰੀਕਰਨ ਅਤ ਸੰਸ-ਾਰੀਕਰਨ ਦੀ ਨੀਤੀ ਵਿਸ਼ੈਸ਼ ਚਰਚਾ ਦੀ ਮੰਗ ਕਰਦੀ ਹੈ।

ਸੰਸਾਰੀਕਰਨ, ਮੇਹਨਤਕਸ਼ਾਂ ਨੂੰ ਲੁੱਟਣ ਲਈ ਸਾਮਰਾਜੀਆਂ ਦਾ ਨਵਾਂ ਛੜਯੰਤਰ ਹੈ। ਅਮਰੀਕਾ ਦੀ ਸਰਦਾਰੀ ਹੇਠ ਚੱਲਣ ਵਾਲੇ ਕੌਮਾਂਤਰੀ ਮਾਲੀ ਫੰਡ, ਵਿਸ਼ਵ ਬੈਂਕ, ਬਹੁ-ਕੌਮੀ ਕਾਰਪੋਰੇਸ਼ਨਾਂ ਤੇ ਯੂਨਿਡੋ (ਸੰਯੁਕਤ ਰਾਸ਼ਟਰ ਸੰਘ ਦਾ ਉਪਯੋਗਿਕ ਵਿਕਾਸ ਸੰਗਠਨ) ਵਿਸ਼ਵੀਕਰਨ ਦੇ ਮੁੱਖ ਸੋਮੇ ਹਨ, ਜਿਹਨਾਂ ਦਾ ਇੱਕੋ ਇੱਕ ਮਕਸਦ ਹਰ ਚੀਜ਼ ਨੂੰ ਮਾਲ ਵਿੱਚ ਤਬਦੀਲ ਕਰਕੇ ਵੱਧ ਤੋਂ ਵੱਧ ਲਾਭ ਪੈਦਾ ਕਰਨ ਲਈ ਪੂੰਜੀਪਤੀਆਂ ਰਾਹੀਂ ਸਸਤੀ ਕਿਰਤ ਦੀ ਤਲਾਸ਼ ਕਰਨਾ ਹੈ। ਅੱਜ ਸਸਤੀ ਤੋਂ ਸਸਤੀ ਕਿਰਤ ਹਾਸਿਲ ਕਰਨ ਲਈ ਸਾਰੀਆਂ ਬਹੁ-ਰਾਸ਼ਟਰੀ ਕੰਪਨੀਆਂ ਗਿਰਝਾਂ ਵਾਂਗ ਗਰੀਬ ਮਜ਼ਦੂਰਾਂ 'ਤੇ ਝਪਟ ਰਹੀਆਂ ਹਨ।

ਉਦਯੋਗਪਤੀਆਂ ਨੇ ਅੱਜ ਤੱਕ ਜਿੰਨੇ ਵੀ ਉਦਯੋਗ ਲਗਾਏ, ਅਦਾਰੇ ਸਥਾਪਿਤ ਕੀਤੇ, ਸ਼ੇਅਰ ਮਾਰਕੀਟ ਰਾਹੀਂ ਲੋਕਾਂ ਦਾ ਧਨ ਇਕੱਠਾ ਕਰਕੇ ਲਗਾਏ। ਸਰਕਾਰੀ ਬੈਂਕਾਂ ਤੋਂ ਹਜ਼ਾਰਾਂ ਕਰੋੜ ਦੇ ਕਰਜੇ ਲਏ, ਜੋ ਬਾਅਦ ਵਿੱਚ ਮੁੱਠੀਭਰ ਉਦਯੋਗਪਤੀਆਂ ਨੇ ਨੇਤਾਵਾਂ, ਸਰਕਾਰਾਂ ਨਾਲ ਮਿਲ ਕੇ ਬੀਮਾਰ ਇੰਡਸਟਰੀ ਦਿਖਾ ਕੇ ਹੜੱਪ ਕਰ ਲਏ। ਸ਼ੇਅਰਾਂ ਰਾਹੀਂ ਤੇ ਸਰਕਾਰੀ ਕਰਜੇ ਰਾਹੀਂ ਜੋ ਧਨ ਇਕੱਠਾ ਹੁੰਦਾ ਹੈ ਉਹ ਕਿਥੇ ਜਾਂਦਾ ਹੈ? ਜਿਸ ਅਦਾਰੇ ਵਿੱਚ 50% ਤੋਂ ਉੱਪਰ ਸਰਕਾਰੀ ਸ਼ੇਅਰ ਹੋਣ ਉਹ ਅਦਾਰਾ ਸਰਕਾਰੀ ਹੁੰਦਾ ਹੈ ਅਤੇ ਉਸ ਦੀ ਮੈਨਜਮੈਂਟ ਵੀ ਸਰਕਾਰ ਦੇ ਹੱਥ ਹੁੰਦੀ ਹੈ। ਜਿਸ ਅਦਾਰੇ ਵਿੱਚ ਸਰਕਾਰ ਆਪਣੇ ਸ਼ੇਅਰ 50ਗ ਤੋਂ ਘੱਟ ਕਰ ਲਵੇ (ਜਾਣ ਬੁੱਝ ਕੇ) ਉੱਥੇ ਸਰਕਾਰੀ ਮੈਨਜਮੈਂਟ ਥਾਂ ਨਿੱਜੀ ਹੋ ਜਾਂਦੀ ਹੈ। ਇਸ ਤਰ੍ਹਾਂ ਸਰਕਾਰ ਅਰਬਾਂ ਰੁਪਏ ਦੀ ਜਾਇਦਾਦ ਕੌਡੀਆਂ ਦੇ ਭਾਅ ਮੁੱਠੀ ਭਰ ਲੁਟੇਰਿਆਂ ਨੂੰ ਲੁਟਾ ਕੇ ਗਰੀਬ ਮਜ਼ਦੂਰ ਕਿਸਾਨ ਦੇ ਅੱਖੀਂ ਘੱਟਾ ਪਾ ਰਹੀ ਹੈ।

ਸਰਕਾਰਾਂ ਨੇ ਉਦਾਰੀਕਰਨ ਰਾਹੀਂ ਉਹੀ ਕਰਜੇ ਨੂੰ, 'ਨਾ ਉਗਰਾਹਿਆ ਜਾ ਸਕਣ ਵਾਲਾ ਕਰਜ਼ਾ ਦੇ ਵੱਟੇ ਖਾਤੇ ਪਾ ਕੇ ਉਦਯੋਗਪਤੀ ਲੁਟੇਰਿਆਂ ਨੂੰ ਮਾਫ਼ ਕਰਨ ਦਾ ਕਾਨੂੰਨਨ ਪ੍ਰਬੰਧ ਕਰ ਦਿੱਤਾ। ਜੋ ਉਹਨਾਂ ਪਾਸ ਕਾਲਾ ਧੰਨ ਬਣ ਗਿਆ। ਕਾਲਾ ਧਨ ਇਕੱਠਾ ਕਰਨਾ ਕਾਨੂੰਨਨ ਜੁਰਮ ਹੈ। ਕਾਲੇ ਧਨ ਵਾਲੇ ਸਜ਼ਾ ਦੇ ਹੱਕਦਾਰ ਹਨ ਪ੍ਰੰਤੂ ਹਾਕਮਾਂ ਦੇ ਉਦਾਰੀਕਰਨ ਨੇ ਫੁਰਮਾਨ ਜਾਰੀ ਕੀਤਾ ਕਿ ਟੈਕਸ ਜਮ੍ਹਾਂ ਕਰਵਾ ਕੇ ਤੁਸੀਂ ਆਪਣਾ ਕਾਲਾ ਧਨ ਚਿੱਟਾ ਕਰ ਲਉ। ਪੂੰਜੀਪਤੀ ਅਤੇ ਸਮ-ਤਵਾਦੀ ਇਸੇ ਤਰਾਂ ਦੇਸ਼ ਦੀ ਪੂੰਜੀ ਅਤੇ ਜਾਇਦਾਦ ਨੂੰ ਖੁਦ ਲੁੱਟ ਲੁੱਟ ਕੇ ਕਾਲੇ ਧਨ ਦੇ ਰੂਪ 'ਚ ਹਰ ਸਾਲ ਪੰਜਾਹ ਹਜ਼ਾਰ ਕਰੋੜ ਰੁਪਏ ਵਿਦੇਸ਼ੀ ਖਾਤਿਆਂ 'ਚ ਜਮ੍ਹਾ ਕਰਾਉਂਦੇ ਹਨ। ਬੱਸ! ਇਹ ਹੈ ਹਿੰਦੋਸਤਾਨੀ ਹਾਕਮਾਂ ਦੀ ਉਦਾਰਵਾਦੀ ਨੀਤੀ!

ਵਿਸ਼ਵ ਬੈਂਕ ਕਲਿਆਣਕਾਰੀ ਵੈਲਫ਼ੇਅਰ ਸਟੇਟ ਦੇ ਰੋਲ ਨੂੰ ਰੱਦੀ ਦੀ ਟੋਕਰੀ ਵਿੱਚ ਸੁੱਟ ਕੇ ਸਪੱਸ਼ਟ ਕਹਿੰਦਾ ਹੈ ਕਿ ਰਾਜ ਲਈ ਕਲਿਆਣਕਾਰੀ ਪ੍ਰੋਗਰਾਮਾਂ ਦੇ ਖ਼ਰਚਿਆਂ ਵਿੱਚ ਕਟੌਤੀ ਕਰਨੀ ਜ਼ਰੂਰੀ ਹੈ। ਜ਼ਿਆਦਾ ਤੋਂ ਜ਼ਿਆਦਾ ਰੁਜ਼ਗਾਰ ਪੈਦਾ ਕਰਨ ਦਾ ਕੰਮ ਨਿਜੀ ਖੇਤਰ ਦੇ ਉਦਯੋਗਾਂ ਤੇ ਬਹੁ-ਕੌਮੀ ਕੰਪਨੀਆਂ ਨੂੰ ਸੌਂਪ ਦੇਣਾ ਚਾਹੀਦਾ ਹੈ। ਉਹ ਤੀਜੀ ਦੁਨੀਆ ਦੇ ਦੇਸ਼ਾਂ ਦੀਆਂ ਸਰਕਾਰਾਂ ਨੂੰ ਸਲਾਹ ਦਿੰਦਾ ਹੈ ਕਿ ਘੱਟੋਂ-ਘੱਟ ਉਜਰਤਾਂ ਦੇ ਕਨੂੰਨ ਖ਼ਤਮ ਕਰੋ, ਕਿਰਤ ਕਨੂੰਨਾਂ ਨੂੰ ਮਾਲਕਾਂ ਦੇ ਹਿੱਤਾਂ ਦੇ ਅਨੁਕੂਲ ਬਣਾਉ, ਸਿਹਤ, ਸਿੱਖਿਆ ਮੁਫ਼ਤ ਜਾਂ ਸਸਤੀ ਨਾ ਦਿਉ, ਕਿਸੇ ਵੀ ਤਰ੍ਹਾਂ ਦੀ ਸਬਸਿਡੀ ਨਾ ਦਿਉ, ਸਮਾਜਿਕ ਸੁਧਾਰ, ਭੂਮੀ ਸੁਧਾਰ ਖ਼ਤਮ ਕਰੋ, ਤਾਂ ਕਿ ਹਰ ਬੁਨਿਆਦੀ ਲੋੜ ਨੂੰ ਪੂਰਾ ਕਰਨ ਲਈ ਬਾਜ਼ਾਰ ਉੱਤੇ ਨਿਰਭਰ ਹੋ ਕੇ ਕਿਰਤੀ ਲੋਕ ਸਸਤੀ ਤੋਂ ਸਸਤੀ ਦਰ 'ਤੇ ਵਿਕਣ ਲਈ ਮਜ਼ਬੂਰ ਹੋ ਜਾਣ।

ਸੇਜ਼ (ਸਪੈਸ਼ਲ ਆਰਥਿਕ ਜ਼ੋਨ) ਸਾਮਰਾਜੀਆਂ ਦਾ ਦੇਸ਼ ਵਿੱਚ ਪ੍ਰਦੇਸ਼ ਵਸਾਉਣ ਦਾ ਕਨੂੰਨੀ ਛੜਯੰਤਰ ਹੈ। ਭਾਰਤ ਸਰਕਾਰ ਦੇ ਵਿਦੇਸ਼ੀ ਵਿਉਪਾਰ ਪਾਲਿਸੀ ਦੇ ਭਾਗ 7 ਕਾਲਮ 3 ਵਿੱਚ ਲਿਖਿਆ ਹੈ ਕਿ SEZ shall be deemed as foreign territory. The SEZ shall be functional as self-governing autonomous body.. ਇਹ ਭਾਰਤੀ ਸੰਵਿਧਾਨ ਨੂੰ ਚੈਲਿੰਜ ਹੈ। ਸੰਵਿਧਾਨ ਘਾੜਿਆਂ ਨੇ 542 ਰਿਆਸਤਾਂ ਦਾ ਸਰਕਾਰੀਕਰਨ ਕਰਕੇ ਨਿੱਜੀ ਰਿਆਸਤੀ ਰਾਜਿਆਂ ਅਤੇ ਜਿਮੀਂਦਾਰਾਂ ਦਾ ਖ਼ਾਤਮਾ ਕੀਤਾ। ਉਹਨਾਂ ਦਾ ਜੋ ਰਾਜ ਸੀ, ਜ਼ਮੀਨ ਸੀ, ਸਭ ਸਰਕਾਰੀ ਬਣਾ ਦਿੱਤਾ। ਪਰ ਸਰਕਾਰਾਂ ਨੇ ਸਭ ਉਲਟਾ ਕਰ ਦਿੱਤਾ ਹੈ। ਉਹਨਾਂ ਦੇਸ਼ ਵਿੱਚ 388 ਸੇਜ਼ ਬਣਾ ਕੇ ਦੇਸ਼ ਵਿੱਚ ਪ੍ਰਦੇਸ਼ (ਨਵੀਆਂ ਰਿਆਸਤਾਂ) ਬਣਾ ਦਿੱਤੇ ਹਨ। ਕਿਉਂਕਿ ਇਹਨਾਂ 'ਤੇ ਭਾਰਤੀ ਕਨੂੰਨ ਲਾਗੂ ਨਹੀਂ ਹੁੰਦਾ।

ਸੰਸਾਰੀਕਰਨ ਦੀਆਂ ਨੀਤੀਆਂ ਨੇ ਪਿਛਲੇ 30 ਸਾਲਾਂ ਵਿੱਚ ਹਰ ਕੰਮ ਨੂੰ ਮੁਨਾਫ਼ੇ ਦਾ ਮੁੱਦਾ ਬਣਾ ਕੇ ਗਰੀਬ ਦਲਿਤ ਸ਼ੋਸ਼ਿਤ ਮਜ਼ਦੂਰ ਸਮਾਜ ਦਾ ਜੀਵਨ ਹਾਲੋ ਬਹਾਲ ਕਰ ਦਿੱਤਾ ਹੈ। ਦੇਸ਼ ਦੇ 85 ਕਰੋੜ ਤੋ ਵੱਧ ਲੋਕ ਗਰੀਬੀ ਕਾਰਣ ਹਾਲੋਂ ਬੇਹਾਲ ਹਨ। ਕਲਿਆਣਕਾਰੀ ਵੈਲਫ਼ੇਅਰ ਸਟੇਟ ਦੇ ਸਮਾਨਤਾ ਅਤੇ ਸਮਾਜਿਕ ਨਿਆਂ ਦੇ ਰੋਲ ਨੂੰ ਰੱਦ ਕਰਕੇ ਉਹਨਾਂ ਸਾਹਮਣੇ ਵੱਡੀਆਂ ਚੁਣੌਤੀਆਂ ਖੜੀਆਂ ਕਰ ਦਿੱਤੀਆ ਹਨ। ਦਲਿਤ ਹਾਸ਼ੀਏ 'ਤੇ ਚਲੇ ਗਏ ਹਨ, ਖੇਤ ਮਜ਼ਦੂਰ ਭੁੱਖੇ ਮਰ ਰਹੇ ਹਨ, ਕਿਸਾਨ ਆਤਮ ਹੱਤਿਆਵਾਂ ਕਰ ਰਹੇ ਹਨ, ਬੜੇ ਉਦਯੋਗ, ਛੋਟੇ ਘਰੇਲੂ ਉਦਯੋਗਾਂ ਨੂੰ ਨਿਗਲ ਰਹੇ ਹਨ ਜਿਸ ਕਾਰਨ ਬੇਰੋਜ਼ਗਾਰੀ ਧੜਾ-ਧੜ ਵਧ ਰਹੀ ਹੈ। ਨੌਜੁਆਨ ਬੇਕਾਰੀ ਕਾਰਨ, ਬੇਅਥਾਹ ਔਕੜਾਂ ਦੇ ਬਾਵਜੂਦ ਵੀ, ਵਿਦੇਸ਼ਾਂ ਨੂੰ ਜਾਣ ਲਈ ਬੇਤਾਬ ਹੈ। ਸੰਸਾਰੀਕਰਨ ਨੇ ਜਿਉਂਦੇ ਰਹਿਣ ਲਈ ਦਲਿਤ ਸ਼ੋਸ਼ਿਤ ਗਰੀਬ ਮਜ਼ਦੂਰ ਕਿਸਾਨਾਂ ਸਾਹਮਣੇ ਵੱਡੀ ਗਿਣਤੀ ਵਿੱਚ ਚੁਣੌਤੀਆਂ ਖੜੀਆਂ ਕਰ ਦਿੱਤੀਆਂ ਹਨ।

ਸੱਚ ਤਾਂ ਇਹ ਹੈ ਕਿ ਇਹਨਾਂ ਨੀਤੀਆਂ ਨੇ ਭਾਰਤੀ ਸੰਵਿਧਾਨ ਦਾ ਗਲਾ ਘੁੱਟ ਦਿੱਤਾ ਹੈ। ਸੰਵਿਧਾਨ ਦੇ ਅਨੁਛੇਦ 38, 39, 41,42 ਰਾਹੀਂ ਭਾਰਤ ਵਿਚ ਇਕ ਨਵੀਂ ਸਮਾਜ ਵਿਵਸਥਾ, ਜਿਸ ਦਾ ਅਧਾਰ ਸਮਾਜਵਾਦੀ, ਕਲਿਆਣਕਾਰੀ, ਲੋਕਤੰਤਰ ਹੋਵੇ, ਲਈ ਸਰਕਾਰਾਂ ਨੂੰ ਨਿਰਦੇਸ਼ ਦਿੱਤੇ ਗਏ ਹਨ ਕਿ ਰਾਜ ਅਜਿਹੀ ਸਮਾਜਿਕ ਵਿਵਸਥਾ ਦਾ ਨਿਰਮਾਣ ਕਰਨ ਦਾ ਯਤਨ ਕਰੇਗਾ, ਜਿਸ ਵਿਚ ਨਾਗਰਿਕਾਂ ਨੂੰ ਰਾਸ਼ਟਰੀ ਜੀਵਨ ਦੀਆਂ ਸਾਰੀਆਂ ਸੰਸਥਾਵਾਂ ਵਿਚ ਸਮਾਜਿਕ, ਆਰਿਥਕ ਅਤੇ ਰਾਜਨੀਤਕ ਨਿਆਂ ਪ੍ਰਾਪਤ ਹੋਵੇਗਾ। ਰਾਜ ਵਿਸ਼ੇਸ਼ ਤੌਰ ਤੇ ਆਮਦਨ ਦੀਆਂ ਅਸਮਾਨਤਾਵਾਂ ਨੂੰ ਘੱਟ ਕਰਨ ਦਾ ਯਤਨ ਕਰੇਗਾ ਅਤੇ ਵੱਖ-ਵੱਖ ਖੇਤਰਾਂ ਵਿਚ ਵੱਸਦੇ ਜਾਂ ਵੱਖ-ਵੱਖ ਧੰਦਿਆਂ ਵਿਚ ਲੱਗੇ ਹੋਏ ਲੋਕਾਂ ਦੇ ਸਮੂਹਾਂ ਵਿਚਕਾਰ ਰੁਤਬੇ, ਸਹੂਲਤਾਂ ਅਤੇ ਅਵਸਰਾਂ ਦੀਆਂ ਸਮਾਨਤਾਵਾਂ ਨੂੰ ਸਥਾਪਤ ਕਰਨ ਲਈ ਵਿਸ਼ੇਸ਼ ਯਤਨ ਕਰੇਗਾ। ਰਾਜ ਭੌਤਿਕ ਸਾਧਨਾ ਦੀ ਮਲਕੀਅਤ ਅਤੇ ਨਿਯੰਤਰਣ ਸਬੰਧੀ ਆਪਣੀਆਂ ਨੀਤੀਆਂ ਦਾ ਸੰਚਾਲਨ ਇਸ ਤਰ੍ਹਾਂ ਕਰੇਗਾ ਕਿ ਸਭ ਲੋਕਾਂ ਦਾ ਕਲਿਆਣ ਹੋ ਸਕੇ।

ਕਲਿਆਣਕਾਰੀ ਸਰਕਾਰਾਂ ਆਪਣੇ ਕਰਤੱਵ ਨੂੰ ਪਿੱਛੇ ਸੁੱਟ ਕੇ ਬਹੁ-ਰਾਸ਼ਟਰੀ ਕੰਪਨੀਆਂ ਦੇ ਕਲਿਆਣ ਲਈ ਸਰਗਰਮ ਹਨ। ਸੰਵਿਧਾਨ ਘਾੜਿਆ ਨੇ ਰਾਸ਼ਟਰੀ ਏਕਤਾ ਲਈ ਸਰਕਾਰਾਂ ਨੂੰ ਰਾਜਯ ਸਮਾਜਵਾਦ ਵਲ੍ਹ ਸੇਧਤ ਕੀਤਾ ਅਤੇ ਨਿਰਦੇਸ਼ਤ ਕੀਤਾ ਕਿ ਸਮਾਜਵਾਦ ਲਈ ਉਦਯੋਗ ਰਾਜ ਦੀ ਮਲਕੀਅਤ ਹੋਣੇ ਚਾਹੀਦੇ ਹਨ। ਕਿਉਂਕਿ ਨਿੱਜੀਕਰਨ ਵਿੱਚ ਰਾਸ਼ਟਰੀ ਹਿੱਤ ਨਹੀਂ ਹੁੰਦਾ। ਪੂੰਜੀਪਤੀ ਆਪਣਾ ਮੁਨਾਫ਼ਾ ਦੇਖਦਾ ਹੈ। ਦੇਸ਼ ਦੇ ਹਿੱਤਾਂ ਨੂੰ ਕੁਰਬਾਨ ਕਰਕੇ ਪੱਛਮੀ ਦੇਸ਼ਾਂ ਦੇ ਸਾਮਰਾਜਵਾਦ ਨੂੰ ਥੋਪਣ ਦੀ ਇਹ ਇੱਕ ਕੋਝੀ ਸਾਜ਼ਿਸ਼ ਹੈ।

ਸੰਸਾਰੀਕਰਨ ਦੀ ਨੀਤੀ ਅਸਲ 'ਚ ਇੱਕ ਨਵੀਂ ਕਿਸਮ ਦੀ ਉੱਪ-ਨਿਵੇਸ਼ਵਾਦੀ ਗੁਲਾਮੀ ਵੱਲ੍ਹ ਧੱਕ ਰਹੀ ਹੈ। ਜਿਵੇਂ ਹਾਥੀ ਦੇ ਦੰਦ ਖਾਣ ਨੂੰ ਹੋਰ ਤੇ ਵਿਖਾਉਣ ਨੂੰ ਹੋਰ ਹੁੰਦੇ ਹਨ, ਉਵੇਂ ਹੀ ਇਸ ਨੀਤੀ ਦੇ ਐਲਾਨ ਕੁਝ ਕੋਈ ਹੋਰ ਅਤੇ ਉਹਨਾਂ ਦੇ ਪਰਿਣਾਮ ਕੋਈ ਹੋਰ ਨਿਕਲਦੇ ਹਨ। ਸੰਸਾਰੀਕਰਨ ਦੇ ਦਾਵੇਦਾਰ ਗੱਲਾਂ ਵਿਕਾਸ ਦੀਆਂ ਕਰ ਰਹੇ ਹਨ ਪਰ ਸਿੱਟੇ ਬਰਬਾਦੀ ਵਿੱਚ ਨਿਕਲ ਰਹੇ ਹਨ। ਨਵੀ ਆਰਥਿਕ ਨੀਤੀ ਨੇ ਦੇਸ਼ ਵਿਚ ਸਾਧਨਾਂ ਤੇ ਦੌਲਤ ਦੀ ਕਾਣੀ ਵੰਡ ਨੂੰ ਪਹਿਲਾਂ ਨਾਲੋ ਵਧਾ ਦਿੱਤਾ ਹੈ।

ਵਿਸ਼ਵ ਬੈਂਕ ਦੇ ਤਾਜ਼ਾ ਰਿਪੋਰਟ ਅਨੁਸਾਰ ਭਾਰਤ 'ਚ ਗਰੀਬੀ ਰੇਖਾ ਤੋਂ ਹੇਠ ਰਹਿ ਰਹੇ ਲੋਕਾਂ ਦੀ ਅਬਾਦੀ 45.6 ਕਰੋੜ ਹੈ ਜੋ ਸਮੁੱਚੀ ਵਸੋਂ ਦਾ 42 ਫ਼ੀਸਦੀ ਬਣਦੀ ਹੈ। ਦੁਨੀਆ 'ਚ ਜਿੰਨੇ ਵੀ ਗਰੀਬ ਲੋਕ ਵਸਦੇ ਹਨ, ਉਹਨਾਂ 'ਚੋਂ ਇਕ ਤਿਹਾਈ ਇਕੱਲੇ ਭਾਰਤ 'ਚ ਹੀ ਹਨ। ਭਾਰਤ 'ਚ 1981 ਤੋਂ ਲੈ ਕੇ 1990 ਤੱਕ ਗਰੀਬੀ ਜ਼ਿਆਦਾ ਰਫ਼ਤਾਰ ਨਾਲ ਘੱਟ ਰਹੀ ਸੀ। ਪਰ ਜਿਵੇਂ ਹੀ ਦੇਸ਼ ਨੇ 1990-91 'ਚ ਨਿੱਜੀ-ਉਦਾਰਵਾਦੀ ਨੀਤੀਆਂ ਤਹਿਤ ਅਖੌਤੀ ਆਰਥਿਕ ਸੁਧਾਰ ਲਾਗੂ ਕਰਨੇ ਸ਼ੁਰੂ ਕੀਤੇ ਹਨ ਤਾਂ ਗਰੀਬੀ ਘਟਣ ਦੀ ਬਨਿਸਬਤ ਵੱਧਦੀ ਜਾ ਰਹੀ ਹੈ।

ਨਿੱਜੀ ਖੇਤਰ ਵਿੱਚ ਰੁਜ਼ਗਾਰ ਪਾਉਣਾ ਦਲਿਤਾਂ ਲਈ ਅਸਮਾਨ 'ਚੋਂ ਤਾਰੇ ਤੋੜਨ ਦੇ ਸਮਾਨ ਹੈ। ਸਰਕਾਰੀ ਅਦਾਰਿਆਂ ਨੂੰ ਬਹੁਰਾਸ਼ਟਰੀ ਕੰਪਨੀਆਂ ਪਾਸ ਵੇਚ ਕੇ ਸਰਕਾਰ ਦਲਿਤ ਸ਼ੋਸ਼ਿਤ ਗਰੀਬ ਮਜਦੂਰ ਸਮਾਜ ਨਾਲ ਘੋਰ ਅਨਿਆਂ ਕਰ ਰਹੀ ਹੈ। ਦਲਿਤਾਂ ਨੂੰ ਰਿਜ਼ਰਵੇਸ਼ਨ ਕਰਕੇ ਸਰਕਾਰੀ ਅਦਾਰਿਆਂ ਵਿੱਚ ਰੁਜ਼ਗਾਰ ਦੀ ਕੁੱਝ ਉਮੀਦ ਸੀ, ਉਹ ਵੀ ਇਹਨਾਂ ਨੀਤੀਆਂ ਕਾਰਨ ਖ਼ਤਮ ਹੁੰਦੀ ਜਾ ਰਹੀ ਹੈ। ਹਰ ਸਾਲ 2.1 ਪ੍ਰਤੀਸ਼ਤ ਨੌਕਰੀਆਂ ਘਟਾਉਣਾ ਅਤੇ ਨਵੀਂ ਭਰਤੀ ਨਾ ਕਰਨ ਦਾ ਹੁਕਮ ਹੈ। ਇਸ ਛੜਯੰਤਰ ਦਾ ਸ਼ਿਕਾਰ ਵੀ ਦਲਿਤ ਸ਼ੋਸ਼ਿਤ ਗਰੀਬ ਮਜ਼ਦੂਰ ਸਮਾਜ ਹੀ ਹੋ ਰਿਹਾ ਹੈ।

ਨਵੀਆਂ ਆਰਥਿਕ ਨੀਤੀਆਂ ਤਹਿਤ ਸਰਕਾਰ ਵਲੋਂ ਸਬਸਿਡੀਆਂ ਵਾਪਿਸ ਲੈਣ, ਸਹਾਇਕ ਭਾਵਾਂ ਵਿੱਚ ਵਾਧੇ, ਜਨਤਕ ਵੰਡ ਪ੍ਰਣਾਲੀ ਤਹਿਤ ਦਿੱਤੀਆਂ ਜਾਣ ਵਾਲੀਆਂ ਖੁਰਾਕੀ ਵਸਤਾਂ ਦੇ ਭਾਵਾਂ ਵਿੱਚ ਵਾਧੇ ਅਤੇ ਖ਼ਰਚਿਆਂ ਵਿੱਚ ਕਟੌਤੀ ਮਗਰੋਂ ਉਤਪਾਦਨ ਵਿੱਚ ਕਮੀ ਕਾਰਨ ਅਨਾਜ ਦੇ ਭਾਅ ਪਹਿਲਾਂ ਹੀ ਅਸਮਾਨੀ ਚੜ੍ਹੇ ਹੋਏ ਹਨ। ਪੇਂਡੂ ਤੇ ਸ਼ਹਿਰੀ ਖੇਤਰ ਵਿੱਚ ਮਜ਼ਦੂਰੀ ਕਰਨ ਵਾਲੀਆਂ ਜਮਾਤਾਂ ਉੱਤੇ ਅਨਾਜਾਂ ਦੇ ਭਾਵਾਂ ਵਿੱਚ ਵਾਧੇ ਦਾ ਭੈੜਾ ਪ੍ਰਭਾਵ ਪਿਆ ਹੈ। ਅੰਨ ਅਤੇ ਦਾਲਾਂ ਦੇ ਭਾਅ ਕਈ ਗੁਣਾਂ ਵੱਧ ਗਏ ਹਨ।

ਦਲਿਤ ਸ਼ੋਸ਼ਿਤ ਸਮਾਜ ਦੀ 80 ਪ੍ਰਤੀਸ਼ਤ ਅਬਾਦੀ ਪਿੰਡਾਂ ਵਿੱਚ ਵਸਦੀ ਹੈ। ਦਲਿਤ ਗਰੀਬਾਂ ਦਾ ਜੀਵਨ ਖਾਸ ਕਰ ਸ਼ਹਿਰਾਂ ਤੋਂ ਦੂਰ ਦੇ ਪਿੰਡਾਂ ਦੇ ਦਲਿਤਾਂ ਦਾ ਸਮੁੱਚਾ ਜੀਵਨ ਜਿਮੀਂਦਾਰਾਂ 'ਤੇ ਨਿਰਭਰ ਹੈ। ਜੀਵਨ ਨਿਰਬਾਹ ਲਈ ਦਲਿਤਾਂ ਨੂੰ ਸਿਰਫ ਹਾੜ੍ਹੀ ਸੌਣੀ ਹੀ ਕੰਮ ਮਿਲਦਾ ਹੈ, ਬਾਕੀ 10 ਮਹੀਨੇ ਉਹ ਬੇਰੋਜ਼ਗਾਰ ਰਹਿੰਦੇ ਹਨ। ਕੰਮ ਨਾ ਮਿਲਣ ਕਾਰਨ ਉਹ ਅਤਿ ਦੀ ਗਰੀਬੀ ਦਾ ਸ਼ਿਕਾਰ ਹਨ। ਸਰਕਾਰਾਂ ਨੇ ਆਪ ਕੋਈ ਉਦਯੋਗ ਤਾਂ ਸਥਾਪਿਤ ਕੀਤੇ ਨਹੀਂ ਸਗੋਂ ਸਰਕਾਰੀ ਉਦਯੋਗ ਵੀ ਧੜਾ ਧੜ ਕੰਪਨੀਆ ਨੂੰ ਵੇਚ ਰਹੀਆਂ ਹਨ। ਲਾ ਪਾ ਕੇ ਰੋਜਗਾਰ ਲਈ ਵਿਦੇਸ਼ੀ ਕੰਪਨੀਆਂ ਦੁਆਰਾ ਸਥਾਪਿਤ ਉਦਯੋਗ ਹੀ ਰਹਿ ਗਏ ਹਨ। ਪ੍ਰੰਤੂ ਵਿਦੇਸ਼ੀ ਕੰਪਨੀਆਂ ਦਾ ਦਲਿਤ ਸ਼ੋਸ਼ਿਤ ਮਜ਼ਦੂਰ ਸਮਾਜ ਨੂੰ ਤਦ ਹੀ ਫ਼ਾਇਦਾ ਹੋਵੇਗਾ, ਜੇਕਰ ਉਹਨਾਂ ਵਿੱਚ ਨੁਮਾਇੰਦਗੀ ਮਿਲੇ। ਨਹੀਂ ਤਾਂ ਨਿੱਜੀ ਕੰਪਨੀਆਂ ਵਿੱਚ ਵੀ ਸਭ ਕੁਝ ਸਵਰਨ ਹੀ ਸਮੇਟੀ ਜਾ ਰਹੇ ਹਨ।

ਦੇਸ਼ ਦੀ ਸੱਤਾ, ਸੰਮਤੀ ਅਤੇ ਸਮਾਜ 'ਤੇ ਪੂੰਜੀਪਤੀ ਅਤੇ ਸਮੰਤਵਾਦੀਆ ਦਾ ਗਲਬਾ ਵੱਧਦੇ ਜਾਣ ਕਾਰਨ ਦਲਿਤ ਸ਼ੋਸ਼ਿਤ ਮਜ਼ਦੂਰ ਕਿਸਾਨ ਦਾ ਸ਼ਿਕੰਜਾ ਦਿਨ ਪ੍ਰਤੀ ਦਿਨ ਹੋਰ ਵੀ ਕੱਸਦਾ ਜਾ ਰਿਹਾ ਹੈ। ਦੂਜੇ ਪਾਸੇ ਭਾਰਤੀ ਸਮਾਜ ਦਾ ਸਮੁੱਚਾ ਪ੍ਰਬੰਧ ਦਿਨ ਪ੍ਰਤੀ ਦਿਨ ਨਿਘਰਦਾ ਜਾ ਰਿਹਾ ਹੈ। ਕੁੱਲ ਮਿਲਾ ਕੇ ਪਾਰਲੀਮੈਂਟ ਵਲੋਂ ਪਾਸ ਕੀਤੇ ਗਏ ਕਿਸਾਨ ਤੇ ਮਜ਼ਦੂਰਾਂ ਸੁੰਧੀ ਬਿਲ/ਕਨੂੰਨ ਭਾਰਤੀ ਸੰਵਿਧਾਨ ਦੇ ਟੀਚੇ ਮੁਤਾਬਿਕ ਜਮਹੂਰੀ, ਧਰਮ-ਨਿਰਪੱਖ ਅਤੇ ਸਮਾਜਵਾਦੀ ਗਣਰਾਜ ਦੇ ਮੁੱਢਲੇ ਆਸ਼ਿਆਂ ਦੇ ਉਲਟ ਹਨ। ਇਸ ਲਈ ਇਹਨਾਂ ਉੱਤੇ ਦੁਬਾਰਾ ਵਿਚਾਰ ਕਰਨ ਦੀ ਲੋੜ ਹੈ।

# ਸਰਕਾਰਾਂ ਮੁਢਲੀਆਂ ਸਹੂਲਤਾਂ ਦੇਣ ਦਾ ਅਸਲੀ ਵਾਅਦਾ ਕਰਨ



ਮੇਜਰ ਸਿੰਘ ਨਾਭਾ
91-94635-53962

ਦੇਸ਼ ਆਜ਼ਾਦ ਹੋਇਆਂ ਸੱਤ ਦਹਾਕੇ ਤੋਂ ਵੱਧ ਸਮਾਂ ਹੋ ਗਿਆ ਅਜੇ ਤੱਕ ਦੇਸ਼ ਅੰਦਰ ਸੜਕਾਂ ਦੀ ਹਾਲਤ ਖਸਤਾ ਰੂਪ 'ਚ ਹੀ ਨਜ਼ਰ ਆ ਰਹੀ ਹੈ। ਪਰ ਦੇਸ਼ ਅੰਦਰ ਤਕਨੀਕੀ ਪੱਖੋਂ ਤਰੱਕੀ ਕਰਨ ਕਾਰਣ ਚਾਰ ਪਹੀਆ ਵਾਹਨਾਂ ਦੇ ਮਾਡਲ ਐਨੇ ਆਧੁਨਿਕ ਆ ਗਏ ਜਿਨ੍ਹਾਂ ਦੀ ਰਫਤਾਰ ਬਹੁਤ ਤੇਜ਼ ਹੈ ਪਰ ਇਨ੍ਹਾਂ ਦੇ ਚਲਣ ਲਈ ਯੋਗ ਸੜਕਾਂ ਦੀ ਘਾਟ ਹੈ, ਜਿਸ ਕਾਰਨ ਨਿੱਤ ਹੀ ਸੜਕਾਂ ਤੇ ਦੁਰਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ।ਪੰਜਾਬ ਦੀ ਗੱਲ ਕਰੀਏ ਤਾਂ ਚੋਣਾਂ ਵੇਲੇ ਸੱਤਾਧਾਰੀ ਪਾਰਟੀ ਨੇ ਸਟੇਜ਼ਾਂ ਤੇ ਵੱਡੇ-ਵੱਡੇ ਵਾਅਦੇ ਕੀਤੇ ਸੀ ਉਹ ਵੀ ਸੰਹੁਆਂ ਚੁੱਕ ਕੇ, ਪਰ ਰਾਜ ਅੰਦਰ ਵਿਕਾਸ ਵਾਲੀ ਕੋਈ ਗੱਲ ਨਹੀਂ ਕੀਤੀ ਗਈ ਜਦੋਂ ਕਿ ਅਗਲੀਆਂ ਚੋਣਾਂ ਸਿਰ ਤੇ ਆ ਗਈਆਂ ਨੇ।ਰਾਜ ਸਰਕਾਰਾਂ ਵਿਕਾਸ ਦੀ ਗੱਲ ਤਾਂ ਪਹਿਲਾਂ ਵੀ ਕਰਦੀਆ ਆ ਰਹੀਆਂ ਹਨ ਪਰ ਛੋਟੇ ਜਿਹੇ ਰਾਜ ਅੰਦਰ ਵਿਕਾਸ ਦਿੱਖ ਨਹੀਂ ਰਿਹਾ।ਪਿਛਲੀ ਸਰਕਾਰ ਨੇ ਪ੍ਰਮੁੱਖ ਸ਼ਹਿਰਾਂ ਨੂੰ ਟੋਲ ਪਲਾਜ਼ਿਆਂ ਵਾਲੀਆ ਸੜਕਾਂ ਨਾਲ ਜੋੜ ਕੇ ਬਹੁਤੀਆਂ ਸੜਕਾਂ ਬਣਾਉਣ ਦਾ ਕੰਮ ਪ੍ਰਾਈਵੇਟ ਕੰਪਨੀਆਂ ਤੋਂ ਕਰਵਾ ਤਾਂ ਲਿਆ ਪਰ ਮੁਰੰਮਤ ਕਰਨ ਆਦਿ ਦੇ ਕੰਮ ਦੀ ਜ਼ਿੰਮੇਵਾਰੀ ਤੋਂ ਪਾਸਾ ਵੱਟਿਆ ਹੋਇਆ ਹੈ। ਇਨ੍ਹਾਂ ਨਵੀਆਂ ਬਣੀਆਂ ਸੜਕਾਂ ਦੇ ਆਲੇ ਦੁਆਲੇ ਕੱਚੀ ਥਾਂ ਦੀ ਕੋਈ ਇਕਸਾਰਤਾ ਨਹੀਂ ਦਿੱਸਦੀ, ਨਾ ਹੀ ਅਵਾਰਾ ਡੰਗਰਾਂ ਤੋਂ ਬਚਾਅ ਲਈ ਉਚਿੱਤ ਵਾੜ / ਜੰਗਲੇ ਦਾ ਹੀ ਪੂਰਾ ਪ੍ਰਬੰਧ ਹੈ। ਸੜਕਾਂ ਤੇ ਰੋਜ਼ਾਨਾ ਅਨੇਕਾਂ ਹੀ ਜਾਨਵਰ ਵਾਹਨਾਂ ਨਾਲ ਟਕਰਾ ਕੇ ਮਰ ਜਾਂਦੇ ਹਨ ਜਿਨ੍ਹਾਂ ਨੂੰ ਚੁੱਕਣ ਦਾ ਕੋਈ ਪ੍ਰਬੰਧ ਨਹੀਂ ਜੋ ਕਿ ਗਲ ਸੜ੍ਹਕੇ ਬਦਬੂ ਫੈਲਾ ਕੇ ਹਵਾ ਨੂੰ ਪ੍ਰਦੂਸ਼ਿਤ ਕਰਦੇ ਹਨ। ਅਸੀਂ ਰੀਸਾਂ ਬਾਹਰਲੇ ਦੇਸ਼ਾਂ ਦੀਆਂ ਜਰੂਰ ਕਰ ਲੈਣੇ ਹਾਂ। ਅਜੇ ਇਨ੍ਹਾਂ ਟੋਲ ਸੜਕਾਂ ਵਿੱਚ ਆਉਂਦੇ ਸ਼ਹਿਰਾਂ 'ਚੌਂ ਲੰਘਣ ਲਈ ਸਾਰੇ ਥਾਵਾਂ ਤੇ ਪੁੱਲ ਨਹੀਂ ਬਣੇ, ਜਿਥੇ ਲੰਬਾ ਸਮਾਂ ਜਾਮ ਵਿੱਚ ਖੜ੍ਹਣਾ ਪੈਂਦਾ ਹੈ, ਪਰ ਟੋਲ ਪਹਿਲਾਂ ਹੀ ਸ਼ੁਰੂ ਕਰ ਦਿੱਤੇ ਜਾਂਦੇ ਹਨ ਪਰ ਹੁਣ ਪਿਛਲੇ ਸਾਲ ਤੋਂ ਕਿਸਾਨਾਂ ਦੇ ਸ਼ੰਘਰਸ਼ ਕਾਰਨ ਟੋਲ ਪਲਾਜ਼ਾ ਬੰਦ ਪਏ ਹਨ ਜਿਸ ਨਾਲ ਲੱਖਾਂ ਲੋਕਾਂ ਨੂੰ ਹਰ ਰੋਜ਼ ਫਾਇਦਾ ਹੋ ਰਿਹਾ ਹੈ। ਟੋਲ ਸੜਕਾਂ ਦਾ ਟੁੱਟਣਾ ਵੀ ਆਮ ਵਰਤਾਰਾ ਹੈ ਸੋ ਰੌਜ਼ਾਨਾ ਸਬੰਧਤ ਕੰਪਨੀ ਵਲੋਂ ਸੜਕਾਂ ਦੀ ਚੈਕਿੰਗ ਹੋਣੀ ਚਾਹੀਦੀ ਹੈ ਜਿਥੇ ਕਿਤੇ ਕੋਈ ਸੜਕ ਟੁੱਟਣ ਦੀ ਸੰਭਾਵਨਾ ਹੋਵੇ ਤੁਰੰਤ ਉੱਥੇ ਮੁਰੰਮਤ ਕੀਤੀ ਜਾਵੇ ਤਾਂ ਜੋ ਵੱਡਾ ਟੋਆ ਨਾ ਪਵੇ,ਮੀਂਹ ਪੈਣ ਤੋਂ ਬਾਅਦ ਆਮ ਕਮਜੋਰ ਥਾਵਾਂ ਤੋਂ ਸੜਕ ਟੁੱਟ ਕੇ ਟੋਏ ਪੈ ਜਾਂਦੇ ਹਨ ਪਰ ਇਨ੍ਹਾਂ ਵੱਲ ਕੋਈ ਧਿਆਨ ਨਹੀਂ ਦਿੰਦਾ ਜਿਸ ਕਾਰਣ ਕਈ ਵਾਰ ਹਾਦਸੇ ਵਾਪਰ ਜਾਂਦੇ ਹਨ ਤੇ ਲੋਕ ਇਸ ਨੂੰ ਵੀ ਕੁਦਰਤ ਦਾ ਭਾਣਾ ਮੰਨ ਲੈਂਦੇ ਹਨ ।ਇਸੇ ਤਰ੍ਹਾਂ ਸੜਕਾਂ ਦੇ ਕਿਨਾਰਿਆਂ ਤੇ ਖੜ੍ਹੇ ਦਰਖਤਾਂ ਜਾਂ ਝਾੜੀਆਂ ਦੀਆਂ ਟਾਹਣੀਆਂ ਖਾਸ ਕਰਕੇ ਬਰਸਾਤ ਦੇ ਦਿਨਾਂ ਵਿੱਚ ਦੋ ਪਹੀਆ ਵਾਹਨਾਂ ਲਈ ਕਈ ਵਾਰੀ ਦੁਰਘਟਨਾ ਵਾਪਰਨ ਦਾ ਕਾਰਨ ਬਣਦੀਆਂ ਹਨ। ਸੜਕ ਉੱਪਰ ਕੋਈ ਵੀ ਟਾਹਣੀ ਨੇੜੇ ਨਹੀਂ ਹੋਣੀ ਚਾਹੀਦੀ ਤਾਂ ਜੋ ਟਰੈਫਿਕ ਨਿਰਵਿਘਨ ਚਲਦੀ ਰਹੇ।ਇਸ ਸਰਕਾਰ ਦਾ ਸੜਕਾਂ ਵੱਲ ਕੋਈ ਧਿਆਨ ਹੀ ਨਹੀਂ ।ਇਤਿਹਾਸਕ ਸ਼ਹਿਰ ਨਾਭਾ ਦੇ ਲੋਕ ਸ਼ਹਿਰ ਦੇ ਆਲੇ ਦੁਆਲੇ ਦੀਆਂ ਸੜਕਾਂ ਦੀ ਮਾੜੀ ਹਾਲਤ ਤੋਂ ਅਤਿ ਦੁੱਖੀ ਹੋ ਕੇ ਇਨ੍ਹਾਂ ਸੜਕਾਂ ਤੋਂ ਲੰਘਦੇ ਹਨ।ਪਰ ਸ਼ਹਿਰ ਦੇ ਮੰਤਰੀ ਹੋਣ ਦੇ ਬਾਵਜੂਦ ਇਹ ਸੜਕਾਂ ਸਾਢੇ ਚਾਰ ਸਾਲਾਂ 'ਚ ਨਹੀਂ ਬਣ ਸਕੀਆਂ ਜਦੋਂ ਕਿ ਇੱਕ ਮੰਤਰੀ ਲਈ ਇਹ ਕੋਈ ਵੱਡੀ ਗੱਲ ਨਹੀਂ ,ਸਗੋਂ ਜੇ ਸ਼ਹਿਰ ਦੀ ਹਾਲਤ ਵਿਕਾਸ ਵਲੋਂ ਜਿਹੋ ਜਿਹੀ ਹੋਵੇਗੀ ਤਾਂ ਹਲਕੇ ਦੇ ਐਮ.ਐਲ.ਏ. ਦੀ ਚੋਣ ਸਮੇਂ ਇਸ ਦਾ ਅਸਰ ਵੀ ਉਹੋ ਜਿਹਾ ਹੀ ਹੋਵੇਗਾ।ਸੋ ਇਸ ਇਤਿਹਾਸਕ ਸ਼ਹਿਰ ਵੱਲ ਧਿਆਨ ਦੇਣਾ ਚਾਹੀਦਾ ਹੈ। ਕੁਝ ਦਿਨ ਪਹਿਲਾਂ ਲੁਧਿਆਣੇ ਗਿਆ ਤਾਂ ਸ਼ਹਿਰ ਵੜ੍ਹਦਿਆਂ ਹੀ ਟੋਇਆਂ ਨੇ ਸੁਆਗਤ ਕਰਨਾ ਸ਼ੁਰੂ ਕਰ ਦਿੱਤਾ। ਦੁੱਗਰੀ ਰੋਡ ਦਾ ਨਜ਼ਾਰਾ ਮੀਂਹ ਪੈਣ ਕਾਰਨ ਬੜਾ ਦਰਦਨਾਕ ਸੀ, ਗੱਡੀ ਕਈ ਫੁੱਟ ਡੂੰਘੇ ਟੋਇਆਂ 'ਚੋਂ ਲੰਘਾਉਣੀ ਪਈ ,ਉਹ ਵੀ ਤੰਗ ਰਸਤੇ ਵਿੱਚੋਂ। ਐਡੇ ਵੱਡੇ ਸ਼ਹਿਰ 'ਚ ਮਿਊਂਸਪਲ ਕਾਰਪੋਰੇਸਨ ਹੋਣ ਵਾਲੀ ਕੋਈ ਗੱਲ ਨਹੀਂ ਜਾਪੀ।ਸਰਕਾਰ ਦਾ ਮੁਢਲੀਆਂ ਸਹੂਲਤਾਂ ਪ੍ਰਤੀ ਗੰਭੀਰ ਹੋਣਾ ਆ ਰਹੀਆਂ ਚੋਣਾਂ 'ਚ ਮੁੱਖ ਮੁੱਦਾ ਹੋਣਾ ਚਾਹੀਦਾ ਹੈ।

ਰਾਜ ਅੰਦਰ ਮੇਨ ਸੜਕਾਂ ਤੇ ਉੱਚਿਤ ਥਾਵਾਂ ਤੇ ਚਿੱਟੀਆਂ, ਪੀਲੀਆਂ, ਕਾਲੀਆਂ, ਪੱਟੀਆਂ ਦੇ ਨਿਸ਼ਾਨ ਅਧੂਰੇ ਪਏ ਰਹਿੰਦੇ ਹਨ,ਜੋ ਦੁਰਘਟਨਾਵਾਂ ਨੂੰ ਸੱਦਾ ਦਿੰਦੇ ਹਨ। ਉੱਚਿਤ ਥਾਵਾਂ ਤੇ ਉਨ੍ਹਾਂ ਨੂੰ ਦਰਸਾਉਣ ਲਈ ਸਾਈਨ ਬੋਰਡ ਲਾਏ ਜਾਣੇ ਚਾਹੀਦੇ ਹਨ ਤਾਂ ਜੋ ਕੋਈ ਗਲਤ ਥਾਂ ਜਾਂ ਰਸਤੇ ਤੇ ਨਾ ਜਾ ਸਕੇ। ਇਸ ਤਰ੍ਹਾਂ ਕਈ ਵਾਰੀ ਸਮੇਂ ਦੀ ਬਰਬਾਦੀ ਹੁੰਦੀ ਹੈ। ਪਿੰਡਾਂ ਦੀਆਂ ਲਿੰਕ ਸੜਕਾਂ ਦਾ ਮਾੜਾ ਹਾਲ ਹੈ ।ਪਿੰਡਾਂ ਦੀਆਂ ਫਿਰ-ਨੀਆਂ ਦੁਆਲੇ ਪਾਣੀ ਪਿਛਲੇ ਸਮਿਆਂ ਤੋਂ ਖੜ੍ਹਦਾ ਆ ਰਿਹਾ ਹੈ, ਸੜਕਾਂ ਉੱਚੀਆਂ ਕਰ ਦਿੱਤੀਆਂ ਜਾਦੀਆਂ ਹਨ ਪਰ ਪਾਣੀ ਦੀ ਨਿਕਾਸੀ ਦਾ ਉੱਚਿਤ ਪ੍ਰਬੰਧ ਨਾ ਹੋਣ ਕਾਰਨ ਥੌੜ੍ਹੇ ਸਾਲਾਂ ਬਾਅਦ ਫਿਰ ਪਾਣੀ ਖੜ੍ਹਣ ਲੱਗ ਜਾਂਦਾ ਹੈ।ਇਹ ਸਮੱਸਿਆ ਤਕਰੀਬਨ ਸਾਰੇ ਪਿੰਡਾਂ ਦੀ ਹੀ ਹੈ।

ਪਿੰਡਾਂ ਦੀਆਂ ਗਲੀਆ ਨਾਲੀਆਂ ਦਾ ਪਾਣੀ ਖਪਤ ਕਰਨ ਲਈ ਸਰਕਾਰ ਵਲੋਂ ਪਿੰਡਾਂ ਨੂੰ ਵਧੀਆ ਸਿਸਟਮ ਦੇਕੇ ਇਸ ਪਾਣੀ ਦੀ ਖੇਤਾਂ ਲਈ ਸਿੰਜਾਈ ਕਰਨ ਲਈ ਮਸੀਨਰੀ ਉਪਲੱਭਦ ਕਰਾਈ ਜਾਵੇ, ਜਿਸ ਨਾਲ ਇਹ ਮਸਲਾ ਹੱਲ ਅਤੇ ਆਮਦਨ ਦਾ ਸਾਧਨ ਵੀ ਬਣ ਸਕਦਾ ਹੈ।

ਸਾਨੂੰ ਆਪਣੀ ਸੋਚ ਨੂੰ ਬਦਲਣ ਅਤੇ ਜਾਗਰੂਕ ਹੋਣ ਦੀ ਲੋੜ ਹੈ ਤਾਂ ਕਿ ਅਸੀਂ 'ਚਲੋ ਆਪਾਂ ਕੀ ਲੈਣਾ' ਦੀ ਬਜਾਇ ਬਣਦੀਆਂ ਸਹੂਲਤਾਂ ਲੈਣ ਲਈ ਅੱਗੇ ਆਈਏ ਕਿਉਂਕਿ ਅਸੀਂ ਟੈਕਸ ਦੇ ਰਹੇ ਹਾਂ ,ਜੇ ਪੂਰੀਆਂ ਸਹੂਲਤਾਂ ਨਹੀਂ ਤਾਂ ਟੈਕਸ ਕਾਹਦਾ । ਜੇ ਹਰ ਰੋਜ਼ ਟੈਕਸ ਦਿੰਦੇ ਹਾਂ ਤਾਂ ਹਰ ਰੋਜ਼ ਸੜਕ ਤੋਂ ਲੰਘਣ ਲਈ ਸੜਕ ਵੀ ਸਾਫ ਅਤੇ ਰੁਕ-ਾਵਟ ਰਹਿਤ ਹੋਣੀ ਚਾਹੀਦੀ ਹੈ। ਸਰਕਾਰ ਨੇ ਜਦੋਂ ਆਪ ਇਨ੍ਹਾਂ ਸੜਕਾਂ ਤੇ ਕੋਈ ਪੈਸਾ ਨਹੀਂ ਖਰਚਣਾ ਤਾਂ ਇਨ੍ਹਾਂ ਪ੍ਰਾਈਵੇਟ ਠੇਕੇਦਾਰਾਂ ਤੋਂ ਅਜੇ ਤਾਂ ਕੋਈ ਆਸ ਨਹੀਂ ਲੱਗਦੀ ਕਿ ਪੰਜਾਬ ਅੰਦਰ ਸੜਕਾਂ ਦੀ ਦਸ਼ਾ ਸੁਧਰ ਜਾਣ ਦਾ ਸਮਾਂ ਵੀ ਆਵੇਗਾ। ਲਿੰਕ ਸੜਕਾਂ ਦਾ ਵੀ ਮਾੜਾ ਹਾਲ ਹੈ ਜਦੋਂ ਇਹ ਬਿਲਕੁਲ ਖਸਤਾ ਹੋ ਜਾਂਦੀਆਂ ਹਨ ਤਾਂ ਵੀ ਮਹਿਕਮੇ ਵਾਲੇ ਸਾਰ ਨਹੀਂ ਲੈਂਦੇ ਨੇ। ਟੈਕਸ ਦੇਣੇ ਔਖੇ ਨਹੀਂ ਲੱਗਦੇ ਜੇਕਰ ਉਹ ਸਰਕਾਰ ਕੋਲ ਜਾਣ ਪਰ ਇਹ ਪ੍ਰਾਈਵੇਟ ਕੰਪਨੀਆਂ ਕੋਲ ਕਰੋੜਾਂ ਰੁਪਏ ਪੰਜਾਬ ਤੋਂ ਬਾਹਰ ਰੌਜ਼ਾਨਾ ਜਾ ਰਿਹਾ ਸੀ ਭਾਵੇਂ ਇਸ ਸਮੇਂ ਕਿਸਾਨ ਅੰਦੋਲਨ ਕਾਰਨ ਇਹ ਟੋਲ ਪਲਾਜ਼ਾ ਬੰਦ ਪਏ ਨੇ,ਪਰ ਆਖਿਰ ਨੂੰ ਚਲ ਹੀ ਪੈਣੇ ਹਨ, ਜੋ ਕਿ ਪੰਜਾਬ ਦੇ ਵਿਕਾਸ ਲਈ ਘਾਟਾ ਪਾ ਰਿਹਾ ਹੈ।

ਸੋ ਸਰਕਾਰ ਨੂੰ ਇਨ੍ਹਾਂ ਸੜਕਾਂ ਦੀਆਂ ਬਣਦੀਆਂ ਸਹੂਲਤਾਂ ਦੇਣ ਦੀ ਜ਼ਿੰਮੇਵਾਰੀ ਨੂੰ ਪਹਿਲ ਦੇ ਆਧਾਰ ਤੇ ਸੜਕਾਂ ਤੇ ਕੰਮ ਕਰਵਾਉਣਾ ਚਾਹੀਦਾ ਹੈ। ਹਰੇਕ ਸ਼ਹਿਰ ਦੇ ਪਾਣੀ ਦੀ ਨਿਕਾਸੀ ਦੀ ਸਮੱਸਿਆ ਜਿਉਂ ਦੀ ਤਿਉਂ ਖੜ੍ਹੀ ਨਜ਼ਰ ਆ ਰਹੀ ਹੈ ਭਾਵੇਂ ਕਈ ਕਈ ਵਾਰ ਕਈ ਸ਼ਹਿਰਾਂ 'ਚ ਸੀਵਰੇਜ਼ ਵੀ ਪੈ ਚੁੱਕੇ ਹਨ।ਇਸ ਮਸਲੇ ਨੂੰ ਗੰਭੀਰਤਾ ਨਾਲ ਲੈ ਕੇ ਹੱਲ ਕਰਨਾ ਚਾਹੀਦਾ ਹੈ। ਆਸ ਹੈ ਨਵੀਂ ਸਰਕਾਰ ਹੋਰਾਂ ਰਾਜਾਂ ਦੇ ਮੁਕਾਬਲੇ ਪੰਜਾਬ ਦੀ ਗਿਰ ਰਹੀ ਸਾਖ ਨੂੰ ਬਚਾਉਣ ਦਾ ਯਤਨ ਕਰੇਗੀ।



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

**NEW & USED TIRES**
**WASH, LUBE, BRAKES**

Call:
650-642-0697

**3525 Highway 99, West Corning, CA 96021**
Across the Street from TA Truck Stop